SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

# ਹਫਤਾਵਾਰੀ ਦੇਸ਼ ਦੁਆਬਾ

VOL - 9 ISSUE - 42
January 27, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਕਿਸਾਨਾਂ ਨੇ ਲਹਿਰਾਇਆ ਲਾਲ ਕਿਲੇ 'ਤੇ ਖਾਲਸਾਈ ਤੇ ਕਿਸਾਨੀ ਝੰਡਾ




**ਨਵੀਂ ਦਿੱਲੀ–** ਦਿੱਲੀ ਵਿੱਚ ਦਾਖਲ ਹੋਏ ਕਿਸਾਨ ਸਾਰੀਆਂ ਰੋਕਾਂ ਤੋੜ ਕੇ ਲਾਲ ਕਿਲੇ ਵਿੱਚ ਪ੍ਰੁੱਜ ਗਏ ਤੇ ਉਹਨਾਂ ਨੇ ਉਥੇ ਆਪਣਾ ਝੰਡਾ ਲਹਿਰਾ ਦਿੱਤਾ। ਉਹਨਾਂ ਨਾਲ ਔਰਤਾਂ ਵੀ ਸਨ। ਪੁਲਿਸ ਨੇ ਡੇਢ ਘੰਟੇ ਦੀ ਜੱਦੋ-ਜਹਿਦ ਬਾਅਦ ਕਿਸਾਨਾਂ ਨੂੰ ਲਾਲ ਕਿਲੇ ਵਿੱਚੋਂ ਹਟਾ ਦਿੱਤਾ। ਇਸ ਲਈ ਉਸ ਨੇ ਲਾਠੀਚਾਰਜ ਵੀ ਕੀਤਾ। ਇਸ ਤੋਂ ਪਹਿਲਾਂ ਉਹਨਾਂ ਦੀ ਆਈਟੀਓ ਵਿੱਚ ਪੁਲੀਸ ਨਾਲ ਝੜਪ ਹੋਈ। ਆਈਟੀਓ ਵਿੱਚ ਟਰੈਕਟਰ ਪਲਟਣ ਕਾਰਨ ਕਿਸਾਨ ਦੀ ਮੌਤ ਹੋ ਗਈ। ਉਹ ਉੱਤਰਾਖੰਡ ਦੇ ਰਾਮਪੁਰ ਦੀ ਬਿਲਾਸਪੁਰ ਤਹਿਸੀਲ ਦੇ ਪਿੰਡ ਡਿਬਡਿਬੇ ਦਾ ਵਾਸੀ ਸੀ। ਇਸ ਤੋਂ ਪਹਿਲਾਂ ਮਕਰਬਾ ਚੌਕ ਤੱਕ ਪੁੱਜੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲੀਸ ਨੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ । **(ਸਬੰਧਿਤ ਖਬਰ ਅੰਦਰ ਦੇਖੋ)**

# ਨਵੇਂ ਅਮਰੀਕੀ ਰਾਸ਼ਟਰਪਤੀ ਲਈ ਚੁਣੌਤੀਆਂ ਭਰਪੂਰ ਹੋਵੇਗਾ ਕਾਰਜਕਾਲ

## ਅਗਲੇ ਕੁਝ ਦਿਨਾਂ ਵਿਚ ਵਾਤਾਵਰਨ, ਵਿਸ਼ਵ ਸਿਹਤ ਸੰਗਠਨ ਤੇ ਇਮੀਗਰੇਸ਼ਨ ਨਾਲ ਸਬੰਧਤ 20 ਦੇ ਕਰੀਬ ਅਜਿਹੇ ਆਦੇਸ਼ਾਂ ਉਪਰ ਦਸਤਖਤ ਕਰਨਗੇ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ 46 ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਡੈਮੋਕਰੈਟਿਕ ਆਗੂ ਜੋਅ ਬਾਇਡੇਨ ਲਈ 4 ਸਾਲ ਦਾ ਕਾਰਜਕਾਲ ਬਹੁਤ ਹੀ ਚੁਣੌਤੀਆਂ ਭਰਪੂਰ ਹੋਵੇਗਾ। ਉਸ ਨੂੰ ਕੌਮਾਂਤਰੀ ਪੱਧਰ ਦੇ ਨਾਲ ਨਾਲ ਕੌਮੀ ਪੱਧਰ ਉਪਰ ਵੀ ਬਹੁਤ ਸਾਰੀਆਂ ਚੁਣੌਤੀਆਂ ਨਾਲ ਦੋ ਚਾਰ ਹੋਣਾ ਪਵੇਗਾ। ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਮਰੀਕੀ ਸਮਾਜ ਵਿਚ ਖਿਲਾਰੇ ਕੰਡਿਆਂ ਨੂੰ ਚੁੱਗਣਾ ਪਵੇਗਾ। ਸਭ ਤੋਂ ਵੱਡੀ ਕੌਮੀ ਸਮੱਸਿਆ ਅਮਰੀਕੀਆਂ ਵਿਚ 'ਗੋਰਿਆਂ ਦੀ ਸੁਪਰਮੇਸੀ' ਨੂੰ ਲੈ ਕੇ ਹੋਈ ਵੰਡ ਦੀ ਹੈ। ਅੱਜ ਅਮਰੀਕਾ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ 'ਗੋਰਿਆਂ ਦੀ ਸੁਪਰਮੇਸੀ' ਨੂੰ ਨਿਰੰਤਰ ਸ਼ਹਿ ਦਿੱਤੀ ਜਿਸ ਦਾ ਸਿੱਟਾ ਇਹ ਹੋਇਆ ਕਿ ਅਫ਼ਰੀਕੀ ਮੂਲ ਦੇ ਕਾਲੇ , ਏਸ਼ੀਆ ਦੇ ਕਣਕ ਵੰਨੇ

**(ਬਾਕੀ ਸਫਾ 20 'ਤੇ)**

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave. San Leandro.CA 94577


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਰਾਸ਼ਟਰਪਤੀ ਜੋਅ ਬਾਇਡੇਨ ਨੇ ਬਿਨਾਂ ਦਸਤਾਵੇਜ਼ ਵਾਲੇ ਪਰਵਾਸੀਆਂ ਨੂੰ ਦਿੱਤੀ ਵੱਡੀ ਰਾਹਤ, ਦੇਸ਼ ਨਿਕਾਲੇ ਉਪਰ ਲਾਈ ਰੋਕ

**ਸੈਕਰਾਮੈਂਟੋ, ਕੈਲੀਫੋਰਨੀਆ 22 ਜਨਵਰੀ–** ਰਾਸ਼ਟਰਪਤੀ ਜੋਅ ਬਾਇਡੇਨ ਪ੍ਰਸ਼ਾਸਨ ਨੇ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਨੂੰ ਰਾਹਤ ਦਿੰਦਿਆਂ ਜਾਰੀ ਇਕ ਪੱਤਰ ਵਿਚ ਉਹਨਾਂ ਦੇ ਦੇਸ਼ ਨਿਕਾਲੇ ਉਪਰ 100 ਦਿਨਾਂ ਲਈ ਰੋਕ ਲਾ ਦਿੱਤੀ ਹੈ। ਕਾਰਜਕਾਰੀ ਹੋਮ ਲੈਂਡ ਸਕਿਉਰਿਟੀ ਸਕੱਤਰ ਡੇਵਿਡ ਪੇਕੋਸਕੇ ਵੱਲੋਂ ਬਾਇਡੇਨ ਵੱਲੋਂ ਸਹੁੰ ਚੁੱਕਣ ਦੇ ਕੁਝ ਘੰਟਿਆਂ ਬਾਅਦ ਜਾਰੀ ਇਸ ਪੱਤਰ ਵਿਚ ਪਰਵਾਸੀਆਂ ਦੇ ਦੇਸ਼ ਨਿਕਾਲੇ ਉਪਰ ਤੁਰੰਤ ਰੋਕ ਲਾਉਣ ਲਈ ਕਿਹਾ ਗਿਆ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਪਰਵਾਸੀਆਂ ਸਬੰਧੀ ਇਮੀਗਰੇਸ਼ਨ ਨੀਤੀਆਂ ਤੇ ਅਮਲ ਉਪਰ ਨਜ਼ਰਸਾਨੀ ਕੀਤੀ ਜਾ ਰਹੀ ਹੈ। ਇਸ ਲਈ ਕਿਸੇ ਵੀ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ। ਪੱਤਰ ਵਿਚ ਕਿਹਾ ਗਿਆ ਹੈ ਕਿ 'ਅਮਰੀਕਾ ਦੱਖਣ ਪੱਛਮੀ ਸਰਹੱਦ ਉਪਰ ਸਦੀ ਦੀ ਗੰਭੀਰ ਸਿਹਤ ਸੰਕਟ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ ਇਸ ਹਾਲਾਤ ਵਿਚ ਵਿਭਾਗ ਸੁਰੱਖਿਅਤ, ਕਾਨੂੰਨੀ ਤੇ ਸੁਚਾਰੂ ਪ੍ਰਕਿਰਿਆ ਨੂੰ ਯਕੀਨੀ ਬਣਾਵੇ ਤੇ ਇਕ ਨਿਆਂਸੰਗਤ ਤੇ ਪ੍ਰਭਾਵਸ਼ਾਲੀ ਸ਼ਰਨ ਪ੍ਰਕਿਰਿਆ ਬਣਾਈ ਜਾਵੇ ਜਿਸ ਤਹਿਤ ਮਨੁੱਖੀ ਅਧਿਕਾਰਾਂ ਨੂੰ ਮਾਣ ਸਨਮਾਨ ਦਿੱਤਾ ਜਾਵੇ।'' ਪੱਤਰ ਅਨੁਸਾਰ "ਜੋ ਦਹਿਸ਼ਤਵਾਦ ਜਾਂ ਜਸੂਸੀ ਵਰਗੇ ਮਾਮਲਿਆਂ ਵਿਚ ਸ਼ੱਕੀ ਹਨ ਤੇ ਉਹ ਨਵੰਬਰ 1, 2020 ਤੱਕ ਅਮਰੀਕਾ ਵਿਚ



ਮੌਜੂਦ ਨਹੀਂ ਸਨ ਜਾਂ ਜਿਹਨਾਂ ਨੇ ਇਛੁੱਕ ਤੌਰ 'ਤੇ ਅਮਰੀਕਾ ਵਿਚ ਰਹਿਣ ਦਾ ਅਧਿਕਾਰ ਗਵਾ ਲਿਆ ਹੋਵੇ, ਉਹ ਕਿਸੇ ਵੀ ਰਿਆਇਤ ਦੇ ਯੋਗ ਨਹੀਂ ਹਨ ਉਹਨਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ।''

ਇਥੇ ਜਿਕਰ ਯੋਗ ਹੈ ਕਿ ਬਾਇਡੇਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਇਮੀਗਰੇਸ਼ਨ ਸਬੰਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਨੂੰ ਉਲਟਾ ਦਿੱਤਾ ਹੈ ਜਿਹਨਾਂ ਵਿਚ ਬਾਰਡਰ ਉਪਰ ਕੰਧ ਬਣਾਉਣਾ ਤੇ ਅਨੇਕਾਂ ਮੁਸਲਮਾਨ ਬਹੁਗਿਣਤੀ ਵਾਲੇ ਦੇਸ਼ਾਂ ਉਪਰ ਲੱਗੀਆਂ ਯਾਤਰਾ ਪਾਬੰਦੀਆਂ ਨੂੰ ਹਟਾਉਣਾ ਵੀ ਸ਼ਾਮਿਲ ਹੈ। ਬਾਇਡੇਨ ਪ੍ਰਸ਼ਾਸਨ ਇਮੀਗ੍ਰੇਸ਼ਨ ਸੁਧਾਰ ਪ੍ਰਸਤਾਵ ਵੀ ਲੈ ਕੇ ਆ ਰਿਹਾ ਹੈ ਜੋ ਆਉਣ ਵਾਲੇ ਕੁਝ ਦਿਨਾਂ ਦੌਰਾਨ ਕਾਂਗਰਸ ਵਿਚ ਪੇਸ਼ ਕੀਤਾ ਜਾਵੇਗਾ।

# ਮੈਂ ਭਾਈਚਾਰੇ ਲਈ ਸੰਭਾਵਨਾਵਾਂ ਨੂੰ ਯਕੀਨੀ ਬਣਾਵਾਂਗੀ- ਕਮਲਾ ਹੈਰਿਸ

## ਏਸ਼ੀਅਨ ਅਮਰੀਕਨਾਂ ਵੱਲੋਂ ਉਪ ਰਾਸ਼ਟਰਪਤੀ ਬਣਨ ਦੀ ਖੁਸ਼ੀ ਵਿਚ ਸਮਾਗਮ

**ਕੈਲੀਫੋਰਨੀਆ 23 ਜਨਵਰੀ–** ਕਮਲਾ ਹੈਰਿਸ ਦੇ ਉਪ ਰਾਸ਼ਟਰਪਤੀ ਬਣਨ ਦੀ ਖੁਸ਼ੀ ਵਿਚ ਏਸ਼ੀਅਨ ਅਮਰੀਕਨਾਂ ਵੱਲੋਂ ਨਿਊਯਾਰਕ ਵਿਚ ਕਰਵਾਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਹੈਰਿਸ ਨੇ ਕਿਹਾ ਕਿ ਉਹ ਭਾਈਚਾਰੇ ਲਈ ਸੰਭਾਵਨਾਵਾਂ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸਮਾਜ ਲਈ ਕੰਮ ਕਰਨ ਦੀ ਸਿੱਖਿਆ ਮੈ ਆਪਣੀ ਮਾਂ ਕੋਲੋਂ ਲਈ ਹੈ। ਏਸ਼ੀਅਨ ਅਮੈਰੀਕਨ ਆਈਸਲੈਂਡਰ ਬਾਲ ਵੱਲੋਂ ਕਰਵਾਇਆ ਇਹ ਸਮਾਗਮ ਕੋਵਿਡ-19 ਕਾਰਨ ਵਰਚੂਅਲ ਹੋਇਆ। ਹੈਰਿਸ ਨੇ ਕਿਹਾ ਕਿ ਮੇਰੀ ਮਾਂ ਸ਼ਿਆਮਾਲਾ ਗੋਪਾਲਨ ਭਾਰਤ ਤੋਂ ਅਮਰੀਕਾ ਆਈ ਸੀ ਜਿਸ ਨੇ ਮੇਰੀ ਭੈਣ ਮਾਇਆ ਤੇ ਮੈਨੂੰ ਪਾਲਿਆ ਪੋਸਿਆ। ਮੇਰੀ ਮਾਂ ਜਾਣਦੀ ਸੀ ਕਿ ਅਸੀਂ ਪਹਿਲੀਆਂ ਤਾਂ ਹੋ ਸਕਦੀਆਂ ਹਾਂ ਪਰ ਆਖਰੀ ਨਹੀਂ। ਇਹ ਸਬਕ ਮੈ ਜੀਵਨ ਭਰ ਲਈ ਪਲੇ ਬੰਨ੍ਹ ਲਿਆ ਹੈ। ਉਨ੍ਹਾਂ ਕਿਹਾ ਕਿ ਤੁਹਾਡੇ ਵੱਲੋਂ ਮੇਰੇ ਵਿਚ ਰੱਖੇ ਗਏ ਨਿਰੰਤਰ ਵਿਸ਼ਵਾਸ ਸਦਕਾ ਹੀ ਉਹ ਇਸ ਮੁਕਾਮ ਉਪਰ ਪਹੁੰਚੀ ਹੈ। ਜਦੋਂ ਮੈ ਉਪ ਰਾਸ਼ਟਰਪਤੀ ਵਜੋਂ ਨਾਮਜ਼ਦ ਹੋਣ ਲਈ



ਸਹਿਮਤ ਹੋਈ ਸੀ ਤਾਂ ਮੈ ਇਸ ਗੱਲ ਲਈ ਪੂਰੀ ਤਰਾਂ ਦ੍ਰਿੜ ਸੰਕਲਪ ਸੀ ਕਿ ਮਜ਼ਬੂਤ ਤੇ ਇਕਜੁੱਟ ਅਮਰੀਕਾ ਹੀ ਸਾਰਿਆਂ ਲਈ ਅਵਸਰ ਪ੍ਰਦਾਨ ਕਰ ਸਕਦਾ ਹੈ। ਅਸੀਂ ਹਮੇਸ਼ਾਂ ਅਮਰੀਕੀਆਂ ਦੀ ਇਕਜੁੱਟਤਾ ਲਈ ਕੰਮ ਕੀਤਾ ਹੈ ਤੇ ਕਰਦੇ ਰਹਾਂਗੇ। ਇੰਪੈਕਟ ਦੇ ਸਹਿ ਸੰਸਥਾਪਕ ਰਾਜ ਗੋਇਲ ਨੇ ਕਿਹਾ ਕਿ ਉਹ ਖੁਸ਼ ਹਨ ਕਿ ਭਾਰਤੀ ਤੇਜੀ ਨਾਲ ਅੱਗੇ ਵਧੇ ਹਨ ਤੇ ਹੁਣ ਸਾਡੀ ਵਿਰਾਸਤ ਵਿਚੋਂ ਉਪ ਰਾਸ਼ਟਰਪਤੀ ਬਣੀ ਹੈ। ਉਨ੍ਹਾਂ ਆਪਣੇ ਅੰਦਾਜ਼ ਵਿਚ ਕਿਹਾ ਅਸੀਂ ਨਹੀਂ ਸੀ ਜਾਣਦੇ ਕਿ ਅਸੀਂ ਦੇਸੀ ਲੋਕ ਏਨੀ ਤੇਜੀ ਨਾਲ ਰਾਸ਼ਟਰ ਪੱਧਰ ਉਪਰ ਪਹੁੰਚ ਜਾਵਾਂਗੇ।

ਉਨ੍ਹਾਂ ਕਿਹਾ ਜਦੋਂ ਮੈ 2006 ਵਿਚ ਕਨਸਾਸ ਵਿਧਾਨ ਸਭਾ ਲਈ ਚੁਣਿਆ ਗਿਆ ਸੀ ਤਾਂ ਇਹ ਮੇਰੇ ਲਈ ਕਲਪਨਾ ਤੋਂ ਬਾਹਰ ਦੀ ਗੱਲ ਸੀ। ਅਸੀਂ ਬਹੁਤ ਥੋੜੇ ਸਮੇਂ ਵਿਚ ਇਸ ਮੁਕਾਮ ਉਪਰ ਪੁੱਜੇ ਹਾਂ। ਇਸ ਮੌਕੇ ਬੰਗਲਾਦੇਸ਼ੀ ਮੂਲ ਦੇ ਅਮਰੀਕੀ ਗਾਇਕ ਐਰੀ ਆਸਫ ਨੇ ਇਕ ਗੀਤ ਗਾ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ। ਸਮਾਗਮ ਨਾਲ ਜੁੜੇ ਲੋਕਾਂ ਨੇ ਹੈਰਿਸ ਦੀ ਜਿੱਤ ਲਈ ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਤੇ ਖੁਸ਼ੀ ਦਾ ਇਜ਼ਹਾਰ ਕੀਤਾ।

# ਨਿਊਯਾਰਕ ਵਿਚ ਹੈਲੀਕਾਪਟਰ ਹਾਦਸਾਗ੍ਰਸਤ, 3 ਨੈਸ਼ਨਲ ਗਾਰਡ ਸੈਨਿਕਾਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ 22 ਜਨਵਰੀ–** ਨਿਊਯਾਰਕ ਵਿਚ ਇਕ ਹੈਲੀਕਾਪਟਰ ਹਾਦਸਾਗ੍ਰਸਤ ਹੋਣ ਨਾਲ 3 ਨੈਸ਼ਨਲ ਗਾਰਡ ਸੈਨਿਕਾਂ ਦੀ ਮੌਤ ਹੋ ਗਈ। ਨਿਊਯਾਰਕ ਸਟੇਟ ਡਵੀਜ਼ਨ ਮਿਲਟਰੀ ਐਂਡ ਨਵਲ ਅਫੇਅਰਜ ਅਨੁਸਾਰ ਇਹ ਹਾਦਸਾ ਰੋਚੈਸਟਰ ਦੇ ਦੱਖਣ ਵਿਚ 17 ਕਿਲੋਮੀਟਰ ਦੂਰ ਵਾਪਰਿਆ। ਮੋਨਰੋ ਕਾਊਂਟੀ ਦੇ ਸ਼ੈਰਿਫ ਟੌਡ ਕੇ ਬਾਕਸਟਰ ਨੇ ਕਿਹਾ ਹੈ ਕਿ ਇਹ ਹਾਦਸਾ ਲੰਘੇ ਦਿਨ ਸ਼ਾਮ 6.30 ਵਜੇ ਦੇ ਕਰੀਬ ਵਾਪਰਿਆ। ਹਾਦਸਾ ਗ੍ਰਸਤ ਹੋਣ ਤੋਂ ਪਹਿਲਾਂ ਹੈਲੀਕਾਪਟਰ ਦੇ ਇੰਜਣ ਵਿਚੋਂ ਆਵਾਜ਼ ਆਈ ਤੇ ਉਹ ਜਮੀਨ ਉਪਰ ਡਿੱਗ ਗਿਆ। ਡਿਗਦਿਆਂ ਸਾਰ ਹੀ ਉਸ ਨੂੰ ਅੱਗ ਲੱਗ ਗਈ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਬਾਕਸਟਰ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਅਸੀਂ ਤਿੰਨ ਬਹਾਦਰ ਜਵਾਨਾਂ ਨੂੰ ਗਵਾ ਲਿਆ ਹੈ ਜਿਸ ਦਾ ਸਾਨੂੰ ਬੇਹੱਦ ਅਫਸੋਸ ਹੈ। ਨਿਊਯਾਰਕ ਦੇ ਗਵਰਨਰ ਐਂਡਰੀਊ ਕੂਮੋ ਨੇ ਵੀ ਇਸ ਭਿਆਨਕ ਹਾਦਸੇ ਵਿਚ ਮਾਰੇ ਗਏ ਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।



# ਸਾਬਕਾ ਰਾਸ਼ਟਰਪਤੀ ਟਰੰਪ ਵਿਰੁੱਧ ਸੈਨੇਟ ਵਿਚ ਮਹਾਦੋਸ਼ ਕਾਰਵਾਈ 8 ਫਰਵਰੀ ਤੋਂ ਸ਼ੁਰੂ ਹੋਵੇਗੀ

**ਸੈਕਰਾਮੈਂਟੋ, ਕੈਲੀਫੋਰਨੀਆ 23 ਜਨਵਰੀ–** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਸੈਨੇਟ ਵਿਚ ਦੂਸਰੇ ਮਹਾਦੋਸ਼ ਦੀ ਕਾਰਵਾਈ 8 ਫਰਵਰੀ ਤੋਂ ਸ਼ੁਰੂ ਹੋਵੇਗੀ। ਇਹ ਐਲਾਨ ਸੈਨੇਟ ਆਗੂਆਂ ਵਿਚਾਲੇ ਹੋਈ ਸਹਿਮਤੀ ਤੋਂ ਬਾਅਦ ਕੀਤਾ ਗਿਆ ਹੈ।

ਸੈਨੇਟ ਦੇ ਬਹੁਗਿਣਤੀ ਆਗੂ ਚੁੱਕ ਸ਼ੂਮਰ ਤੇ ਘੱਟ ਗਿਣਤੀ ਆਗੂ ਮਿਚ ਮੈਕੋਨਲ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਲਾਉਣ ਦੇ ਸਮੇਂ ਉਪਰ ਸਹਿਮਤ ਹੋਏ ਹਨ। ਮੈਕੋਨਲ ਦਾ ਕਹਿਣਾ ਸੀ ਕਿ ਮਹਾਦੋਸ਼ ਕਾਰਵਾਈ ਨੂੰ ਮੱਧ ਫਰਵਰੀ ਤੱਕ ਟਾਲ ਦਿੱਤਾ ਜਾਵੇ ਤਾਂ ਜੋ ਸਾਬਕਾ ਰਾਸ਼ਟਰਪਤੀ ਨੂੰ ਤਿਆਰੀ ਲਈ ਸਮਾਂ ਮਿਲ ਸਕੇ। ਕੁਝ ਡੈਮੋਕਰੈਟਸ ਮੈਂਬਰਾਂ ਦੀ ਰਾਏ ਸੀ ਕਿ ਕਾਰਵਾਈ ਅੱਗੇ ਪਾਉਣ ਨਾਲ ਸੈਨੇਟ ਨੂੰ ਰਾਸ਼ਟਰਪਤੀ ਜੋਅ ਬਾਇਡੇਨ ਦੁਆਰਾ ਨਾਮਜ਼ਦ ਅਧਿਕਾਰੀਆਂ ਦੀ ਪੁਸ਼ਟੀ ਕਰਨ ਲਈ ਸਮਾਂ ਮਿਲ ਜਾਵੇਗਾ।

ਮੈਕੋਨਲ ਦੇ ਬੁਲਾਰੇ ਡੌਗ ਐਂਡਰਸ ਨੇ ਦੱਸਿਆ ਕਿ ਸ਼ੂਮਰ ਕਾਰਵਾਈ ਨੂੰ ਅੱਗੇ ਪਾਉਣ ਲਈ ਸਹਿਮਤ ਹੋਏ ਹਨ। ਜਨਵਰੀ ਦੇ ਸ਼ੁਰੂ ਵਿਚ ਰਾਜਧਾਨੀ ਵਿਚ ਕੈਪੀਟਲ ਹਿੱਲ ਵਿੱਚ ਹਿੰਸਾ ਲਈ ਉਕਸਾਉਣ ਦੇ ਦੋਸ਼ ਤਹਿਤ 13 ਜਨਵਰੀ ਨੂੰ ਪ੍ਰਤੀਨਿੱਧ ਸਦਨ ਟਰੰਪ ਵਿਰੁੱਧ ਮਹਾਦੋਸ਼ ਪ੍ਰਸਤਾਵ ਪਾਸ ਕਰ ਚੁੱਕਾ ਹੈ। ਇਸ ਤੋਂ ਪਹਿਲਾਂ ਸ਼ੂਮਰ ਤੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਕਿਹਾ ਸੀ ਕਿ ਮਹਾਦੋਸ਼ ਪ੍ਰਸਤਾਵ ਸੈਨੇਟ ਨੂੰ ਸੋਮਵਾਰ ਭੇਜ ਦਿੱਤਾ ਜਾਵੇਗਾ।

ਮਹਾਦੋਸ਼ ਪ੍ਰਸਤਾਵ ਪਾਸ ਕਰਨ ਲਈ ਸੈਨੇਟ ਦੇ ਦੋ ਤਿਹਾਈ ਮੈਂਬਰਾਂ ਦੀ ਲੋੜ ਹੈ। ਸੈਨੇਟ ਵਿਚ ਰਿਪਬਲੀਕਨ ਤੇ ਡੈਮੋਕਰੈਟਸ ਮੈਂਬਰਾਂ ਦੀ ਗਿਣਤੀ ਬਰਾਬਰ ਹੈ ਇਸ ਲਈ ਦੋ ਤਿਹਾਈ ਮੈਂਬਰਾਂ ਦਾ ਸਮਰਥਨ ਮਿਲਣਾ ਮੁਸ਼ਕਿਲ ਲੱਗ ਰਿਹਾ ਹੈ। ਪਰ ਕੁੱਝ ਰਿਪਬਲੀਕਨ ਮੈਂਬਰ ਵੀ ਪ੍ਰਸਤਾਵ ਦਾ ਸਮਰਥਨ ਕਰ ਚੁੱਕੇ ਹਨ। ਇਹ ਰਿਪਬਲੀਕਨ ਮੈਂਬਰ ਸਮਝਦੇ ਹਨ ਕਿ ਸਾਬਕਾ ਰਾਸ਼ਟਰਪਤੀ ਨੇ ਪਾਰਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸ ਲਈ ਮਹਾਦੋਸ਼ ਕਾਰਵਾਈ ਨੇਪਰੇ ਚਾੜ ਕੇ ਉਸ ਦੇ ਦੁਬਾਰਾ ਚੋਣ ਲੜਨ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਦਿੱਤਾ ਜਾਵੇ।

# ਕਿਸਾਨ ਅੰਦੋਲਨ ਤੋਂ ਬਾਅਦ ਸਖਤੀ, 200 ਤੋਂ ਵੱਧ ਗ੍ਰਿਫਤਾਰੀਆਂ, ਦੁਨੀਆਂ ਵਿਚ ਰਲਿਆ-ਮਿਲਿਆ ਪ੍ਰਤੀਕਰਮ

**ਨਵੀਂ ਦਿੱਲੀ (ਬਿਊਰੋ)–** ਗਣਤੰਤਰ ਦਿਵਸ ਦੇ ਮੌਕੇ ਉੱਤੇ ਦਿੱਲੀ ਵਿੱਚ ਹੋਈ ਹਿੰਸਾ ਦੇ ਮਾਮਲਿਆਂ ਵਿਚ ਦਿੱਲੀ ਪੁਲਿਸ ਨੇ ਤਕਰੀਬਨ 200 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਹਨਾਂ ਉੱਤੇ ਹਿੰਸਾ ਕਰਨ, ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਅਤੇ ਪੁਲਿਸ ਮੁਲਾਜ਼ਮਾਂ ਉੱਤੇ ਹਮਲਾ ਕਰਨ ਦੇ ਦੋਸ਼ ਲੱਗੇ ਹਨ। ਹੁਣ ਤੱਕ ਕੁੱਲ 22 ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਹਿੰਸਾ ਨੂੰ ਭੜਕਾਉਣ ਵਾਲਿਆਂ ਦੀ ਪਛਾਣ ਕੀਤੀ ਜਾ ਰਹੀ ਹੈ ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਗਣਤੰਤਰ ਦਿਵਸ ਦੇ ਮੌਕੇ 'ਤੇ ਲਾਲ ਕਿਲੇ ਵਿੱਚ ਹੁਣ ਤੋੜਫੋੜ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇੱਥੇਬਹੁਤ ਸਾਰੀਆਂ ਗੱਡੀਆਂ ਨੂੰ ਨੁਕਸਾਨ ਪਹੁੰਚਿਆ ਹੈ, ਏ ਸੀ ਟੁੱਟੇ ਹੋਏ ਹਨ ਅਤੇ ਉਥੇ ਮੌਜੂਦ ਝਾਕੀਆਂ ਨੂੰ ਨੁਕਸਾਨ ਪਹੁੰਚਿਆ ਸੀ। ਅੱਜ ਕੇਂਦਰੀ ਮੰਤਰੀ ਪ੍ਰਹਿਲਾਦ ਪਟੇਲ ਵੀ ਲਾਲ ਕਿਲੇ ਪਹੁੰਚੇ ਅਤੇ

(ਬਾਕੀ ਸਫਾ 21 'ਤੇ)



## ਕਿਸਾਨ ਲੀਡਰਾਂ ਅਤੇ ਵਿਰੋਧੀ ਪਾਰਟੀਆਂ ਨੇ ਪੱਲਾ ਝਾੜਿਆ

ਭਾਰਤ ਦੀਆਂ ਸਾਰੀਆਂ ਖੇਤਰੀ ਅਤੇ ਕੌਮੀ ਪਾਰਟੀਆਂ ਨੇ ਹਿੰਸਾ ਦੀ ਨਿੰਦਾ ਕੀਤੀ ਹੈ। ਸਾਰੀਆਂ ਕਿਸਾਨ ਯੂਨੀਅਨਾਂ ਸਮੇਤ ਕਿਸਾਨ ਲੀਡਰ ਹਿੰਸਾ ਤੇ ਪਾਸਾ ਵੱਟਦੇ ਨਜ਼ਰ ਆਏ। ਪੰਜਾਬ ਦੀਆਂ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਵੀ ਹਿੰਸਕ ਘਟਨਾਵਾਂ ਦੀ ਨਿੰਦਾ ਕੀਤੀ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਵਾਪਸ ਆਉਣ ਦੀ ਅਪੀਲ ਕੀਤੀ। ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਰਸਤੇ ਵਿਚ ਕੋਈ ਗੜਬੜੀ ਹੋਈ ਤਾਂ ਹਰਿਆਣਾ ਸਰਕਾਰ ਪੂਰੀ ਸਖਤੀ ਨਾਲ ਕਿਸਾਨਾਂ ਨਾਲ ਨਜਿੱਠੇਗੀ। ਇੱਧਰ ਭਾਜਪਾ ਵਿਧਾਇਕ ਸੰਨੀ ਦਿਓਲ ਨੇ

(ਬਾਕੀ ਸਫਾ 21 'ਤੇ)

# ਸੈਨੇਟ ਵਿਚ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਗੈਰ ਸੰਵਿਧਾਨਕ ਕਰਾਰ ਦੇਣ ਲਈ ਪੇਸ਼ ਮਤਾ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ 27 ਜਨਵਰੀ (ਹੁਸਨ ਲੜੋਆ ਬੰਗਾ)–** ਸੈਨੇਟ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਦੋਸ਼ ਗੈਰ ਸੰਵਿਧਾਨਕ ਕਰਾਰ ਦੇਣ ਲਈ ਪੇਸ਼ ਮਤਾ ਰੱਦ ਕਰ ਦਿੱਤਾ। 5 ਰਿਪਬਲੀਕਨ ਮੈਂਬਰਾਂ ਨੇ ਵੀ ਡੈਮੋਕਰੈਟਸ ਦਾ ਸਾਥ ਦਿੱਤਾ ਤੇ ਇਸ ਤਰਾਂ ਮਹਾਦੋਸ਼ ਕਾਰਵਾਈ ਨੂੰ ਖਤਮ ਕਰ ਦੇਣ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ। ਸੈਨੇਟਰ ਰੈਂਡ ਪਾਲ ਨੇ ਮਤਾ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਸੈਨੇਟ ਵਿਚ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਚਲਾਉਣਾ ਗੈਰ ਸੰਵਿਧਾਨਕ ਹੈ। ਉਨ੍ਹਾਂ ਨੇ ਦਲੀਲ ਦਿੱਤੀ ਕਿ ਟਰੰਪ ਵਿਰੁੱਧ ਇਕ ਨਾਗਰਿਕ ਵਜੋਂ ਮਹਾਦੋਸ਼ ਨਹੀਂ ਲਾਇਆ ਜਾ ਸਕਦਾ। ਇਹ ਮਤਾ 55-45 ਦੇ ਫਰਕ ਨਾਲ ਰੱਦ ਹੋ ਗਿਆ। ਸੈਨੇਟ ਵਿਚ ਦੋਨਾਂ ਪਾਰਟੀਆਂ ਦੇ ਬਰਾਬਰ ਮੈਂਬਰ ਹਨ। 45 ਮੈਂਬਰ ਜਿਨ੍ਹਾਂ ਨੇ ਮਤੇ ਦੇ ਹੱਕ ਵਿਚ ਵੋਟ ਪਾਈ, ਵਲੋਂ ਮਹਾਦੋਸ਼ ਮਤੇ ਦੇ ਵਿਰੁੱਧ ਵੋਟ ਪਾਏ ਜਾਣ ਦੀ ਸੰਭਾਵਨਾ ਹੈ। ਪ੍ਰਤੀਨਿੱਧ ਸਦਨ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਉਪਰ ਹਮਲੇ ਲਈ ਆਪਣੇ ਸਮਰਥਕਾਂ ਨੂੰ ਉਕਸਾਉਣ ਦੇ ਦੋਸ਼ ਵਿਚ 13 ਜਨਵਰੀ ਨੂੰ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਪ੍ਰਸਤਾਵ ਪਾਸ ਕਰ ਦਿੱਤਾ ਸੀ। 4 ਸਾਲ ਦੇ ਕਾਰਜਕਾਲ ਦੌਰਾਨ ਟਰੰਪ ਵਿਰੁੱਧ ਦੂਸਰੀ ਵਾਰ ਮਹਾਦੋਸ਼ ਲਾਇਆ ਗਿਆ ਹੈ।

ਸੈਨੇਟ ਵਿਚ ਮਹਾਦੋਸ਼ ਕਾਰਵਾਈ 8 ਫਰਵਰੀ ਨੂੰ ਸ਼ੁਰੂ ਹੋਵੇਗੀ। ਜਿਨ੍ਹਾਂ ਰਿਪਬਲੀਕਨਾਂ ਨੇ ਸੈਨੇਟ ਵਿਚ ਸੈਨੇਟਰ ਪਾਲ ਦੇ ਮਤੇ ਨੂੰ ਰਦ ਕਰਨ ਵਿਰੁੱਧ ਵੋਟ ਪਾਈ ਉਨ੍ਹਾਂ ਵਿਚ ਮਿਟ ਰੋਮਨੀ (ਉਟਾਹ), ਸੁਸਾਨ ਕੋਲਿਨਜ (ਮੈਨੀ), ਲੀਸਾ ਮੁਰਕੋਵਸਕੀ (ਅਲਾਸਕਾ), ਬੇਨ ਸਾਸੇ (ਨੈਬਰਸਕਾ) ਤੇ ਪੈਟ ਟੂਮੀ (ਪੈਨਸੇਲਵਿਨੀਆ) ਸ਼ਾਮਿਲ ਹਨ। ਇਹ ਸੈਨੇਟਰ ਟਰੰਪ ਦੇ ਸਮਰਥਕ ਹਨ ਪਰ ਉਨ੍ਹਾਂ ਨੇ ਜਨਤਿਕ ਤੌਰ 'ਤੇ ਐਲਾਨ ਕੀਤਾ ਸੀ ਕਿ ਉਹ ਦੰਗਿਆਂ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਦਾ ਵਿਰੋਧ ਕਰਦੇ ਹਨ।

## ਭਾਰਤੀ ਮੂਲ ਦੇ ਸਲ ਖਾਨ ਦੀ ਖਾਨ ਅਕੈਡਮੀ ਨੂੰ 50 ਲੱਖ ਡਾਲਰ ਦਾਨ ਵਜੋਂ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ 27 ਜਨਵਰੀ (ਹੁਸਨ ਲੜੋਆ ਬੰਗਾ)–** ਟੈਸਲਾ ਮੁੱਖ ਅਧਿਕਾਰੀ ਐਲਨ ਮਸਕ ਜੋ ਕਿ ਵਿਸ਼ਵ ਦੇ ਸਭ ਤੋਂ ਵਧ ਅਮੀਰ ਲੋਕਾਂ ਵਿਚ ਸ਼ੁਮਾਰ ਹੈ ਨੇ ਭਾਰਤੀ ਮੂਲ ਦੇ ਸਲ ਖਾਨ ਦੀ ਖਾਨ ਅਕੈਡਮੀ ਨੂੰ 50 ਲੱਖ ਡਾਲਰ ਦਾਨ ਵਜੋਂ ਦਿੱਤੇ ਹਨ।



ਖਾਨ ਨੇ ਇਕ ਵੀਡੀਓ ਵਿਚ ਕਿਹਾ ਹੈ ਕਿ ਉਹ ਇਸ ਮਦਦ ਲਈ ਐਲਨ ਮਸਕ ਤੇ ਮਸਕ ਫਾਊਂਡੇਸ਼ਨ ਦੇ ਦਿਲੋਂ ਧੰਨਵਾਦੀ ਹਨ। ਉਹਨਾਂ ਕਿਹਾ ਕਿ ਉਹ ਇਸ ਮਦਦ ਨਾਲ ਵਿਸ਼ਵ ਭਰ ਦੇ ਹੋਰ ਲੱਖਾਂ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਸਾਫਟਵੇਅਰ ਸੇਵਾਵਾਂ ਦੇਣ ਦੇ ਸਮਰੱਥ ਹੋ ਜਾਵੇਗਾ। ਇਥੇ ਵਰਣਨਯੋਗ ਹੈ ਕਿ ਖਾਨ ਦੀ ਅਕੈਡਮੀ ਦੇ 12 ਕਰੋੜ ਰਜਿਸਟਰਡ ਖਪਤਕਾਰ ਤੇ 3 ਕਰੋੜ ਦੇ ਕਰੀਬ ਵਿਦਿਆਰਥੀ ਹਨ ਜੋ ਹਰ ਮਹੀਨੇ ਉਨ੍ਹਾਂ ਦੇ ਪਲੇਟਫਾਰਮ ਦੀ ਵਰਤੋਂ ਕਰਦੇ ਹਨ।

## ਕਿਸਾਨ ਲੀਡਰਾਂ ਵਿਰੁੱਧ ਕਾਰਵਾਈ- ਯੋਗੇਂਦਰ ਯਾਦਵ, ਰਾਜੇਵਾਲ, ਉਗਰਾਹਾਂ ਤੇ ਦਰਸ਼ਨ ਪਾਲ ਸਣੇ ਕਈ ਨੇਤਾ ਨਾਮਜ਼ਦ



**ਨਵੀਂ ਦਿੱਲੀ–** ਦਿੱਲੀ ਪੁਲੀਸ ਨੇ ਰਾਸ਼ਟਰੀ ਰਾਜਧਾਨੀ ਵਿਚ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਦੇ ਮਾਮਲੇ ਵਿਚ ਹੁਣ ਤੱਕ 22 ਕੇਸ ਦਰਜ ਕੀਤੇ ਹਨ। ਪੁਲੀਸ ਸੂਤਰਾਂ ਅਨੁਸਾਰ ਗਣਤੰਤਰ ਦਿਵਸ ਦੀ ਹਿੰਸਾ ਲਈ ਦਰਜ ਮਾਮਲਿਆਂ ਵਿੱਚ ਹੁਣ ਤੱਕ ਕਈ ਕਿਸਾਨ ਆਗੂ' ਨਾਮਜ਼ਦ ਕੀਤੇ ਗਏ ਹਨ, ਜਿਹਨਾਂ ਵਿੱਚ ਯੋਗੇਂਦਰ ਯਾਦਵ, ਦਰਸ਼ਨ ਪਾਲ, ਗੁਰਨਾਮ ਚੜੂਨੀ, ਰਜਿੰਦਰ ਸਿੰਘ, ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਬੁਰਜਗਿਲ, ਜੋਗਿੰਦਰ ਸਿੰਘ ਉਗਰਾਹਾਂ ਅਤੇ ਸਤਨਾਮ ਪੰਨੂ ਸ਼ਾਮਲ ਹਨ। ਮੀਡੀਆ ਮੁਤਾਬਕ ਹੁਣ ਤੱਕ 200 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਬੁੱਧਵਾਰ ਨੂੰ ਇਹ ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਹਿੰਸਾ ਵਿੱਚ 300 ਤੋਂ ਵੱਧ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਹਨ। ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਨੂੰ ਹਿੰਸਾ ਵਿੱਚ ਸ਼ਾਮਲ ਕਿਸਾਨਾਂ ਦੀ ਪਛਾਣ ਕਰਨ ਲਈ ਕਈ ਸੀਸੀਟੀਵੀ ਫੁਟੇਜ ਅਤੇ ਵੱਖ ਵੱਖ ਵੀਡੀਓਜ਼ ਨੂੰ ਘੋਖਿਆ ਜਾ ਰਿਹਾ ਹੈ ਅਤੇ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਰਾਜਧਾਨੀ ਵਿੱਚ ਕਈ ਸਥਾਨਾਂ 'ਤੇ ਸੁਰੱਖਿਆ ਮਜ਼ਬੂਤ ਕਰ ਦਿੱਤੀ ਗਈ ਹੈ।

ਲਾਲਾ ਕਿਲੇ ਤੇ ਕਿਸਾਨਾਂ ਦੇ ਪ੍ਰਦਰਸ਼ਨ ਵਾਲੀਆਂ ਥਾਂਵਾਂ 'ਤੇ ਨੀਮ ਫੌਜੀ ਦਸਤੇ ਤਾਇਨਾਤ ਕਰ ਦਿੱਤੇ ਗਏ ਹਨ।

*****


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਜੋਅ ਬਾਈਡਨ ਨੇ ਟ੍ਰਾਂਸਜੈਂਡਰ ਲੋਕਾਂ ਉੱਪਰ ਫੌਜ ਵਿੱਚ ਸੇਵਾ ਕਰਨ 'ਤੇ ਲੱਗੀ ਪਾਬੰਦੀ ਨੂੰ ਹਟਾਇਆ

**ਫਰਿਜ਼ਨੋ (ਕੈਲੀਫੋਰਨੀਆਂ), 26 ਜਨਵਰੀ 2021-** ਰਾਸ਼ਟਰਪਤੀ ਜੋਅ ਬਾਈਡੇਨ ਨੇ ਇੱਕ ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕੀਤੇ ਹਨ ਜੋ ਕਿ ਫੌਜ ਵਿੱਚ ਸੇਵਾ ਕਰਨ ਸੰਬੰਧੀ ਟ੍ਰਾਂਸਜੈਂਡਰ ਲੋਕਾਂ ਤੇ ਪੈਂਟਾਗਨ ਦੁਆਰਾ ਲਗਾਈ ਪਾਬੰਦੀ ਨੂੰ ਹਟਾਉਂਦਾ ਹੈ। ਸੋਮਵਾਰ ਦੇ ਦਿਨ ਓਵਲ ਦਫ਼ਤਰ ਵਿੱਚ ਬਾਈਡੇਨ ਦੇ ਦਸਤਖ਼ਤ ਕਰਨ ਦੌਰਾਨ ਨਵੇਂ ਰੱਖਿਆ ਸਕੱਤਰ ਲੋਇਡ ਅਸਟਿਨ ਅਤੇ ਸੰਯੁਕਤ ਚੀਫਸ ਆਫ਼ ਸਟਾਫ ਦੇ ਚੇਅਰਮੈਨ ਜਨਰਲ ਮਾਰਕ ਮਿਲੈ ਵੀ ਸ਼ਾਮਿਲ ਹੋਏ ਸਨ। ਇਸ ਮੌਕੇ ਰੱਖਿਆ ਸਕੱਤਰ ਨੇ ਬੋਲਦਿਆਂ ਦੱਸਿਆ ਕਿ ਉਹ ਰਾਸ਼ਟਰਪਤੀ ਦੇ ਇਸ ਨਿਰਦੇਸ਼ ਦਾ ਪੂਰਨ ਤੌਰ 'ਤੇ ਸਮਰਥਨ ਕਰਦਾ ਹਨ, ਇਸ ਫੈਸਲੇ ਨਾਲ ਉਹ ਸਾਰੇ ਟਰਾਂਸਜੈਂਡਰ ਵਿਅਕਤੀ ਜੋ ਸੰਯੁਕਤ ਰਾਜ ਦੀ ਫੌਜ ਵਿੱਚ ਸੇਵਾ ਕਰਨਾ ਚਾਹੁੰਦੇ ਹਨ ਅਤੇ ਢੁਕਵੇਂ ਮਾਪਦੰਡਾਂ ਨੂੰ ਪੂਰਾ ਕਰ ਸਕਦੇ ਹਨ, ਉਹ ਕਿਸੇ ਤਰਾਂ ਦੇ ਵਿਤਕਰੇ ਤੋਂ



ਮੁਕਤ ਹੋਣਗੇ। ਇਸ ਵਿਵਾਦਗ੍ਰਸਤ ਪਾਬੰਦੀ ਦਾ ਐਲਾਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2017 ਵਿੱਚ ਇੱਕ ਟਵੀਟ ਰਾਹੀ ਕੀਤਾ ਸੀ।ਇਸ ਪਾਬੰਦੀ ਨਾਲ ਟਰੰਪ ਨੇ ਓਬਾਮਾ ਪ੍ਰਸ਼ਾਸਨ ਦੀ ਨੀਤੀ ਨੂੰ ਉਲਟਾ ਦਿੱਤਾ ਜਿਸ ਨੇ ਟ੍ਰਾਂਸਜੈਂਡਰ ਲੋਕਾਂ ਨੂੰ ਸੈਨਾ ਵਿੱਚ ਸੇਵਾ ਦੀ ਆਗਿਆ ਦਿੱਤੀ ਸੀ। ਜੋਅ ਬਾਈਡੇਨ ਦੇ ਨਵੇਂ ਕਾਰਜਕਾਰੀ ਆਦੇਸ਼ ਦੇ ਤਹਿਤ, ਉਹਨਾਂ ਸਾਰੇ ਵਿਅਕਤੀਆਂ ਨੂੰ ਜੋ ਟ੍ਰਾਂਸਜੈਂਡਰ ਵਜੋਂ ਪਛਾਣ ਕੀਤੇ ਗਏ ਹਨ, ਨੂੰ ਫੌਜੀ ਸੇਵਾਵਾਂ ਦੇਣ ਦੀ ਆਗਿਆ ਹੋਵੇਗੀ। ਇਹਨਾਂ ਆਦੇਸ਼ਾਂ ਦੇ ਸੰਬੰਧ ਵਿੱਚ ਮਿਲਟਰੀ ਸੋਮਵਾਰ ਨੂੰ ਐਲਾਨੀਆਂ ਗਈਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਵਿੱਚ ਹੋਈ ਕਾਰਵਾਈ ਦੀ ਰਿਪੋਰਟ ਨੂੰ 60 ਦਿਨਾਂ ਵਿੱਚ ਰੱਖਿਆ ਸਕੱਤਰ ਅਸਟਿਨ ਨੂੰ ਪੇਸ਼ ਕਰੇਗੀ। ਇਸ ਸੰਬੰਧੀ ਜੋਅ ਬਾਈਡੇਨ ਨੇ ਆਪਣੀ ਰਾਸ਼ਟਰਪਤੀ ਚੋਣ ਦੀ ਮੁਹਿੰਮ ਦੌਰਾਨ ਇਸ ਪਾਬੰਦੀ ਨੂੰ ਰੱਦ ਕਰਨ ਦੇ ਹੱਕ ਵਿੱਚ ਹੋਣ ਦੀ ਗੱਲ ਕੀਤੀ ਸੀ।

# ਸੈਨੇਟ ਵੱਲੋਂ ਜੈਨੇਟ ਯੇਲੇਨ ਦੀ ਖਜ਼ਾਨਾ ਸਕੱਤਰ ਵਜੋਂ ਕੀਤੀ ਗਈ ਪੁਸ਼ਟੀ

**ਫਰਿਜ਼ਨੋ (ਕੈਲੀਫੋਰਨੀਆਂ), 26 ਜਨਵਰੀ 2021-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਦੇਸ਼ ਦੇ ਵਿਭਾਗਾਂ ਦੀ ਅਗਵਾਈ ਕਰਨ ਲਈ ਨਾਮਜ਼ਦ ਕੀਤੇ ਗਏ ਉਮੀਦਵਾਰਾਂ ਦੀ ਸੈਨੇਟ ਵੱਲੋਂ ਪੁਸ਼ਟੀ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਕਾਰਵਾਈ ਦੇ ਤਹਿਤ ਸੋਮਵਾਰ ਸ਼ਾਮ ਨੂੰ ਸੈਨੇਟ ਨੇ ਜੈਨੇਟ ਯੇਲੇਨ ਦੀ ਖਜ਼ਾਨਾ ਸਕੱਤਰ ਵਜੋਂ ਪੁਸ਼ਟੀ ਕੀਤੀ ਹੈ। ਇਸ ਦੌਰਾਨ ਜੈਨੇਟ ਨੂੰ ਪੁਸ਼ਟੀ ਪ੍ਰਕਿਰਿਆ ਵਿੱਚ 84 -15 ਵੋਟਾਂ ਪ੍ਰਾਪਤ ਹੋਈਆਂ। ਇਸਦੇ ਇਲਾਵਾ ਇਸ ਪੁਸ਼ਟੀ ਨਾਲ ਯੇਲੇਨ 230 ਸਾਲਾਂ ਦੇ ਇਤਿਹਾਸ ਵਿੱਚ ਵਿਭਾਗ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਬਣ ਗਈ ਹੈ।ਯੇਲੇਨ ਦੀ ਪੁਸ਼ਟੀ ਦੇ ਵਿਰੁੱਧ ਸਾਰੀਆਂ 15 ਵੋਟਾਂ ਰਿਪਬਲਿਕਨ ਸੰਸਦ ਮੈਂਬਰਾਂ ਦੁਆਰਾ ਪਾਈਆਂ ਗਈਆਂ ਹਨ, ਜਿਹਨਾਂ ਵਿੱਚ



ਨਾਰਥ ਡਕੋਟਾ ਦੇ ਰਿਪਬਲਿਕਨ ਸੈਨੇਟਰ ਕੇਵਿਨ ਕਰੈਮਰ ਵੀ ਸ਼ਾਮਿਲ ਹਨ। ਰਾਜਨੀਤਕ ਮਾਹਿਰਾਂ ਅਨੁਸਾਰ ਯੇਲੇਨ ਇਸ ਅਹੁਦੇ ਲਈ ਪੂਰੀ ਤਰਾਂ ਢੁਕਵੀਂ ਉਮੀਦਵਾਰ ਹੈ ਜੋ ਕਿ ਸੰਯੁਕਤ ਰਾਜ ਨੂੰ ਕੋਰੋਨਾਂ ਵਾਇਰਸ ਮਹਾਂਮਾਰੀ ਤੋਂ ਪੈਦਾ ਹੋਏ ਆਰਥਿਕ ਸੰਕਟ ਵਿੱਚੋਂ ਬਾਹਰ ਕੱਢਣ ਵਿੱਚ ਸਹਾਇਤਾ ਕਰੇਗੀ। ਖਜ਼ਾਨਾ ਵਿਭਾਗ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਬਣਨ ਤੋਂ ਪਹਿਲਾਂ, ਯੇਲੇਨ ਫੈਡਰਲ ਰਿਜ਼ਰਵ ਬੋਰਡ ਦੀ ਚੇਅਰ ਪਰਸਨ ਵਜੋਂ ਸੇਵਾ ਕਰਨ ਵਾਲੀ ਪਹਿਲੀ ਔਰਤ ਵੀ ਸੀ।ਯੇਲੇਨ ਰਾਸ਼ਟਰਪਤੀ ਬਾਈਡੇਨ ਦੀ ਕੈਬਨਿਟ ਦੀ ਤੀਜੀ ਮੈਂਬਰ ਹੈ ਜਿਸਦੀ ਸੈਨੇਟ ਦੁਆਰਾ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਐਵਰਲ ਹੈਨੇਜ਼ ਅਤੇ ਰੱਖਿਆ ਸਕੱਤਰ ਸੇਵਾਮੁਕਤ ਜਨਰਲ ਲੋਇਡ ਅਸਟਿਨ ਤੋਂ ਬਾਅਦ ਪੁਸ਼ਟੀ ਕੀਤੀ ਗਈ ਹੈ।

# ਬੋਰਿਸ ਜੌਹਨਸਨ ਵੱਲੋਂ ਬਾਇਡਨ ਨੂੰ ਨਵੇਂ ਵਪਾਰ ਸਮਝੌਤੇ ਦੀ ਅਪੀਲ

ਵਾਸ਼ਿੰਗਟਨ- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਸ਼ਨਿਚਰਵਾਰ ਨੂੰ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਕਿਹਾ ਕਿ ਉਹ ਅਮਰੀਕਾ ਨਾਲ ਤੁਰੰਤ ਨਵਾਂ ਵਪਾਰ ਸਮਝੌਤਾ ਕਰਨ ਦੇ ਇੱਛੁਕ ਹਨ। ਰਾਸ਼ਟਰਪਤੀ ਬਾਇਡਨ ਨੇ ਬੀਤੇ ਦਿਨੀਂ ਕਿਹਾ ਸੀ ਕਿ ਉਹ ਪੈਰਿਸ ਪੌਣਪਾਣੀ ਸਮਝੌਤੇ ਤੇ ਵਿਸ਼ਵ ਵਪਾਰ ਸੰਗਠਨ (ਡਬਲਯੂ ਐੱਚ ਓ) ਨਾਲ ਮੁੜ ਜੁੜਨਗੇ ਤੇ ਟਰੰਪ ਪ੍ਰਸ਼ਾਸਨ ਵੱਲੋਂ ਰੱਦ ਕੀਤੇ ਸਮਝੌਤਿਆਂ 'ਤੇ ਪੁਨਰ ਵਿਚਾਰ ਕਰਨਗੇ। ਵਾਈਟ ਹਾਊਸ ਦੇ ਪ੍ਰੈਸ ਸੈਕਟਰੀ ਜੈਨ ਪਸਾਕੀ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਬਾਇਡਨ ਪ੍ਰਸ਼ਾਸਨ ਨੇ ਰੱਦ ਕੀਤੇ ਵਪਾਰਕ ਸਮਝੌਤਿਆਂ 'ਤੇ ਪੁਨਰ ਵਿਚਾਰ ਲਈ ਕੋਈ ਸਮਾਂ ਸੀਮਾ ਦਾ ਨਿਰਧਾਰਨ ਨਹੀਂ ਕੀਤਾ।



# ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਸਟੇਅ ਐਕਟ ਹੋਮ ਆਦੇਸ਼ਾਂ ਨੂੰ ਲਿਆ ਵਾਪਸ


**ਫਰਿਜ਼ਨੋ (ਕੈਲੀਫੋਰਨੀਆਂ), 26 ਜਨਵਰੀ 2021-** ਕੈਲੀਫੋਰਨੀਆਂ ਦੇ ਸਿਹਤ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਵਿੱਚ ਕੋਰੋਨਾਂ ਵਾਇਰਸ ਦੇ ਹਾਲਾਤ ਸੁਧਰਨ ਦੇ ਮੱਦੇਨਜ਼ਰ ਰਾਜ ਨੇ ਸੋਮਵਾਰ ਨੂੰ ਖੇਤਰੀ ਸਟੇਅ ਐਕਟ ਹੋਮ ਆਦੇਸ਼ਾਂ ਨੂੰ ਵਾਪਸ ਲੈ ਲਿਆ ਹੈ। ਰਾਜ ਵਿੱਚ ਇਹਨਾਂ ਪਾਬੰਦੀਆਂ ਦੇ ਹਟਣ ਨਾਲ ਰੈਸਟੋਰੈਂਟ , ਧਾਰਮਿਕ ਸੇਵਾਵਾਂ ਅਤੇ ਹੋਰ ਕੰਮਾਂ ਲਈ ਵਾਪਸ ਖੁੱਲਣ ਦਾ ਰਸਤਾ ਸਾਫ ਹੋ ਗਿਆ ਹੈ। ਇਹਨਾਂ ਨਿਯਮਾਂ ਸੰਬੰਧੀ ਰਾਜਪਾਲ ਗੈਵਿਨ ਨਿਊਸਮ ਨੇ ਸੋਮਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦੋ ਹਫ਼ਤਿਆਂ ਦੌਰਾਨ ਰਾਜ ਵਿੱਚ ਹਸਪਤਾਲਾਂ 'ਚ ਮਰੀਜ਼ਾਂ ਦੇ ਦਾਖਲੇ ਦੀ ਦਰ 20% ਦੇ ਕਰੀਬ ਘਟੀ ਹੈ ਅਤੇ ਸਕਾਰਾਤਮਕ ਦਰਾਂ ਵਿੱਚ ਗਿਰਾਵਟ ਦੇ ਨਾਲ ਹਸਪਤਾਲਾਂ ਅਤੇ ਆਈ.ਸੀ.ਯੂ ਦਾਖਲਿਆਂ ਵਿੱਚ ਹੋਰ ਗਿਰਾਵਟ ਹੋਣ ਦੀ ਉਮੀਦ




ਹੈ। ਇਸ ਲਈ ਰਾਜਪਾਲ ਅਨੁਸਾਰ ਬਦਲ ਰਹੀ ਸਥਿਤੀ ਦੇ ਕਾਰਨ ਰਾਜ ਵਿੱਚ ਘਰ ਰਹਿਣ ਦੇ ਆਦੇਸ਼ਾਂ ਨੂੰ ਰੱਦ ਕੀਤਾ ਜਾ ਰਿਹਾ ਹੈ। ਇਹ ਨਵੇਂ ਹੁਕਮ ਸਾਨ ਫ੍ਰਾਂਸਿਸਕੋ ਬੇ ਏਰੀਆ, ਸੈਨ ਜੋਆਕੁਇਨ ਵੈਲੀ ਅਤੇ ਦੱਖਣੀ ਕੈਲੀਫੋਰਨੀਆਂ ਦੀਆਂ ਬਹੁਗਿਣਤੀਆਂ ਕਾਉਂਟੀਆਂ ਵਿੱਚ ਲਾਗੂ ਕੀਤਾ ਗਿਆ ਹੈ। ਇਸ ਤਬਦੀਲੀ ਨਾਲ ਰੈਸਟੋਰੈਂਟਾਂ ਵਰਗੇ ਕਾਰੋਬਾਰਾਂ ਨੂੰ ਬਹੁਤ ਸਾਰੇ ਖੇਤਰਾਂ ਵਿੱਚ ਮੁੜ ਸ਼ੁਰੂ ਕਰਨ ਦੀ ਆਗਿਆ ਮਿਲੇਗੀ, ਹਾਲਾਂਕਿ ਸਥਾਨਕ ਅਧਿਕਾਰੀ ਨਿਯਮਾਂ ਨੂੰ ਸਖ਼ਤ ਰੱਖ ਸਕਦੇ ਹਨ। ਕੈਲੀਫੋਰਨੀਆਂ ਦੇ ਗਵਰਨਰ ਨਿਊਸਮ ਨੇ ਦਸੰਬਰ ਵਿੱਚ ਵਾਇਰਸ ਦੇ ਕੇਸਾਂ ਵਿੱਚ ਵਾਧਾ ਹੋਣ ਅਤੇ ਹਸਪਤਾਲਾਂ ਵਿੱਚ ਆਈ.ਸੀ.ਯੂ ਦੀ ਸਮਰੱਥਾ 15 ਪ੍ਰਤੀਸ਼ਤ ਤੋਂ ਘੱਟ ਹੋਣ ਕਾਰਨ ਸਟੇਅ-ਐਕਟ-ਹੋਮ ਆਰਡਰ ਲਾਗੂ ਕੀਤੇ ਸਨ। ਜਿਸ ਕਰਕੇ ਖੇਤਰ ਨੂੰ ਜ਼ਿਆਦਾਤਰ ਕਾਰੋਬਾਰ ਬੰਦ ਕਰਨੇ ਪਏ ਸਨ। ਇਸਦੇ ਇਲਾਵਾ ਵਾਇਰਸ ਦੀ ਲਾਗ ਦੇ ਮਾਮਲੇ ਵਿੱਚ ਰਾਜ ਦੀ ਜਨਤਕ ਸਿਹਤ ਵੈਬਸਾਈਟ ਦੇ ਅਨੁਸਾਰ, ਪਿਛਲੇ ਹਫਤੇ ਦੇ ਅਖੀਰ ਤੱਕ, ਕੈਲੀਫੋਰਨੀਆਂ ਵਿੱਚ ਕੋਵਿਡ -19 ਦੇ 3.1ਮਿਲੀਅਨ ਤੋਂ ਜਿਆਦਾ ਮਾਮਲੇ ਅਤੇ ਤਕਰੀਬਨ 36,790 ਮੌਤਾਂ ਦੀ ਪੁਸ਼ਟੀ ਕੀਤੀ ਗਈ ਹੈ।

# ਪੋਰਟਲੈਂਡ ਵਿੱਚ ਪੈਦਲ ਲੋਕਾਂ 'ਤੇ ਚੜ੍ਹਾਈ ਗੱਡੀ, 1 ਦੀ ਹੋਈ ਮੌਤ 5 ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆਂ), 26 ਜਨਵਰੀ 2021-** ਅਮਰੀਕੀ ਸੂਬੇ ਓਰੇਗਨ ਦੇ ਪੋਰਟਲੈਂਡ ਵਿੱਚ ਇੱਕ ਕਾਰ ਸਵਾਰ ਦੁਆਰਾ ਪੈਦਲ ਜਾ ਰਹੇ ਲੋਕਾਂ ਨੂੰ ਟੱਕਰ ਮਾਰਨ ਦੀ ਘਟਨਾ ਵਾਪਰੀ ਹੈ। ਇਸ ਸੰਬੰਧੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਪੋਰਟਲੈਂਡ, ਓਰੇਗਨ ਵਿੱਚ ਇੱਕ ਡਰਾਈਵਰ ਦੁਆਰਾ ਕੀਤੇ ਇੱਕ ਤੋਂ ਜਿਆਦਾ ਹਾਦਸਿਆਂ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਦੇ ਨਾਲ ਘੱਟੋ ਘੱਟ ਪੰਜ ਹੋਰ ਜ਼ਖਮੀ ਹੋ ਗਏ ਹਨ।ਪੋਰਟਲੈਂਡ ਪੁਲਿਸ ਬਿਊਰੋ ਅਨੁਸਾਰ ਅਧਿਕਾਰੀਆਂ ਨੂੰ ਸੋਮਵਾਰ ਦੁਪਹਿਰ ਇੱਕ ਹਿੱਟ-ਐਂਡ-ਰਨ ਦੀ ਘਟਨਾ ਬਾਰੇ ਸੂਚਨਾ ਪ੍ਰਾਪਤ ਹੋਈ , ਜਿਸਦੀ ਕਾਰਵਾਈ ਦੌਰਾਨ ਹੀ ਅਧਿਕਾਰੀਆਂ ਨੂੰ ਇੱਕ ਹੋਰ ਹਾਦਸਾ ਜਿਸ ਵਿੱਚ



ਪੈਦਲ ਲੋਕਾਂ ਨੂੰ ਉਸੇ ਹੀ ਕਾਰ ਸਿਲਵਰ ਹੌਂਡਾ ਦੁਆਰਾ ਟੱਕਰ ਮਾਰਨ ਦੀ ਖ਼ਬਰ ਮਿਲੀ। ਪੁਲਿਸ ਬੁਲਾਰੇ ਡੇਰਿਕ ਕਾਰਮਨ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਲਾਕ 15 ਦੇ ਖੇਤਰ ਵਿੱਚ ਵਾਪਰਿਆ ਇਹ ਇੱਕ ਵੱਡਾ ਹਾਦਸਾ ਹੈ ਅਤੇ ਵਾਹਨ ਦੇ ਦੂਜੀ ਵਾਰ ਟੱਕਰ ਮਾਰਨ ਤੇ ਡਰਾਈਵਰ ਨੇ ਪੈਦਲ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਲੋਕਾਂ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਗਿਆ। ਅਧਿਕਾਰੀਆਂ ਅਨੁਸਾਰ ਇਸ ਹਾਦਸੇ ਦੇ ਪੀੜਤ ਛੇ ਵਿਅਕਤੀਆਂ ਨੂੰ ਐਂਬੂਲੈਂਸਾਂ ਰਾਹੀਂ ਹਸਪਤਾਲ ਲਿਜਾਇਆ ਗਿਆ ਜਿੱਥੇ ਕਿ ਇੱਕ ਪੀੜਤ ਦੀ ਮੌਤ ਹੋ ਗਈ ਜਦਕਿ ਪੁਲਿਸ ਦੁਆਰਾ ਇਸ ਹਾਦਸੇ ਸੰਬੰਧੀ ਹੋਰ ਜਾਣਕਾਰੀ ਇਕੱਠੀ ਕਰਨ ਲਈ ਜਾਂਚ ਜਾਰੀ ਹੈ।

# ਅਮਰੀਕਾ ਵਿੱਚ ਸਾਹਮਣੇ ਆਇਆ ਬ੍ਰਾਜ਼ੀਲੀਅਨ ਕੋਰੋਨਾਂ ਵਾਇਰਸ ਰੂਪ ਦਾ ਪਹਿਲਾ ਕੇਸ

**ਫਰਿਜ਼ਨੋ (ਕੈਲੀਫੋਰਨੀਆਂ), 26 ਜਨਵਰੀ 2021-** ਅਮਰੀਕਾ ਦੇ ਮਿਨੇਸੋਟਾ ਵਿੱਚ ਬ੍ਰਾਜ਼ੀਲ ਨਾਲ ਸੰਬੰਧਿਤ ਵਾਇਰਸ ਦੇ ਨਵੇਂ ਰੂਪ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਸਥਾਨਕ ਸਿਹਤ ਅਧਿਕਾਰੀਆਂ ਨੇ ਸੋਮਵਾਰ ਨੂੰ ਜਾਣਕਾਰੀ ਦਿੱਤੀ ਕਿ ਮਿਨੇਸੋਟਾ ਵਿੱਚ ਬ੍ਰਾਜ਼ੀਲੀਅਨ ਕੋਰੋਨਾਂ ਵਾਇਰਸ ਵੇਰੀਐਂਟ ਦਾ ਸਭ ਤੋਂ ਪਹਿਲਾਂ ਜਾਣਿਆ ਗਿਆ ਕੇਸ ਪਾਇਆ ਗਿਆ ਹੈ।ਮਿਨੇਸੋਟਾ ਦੇ ਸਿਹਤ ਵਿਭਾਗ (ਐਮ ਡੀ ਐਚ) ਦੁਆਰਾ ਜਾਰੀ ਇੱਕ ਬਿਆਨ ਅਨੁਸਾਰ ਵਾਇਰਸ ਦੇ ਇਸ ਰੂਪ ਦਾ ਇਹ ਮਾਮਲਾ ਟਵਿਨ ਸਿਟੀਜ਼ ਦੇ ਵਸਨੀਕ ਵਿੱਚ ਪਾਇਆ ਗਿਆ ਹੈ, ਜਿਸਨੇ ਕਿ ਹਾਲ ਹੀ ਵਿੱਚ ਬ੍ਰਾਜ਼ੀਲ ਦੀ ਯਾਤਰਾ ਕੀਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਪੀੜਤ



ਵਿਅਕਤੀ ਜਨਵਰੀ ਦੇ ਪਹਿਲੇ ਹਫਤੇ ਬਿਮਾਰ ਹੋਣ ਲੱਗ ਪਿਆ ਸੀ ਅਤੇ ਅਧਿਕਾਰੀਆਂ ਦੁਆਰਾ 9 ਜਨਵਰੀ ਨੂੰ ਉਸਦਾ ਵਾਇਰਸ ਲਈ ਪਾਜੀਟਿਵ ਟੈਸਟ ਕੀਤਾ ਸੀ। ਇਹ ਕੇਸ ਐਮ ਡੀ ਐਚ ਦੁਆਰਾ ਇੱਕ ਕੀਤੀ ਜਾਂਦੀ ਇੱਕ ਹਫਤਾਵਾਰੀ ਜਾਂਚ ਦੁਆਰਾ ਖੋਜਿਆ ਗਿਆ ਸੀ। ਸਿਹਤ ਮਾਹਿਰਾਂ ਅਨੁਸਾਰ ਵਾਇਰਸ ਦਾ ਇਹ ਰੂਪ ਵੀ ਪਿਛਲੇ ਦਿਨੀਂ ਸਾਹਮਣੇ ਆਏ ਯੂਕੇ ਵਾਇਰਸ ਵਾਂਗ ਹੀ ਜਿਆਦਾ ਤੇਜੀ ਨਾਲ ਫੈਲਦਾ ਹੈ। ਜਿਕਰਯੋਗ ਹੈ ਕਿ ਜੌਨਜ਼ ਹਾਪਕਿਨਜ਼ ਦੇ ਅੰਕੜਿਆਂ ਅਨੁਸਾਰ ਯੂ ਐਸ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਕੋਵਿਡ-19 ਦੇ 25 ਮਿਲੀਅਨ ਮਾਮਲਿਆਂ ਨੂੰ ਪਾਰ ਕਰਨ ਦੇ ਨਾਲ ਤਕਰੀਬਨ 421,000 ਮੌਤਾਂ ਨੂੰ ਵੀ ਦਰਜ ਕੀਤਾ ਹੈ।

ਦੇਸ਼ ਦੁਆਬਾ

# Freedom, Caste and Nation

Prem Kumar Chumber
Editor-In-Chief: Ambedkar Times & Desh Doaba

Babasaheb Dr. Ambedkar said that "He who is not a slave of circumstances and is always ready and striving to change them in hisfavour, I call him free. One who is not a slave of usage, customs, of meaningless rituals and ceremonies, of superstitions and traditions; whose flame of reason has not been extinguished, I call him a free man." On the freedom of India while expressing his joy he said "Independence is no doubt a matter of joy. But let us not forget that this independence has thrown on us greater responsibilities. By independence, we have lost the excuse of blaming the British for anything going wrong. If hereafter things go wrong, we will have nobody to blame except ourselves. There is a greater danger of things going wrong. Times are fast changing." The evil of caste system continues to stay with us even after sixty-eight years of India's Independence! We have to blame ourselves for this bad deed. But the first question is who are these 'ourselves'? Why they did not put the caste to an end? On the contrary, caste seems to be rather getting further strengthened given the distribution of tickets for elections to the state assemblies and the national legislature. Even grassroots electoral bodies are not spared. Babasaheb Dr. Ambedkar views that "There is no nation of Indians in the real sense of the world; it is yet to be created. In believing we are a nation, we are cherishing a great delusion. How can people divided into thousands of castes be a nation? The sooner we realize that we are not yet a nation, in a social and psychological sense of the world, the better for us", sound perfect with the current ground realities in India.

To tackle the menace of caste and to put an end to it, Babasaheb struggled with full determination and courage. He did whatever possible within his reach to root out the caste system from the social soils of India. One of his seminal contributions in that regard is the drafting of the constitution of Independent India. In his own words, "I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile." He further said "On 26th January 1950, we are going to enter into a life of contradictions. In politics, we will have equality and in social and economic structure, continue to deny the principle of one manone value. How long shall we continue to live this life of contradictions? How long shall we continue to deny equality in our social and economic life? If we continue to deny it for long, we will do so only by putting our political democracy in peril. We must remove this contradiction at the earliest possible moment else those who suffer from inequality will blow up the structure of democracy which this Constituent Assembly has so laboriously built up."

Let us take a lesson from the warning of Babasaheb and join our hand to annihilate caste from India and usher in a new era of social democracy which facilitates the fulfillment of his dreams India: free from the evil of caste and vibrant with social justice and peace all around.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-165

## ਛੱਜੂ ਭਗਤ ਤੇ ਛੱਜੂ ਦਾ ਚੁਬਾਰਾ



ਅਵਤਾਰ ਸਿੰਘ ਮਿਸ਼ਨਰੀ
510-432-5827

ਛੱਜੂ ਭਗਤ ਲਾਹੌਰ ਦਾ ਰਹਿਣ ਵਾਲਾ ਅਤੇ ਸਰਾਫ਼ੀ ਦੀ ਦੁਕਾਨ ਕਰਦਾ ਸੀ। ਛੱਜੂ ਅਤੇ ਸਰਾਫ਼ੀ ਦੀ ਦੁਕਾਨ ਕਰਦਾ ਸੀ। ਛੱਜੂ ਉਹਨਾਂ ਭਗਤਾਂ ਪੀਲੂ, ਕਾਹਨਾ ਤੇ ਸ਼ਾਹ ਹੁਸੈਨ ਚੋਂ ਇਕ ਸੀ ਭਗਤਾਂ ਪੀਲੂ, ਕਾਹਨਾ ਤੇ ਸ਼ਾਹ ਹੁਸੈਨ ਚੋਂ ਇਕ ਸੀ ਜਿਸ ਦੀ ਰਚਨਾ ਗੁਰਮਤਿ ਨਾਲ ਮੇਲ ਨਹੀਂ ਸੀ ਖਾਂਦੀ ਤਾਂ ਹੀ ਗੁਰੂ ਅਰਜਨ ਪਾਤਸ਼ਾਹ ਨੇ "ਸ਼ਬਦ ਗੁਰੂ ਗਰੰਥ" ਵਿਖੇ ਨਹੀਂ ਨੇ "ਸ਼ਬਦ ਗੁਰੂ । ਛੱਜੂ ਭਗਤ ਨੇ ਨਹੀਂ ਜੱਟ ਤੇ ਸੁਥਰੇ ਵਾਂਗ ਸਲੋਕ ਉਚਾਰੇ ਅਤੇ ਇਸਦੀ ਨਾਥਾਂ ਵਰਗੀ ਬੋਲੀ ਸੀ। ਸਰਾਫ਼ੀ ਕਰਨ ਕਰਕੇ ਛੱਜੂ ਭਗਤ ਬਾਰੇ ਅਖਾਣ ਹੈ-ਜੋ ਸੁੱਖ ਛੱਜੂ ਦੇ ਚੁਬਾਰੇ।ਉਹ ਬਲਖ਼ ਨਾ ਬੁਖਾਰੇ।

**ਜੀਵਨ-** ਛੱਜੂ ਭਗਤ ਦੀ ਰਚਨਾ ਜੋ ਸ਼ਲੋਕਾਂ ਅਤੇ ਛੰਦਾਂ ਵਿੱਚ ਹੈ। ਇਹ ਭਾਟੀਆ ਜਾਤੀ ਨਾਲ ਸੰਬਧਤ ਤੇ ਜਹਾਂਗੀਰ ਦਾ ਸਮਕਾਲੀ ਸੀ। ਛੱਜੂ ਪੰਥੀਆ ਨਿਯਮ ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ (ਪਾਕਿਸਤਾਨ) ਹੈ। ਛੱਜੂ ਦੀ ਸੈਲੀ (ਪਾਕਿਸਤਾਨ) ਹੈ। ਛੱਜੂ ਦੀ ਜੱਟ ਅਤੇ ਸੁਥਰੇ ਵਰਗੀ ਹੈ। ਛੱਜੂ ਭਗਤ ਦੀ ਚਾਲ ਮੱਠੀ ਤੇ ਉਸ ਦੀ ਸ਼ਬਦਾਵਲੀ !ਚ ਰਸ ਘੱਟ ਹੈ। ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਦੀ ਰਚਨਾ ਵਧੇਰੇ ਸਾਹਿਤਕ ਰੂਪ ਰੰਗ ਵਾਲੀ ਹੈ। ਆਪ ਜੀ ਦੀ ਰਚਨਾ ਥੋੜੈਹੀ ਚੁਟਕਲੇ ਬਾਜ਼ੀ ਵਾਲੀ ਵੀ ਹੈ। ਆਪ ਦੀ ਰਚਨਾ ਦਾ ਵਿਸ਼ੇ ਪਰੰਪਰਾਗਤ ਰੂਪ ਵਾਲਾ ਹੈ। ਕਹਿੰਦੇ ਹਨ ਛੱਜੂ ਭਗਤ ਵੈਰਾਗੀ ਤੇ ਇਸਤਰੀਆਂ ਦਾ ਨਿੰਦਕ ਸੀ ਇਸੇ ਕਰਕੇ ਗੁਰੂ ਅਰਜਨ ਪਾਤਸ਼ਾਹ ਨੇ ਇਸ ਦੀ ਬਾਣੀ "ਸ਼ਬਦ ਗੁਰੂ ਗਰੰਥ" ਵਿਖੇ ਨਹੀਂ ਸੀ ਨੇ "ਸ਼ਬਦ ਗੁਰੂ -
ਕਾਗਦ ਸੰਦੀ ਪੁਤਲੀ ਤਓ ਤੈਰਿਆ ਨਿਹਾਰ। ਯੋਹੀ ਮਾਰ ਲਿਜਾਵਹੀ ਯਥਾ ਬਲੋਚਨ ਧਾੜ।

**ਰਚਨਾਵਾਂ-** ਛੱਜੂ ਨੇ ਵੱਖ-ਵੱਖ ਸਲੋਕ ਲਿਖੇ ਨੇ ਵੱਖ-ਵੱਖ ਸਲੋਕ ਲਿਖੇ ਜਿਹਨਾਂ ਵਿੱਚ ਸ਼ਬਦ ਰਾਚਨਾ ਧਨਾਸਰੀ, ਆਸਾ, ਗੁਜਰੀ ਆਦਿਕ ਹਨ, ਵਿੱਚ ਸ਼ਬਦ ਰਾਚਨਾ ਧਨਾਸਰੀ, ਆਸਾ, ਗੁਜਰੀ ਆਦਿਕ ਹਨ। ਛੱਜੂ ਭਗਤ ਲਹੌਰੀਆ ਤੇ ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਦਾ ਕੀਤਾ ਭਗਵਦ ਗੀਤਾ ਦਾ ਨਜ਼ਮੀ ਤਰਜਮਾ ਤੇ ਮਹਾਤਮ ਦਾ ਨਸਰੀ ਓਲਥਾ ਮਿਲਦਾ ਹੈ। ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਤੋਂ ਪਹਿਲਾਂ ਦਾ ਕੋਈ ਉਲਥਾ ਪੰਜਾਬੀ, ਸੰਸਕ੍ਰਿਤ ਗਰੰਥ ਦਾ ਹੋਇਆ ਨਹੀਂ ਜਾਪਦਾ।

**ਅਨਾਕਲੀ ਵਿਖੇ ਛੱਜੂ ਦਾ ਚੁਬਾਰਾ-** ਪਿਛੋਕੜ ਅਤੇ ਜਾਣ ਪਹਿਚਾਣ-ਬਲਖ਼-ਬੁਖ਼ਾਰੇ ਤੋਂ ਵੀ ਵੱਧ ਸੁੱਖ ਤੇ ਸਕੂਨ ਦੇਣ ਵਾਲਾ ਛੱਜੂ ਦਾ ਚੁਬਾਰਾ ਨਾ ਤਾਂ ਕਾਲਪਨਿਕ ਅਤੇ ਨਾ ਹੀ ਇਹ ਸ਼ਬਦ ਮਹਿਜ਼ ਤੁਕਬੰਦੀ ਲਈ ਵਰਤਿਆ ਗਿਆ ਹੈ। ਅਸਲ ਵਿੱਚ ਛੱਜੂ ਦਾ ਚੁਬਾਰਾ ਜੋ ਦੇਸ਼ ਦੀ ਵੰਡ ਤੋਂ ਪਹਿਲਾਂ ਹਿੰਦੂਆਂ ਦਾ ਪ੍ਰਸਿੱਧ ਅਸਥਾਨ ਹੋਇਆ ਕਰਦਾ ਸੀ ਅੱਜ ਵੀ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਮੌਜੂਦ ਹੈ। ਮੌਜੂਦਾ ਸਮੇਂ ਇਸ ਅਸਥਾਨ 'ਤੇ ਲਾਹੌਰ ਦੇ ਮੈਓ ਹਸਪਤਾਲ ਨੇ ਆਪਣਾ ਕਬਜ਼ਾ ਕਰ ਰੱਖਿਐ ਜਦ ਕਿ ਇਸ ਦਾ ਕਾਫ਼ੀ ਹਿੱਸਾ ਬੇਗ਼ਮ ਸ਼ਮਸ ਸ਼ਹਾਬਉੱਦੀਨ ਕਾਨਵਲੈਸੱਅੰਟ ਹੋਮ ਦੇ ਕਬਜ਼ੇ ਅਧੀਨ ਹੈ। ਛੱਜੂ ਭਾਟੀਆ (ਖੱਤਰੀ) ਲਾਹੌਰ ਦਾ ਨਿਵਾਸੀ, ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਨ ਦੇ ਸਮੇਂ ਲਾਹੌਰ ਵਿੱਚ ਹੀ ਸੁਨਿਆਰੇ ਦਾ ਕੰਮ ਕਰਦਾ ਸੀ। ਹਰ ਸਮੇਂ ਪ੍ਰਭੂ ਭਗਤੀ ਅਤੇ ਸਾਧੂ, ਫ਼ਕੀਰਾਂ ਅਤੇ ਯਾਤਰੂਆਂ ਦੀ ਸੇਵਾ ਵਿੱਚ ਰੁੱਝਿਆ ਰਹਿਣ ਕਰਕੇ ਉਹ ਛੱਜੂ ਭਾਟੀਆ ਦੀ ਬਜਾਏ ਛੱਜੂ ਭਗਤ ਦੇ ਨਾਂਅ ਤੋਂ ਜਾਣਿਆ ਜਾਣ ਲੱਗਾ। ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਦੇ ਸਫ਼ਾ 485 ਅਨੁਸਾਰ ਛੱਜੂ ਭਗਤ ਦਾ ਚੁਬਾਰਾ ਲਾਹੌਰ ਦੀ ਪੁਰਾਣੀ ਅਨਾਰਕਲੀ ਵਿੱਚ ਮੈਓ ਹਸਪਤਾਲ ਦੇ ਨਾਲ ਹੀ ਰਤਨ ਚੰਦ ਦੀ ਸਰਾਂ ਦੇ ਦੱਖਣ ਵੱਲ ਹੈ। ਛੱਜੂ ਭਗਤ ਦੇ ਫਿਰਕੇ ਨੂੰ ਲੋਕ ਛੱਜੂ ਪੰਥੀ ਅਤੇ ਦਾਦੂ ਪੰਥੀ ਕਹਿ ਕੇ ਸੰਬੋਧਨ ਕਰਦੇ ਹਨ। ਇਸ ਫਿਰਕੇ ਦਾ ਮੁੱਖ ਅਸਥਾਨ ਮਿੰਟਗੁਮਰੀ (ਹੁਣ ਸਾਹੀਵਾਲ) ਦੀ ਤਹਿਸੀਲ ਮਲਕਾ-ਹਾਂਸ ਵਿੱਚ ਹੈ। ਛੱਜੂ ਭਗਤ ਦੇ ਫਿਰਕੇ ਦੇ ਨਿਯਮ ਹਿੰਦੂਆਂ ਅਤੇ ਮੁਸਲਮਾਨ ਧਰਮ ਦੇ ਮਿਲਵੇਂ ਹਨ। ਇਸ ਫਿਰਕੇ ਦੇ ਲੋਕ ਨਾ ਕੋਈ ਨਸ਼ਾ ਵਰਤਦੇ ਅਤੇ ਨਾ ਹੀ ਮਾਸ ਖਾਂਦੇ ਹਨ। ਛੱਜੂ ਭਗਤ ਦੇ ਬਾਰੇ ਇਹ ਵੀ ਪੜਨ ਨੂੰ ਮਿਲਦੈ ਕਿ ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਨੇ ਹੀ ਪਹਿਲੀ ਵਾਰ ਸੂਫ਼ੀ ਕਵੀ ਲਾਲ ਹੁਸੈਨ ਨੂੰ ਸ਼ਾਹ ਹੁਸੈਨ ਕਹਿ ਕੇ ਸੰਬੋਧਨ ਕੀਤਾ ਸੀ। ਸਿੱਖ ਵਿਦਵਾਨਾਂ ਅਨੁਸਾਰ ਛੱਜੂ ਭਗਤ ਨੇ ਲਾਹੌਰ ਵਿੱਚ ਹੀ ਪਹਿਲੀ ਵਾਰ ਗੁਰੂ ਅਰਜਨ ਸਾਹਿਬ ਦੇ ਵੀ ਦਰਸ਼ਨ ਕੀਤੇ। ਸਯਦ ਮੁਹੰਮਦ ਲਤੀਫ਼ (ਸੰਨ 1892) ਨੇ ਪੁਸਤਕ 'ਲਾਹੌਰ' ਦੇ ਸਫ਼ਾ 207 'ਤੇ ਛੱਜੂ ਭਗਤ ਦੇ ਸਬੰਧ ਵਿੱਚ ਲਿਖਿਐ ਕਿ ਰੱਬੀ ਸੁਭਾਅ ਹੋਣ ਕਰਕੇ ਛੱਜੂ ਭਗਤ ਲਈ ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਨ ਦੇ ਦਿਲ ਵਿੱਚ ਵਿਸ਼ੇਸ਼ ਇੱਜ਼ਤ ਰਹੀ। ਹਿੰਦੂ-ਮੁਸਲਮਾਨ ਕਿਸੇ ਅਵਤਾਰ ਵਾਂਗ ਉਸ ਦੀ ਪੂਜਾ ਕਰਦੇ ਸਨ।

ਸੰਨ 1640 ਵਿੱਚ ਆਪਣੇ ਅੰਤ ਸਮੇਂ ਛੱਜੂ ਭਗਤ ਆਪਣੇ ਕਮਰੇ ਵਿੱਚ ਗਿਆ ਅਤੇ ਕਾਫੀ ਸਮੇਂ ਤੱਕ ਬਾਹਰ ਨਾ ਆਇਆ ਤੇ ਓਥੇ ਸਰੀਰ ਤਿਆਗ ਗਿਆ। ਉਸ ਦੇ ਸ਼ਰਧਾਲੂਆਂ ਨੇ ਉਸ ਜਗਾ ਉਸੇ ਕਮਰੇ ਵਿੱਚ ਇੱਕ ਸਫ਼ੈਦ ਸੰਗਮਰਮਰ ਦਾ ਥੜਾ ਤਿਆਰ ਕਰਕੇ ਉਸ ਉੱਪਰ ਛੱਜੂ ਭਗਤ ਦੀ ਸਮਾਧ ਬਣਾ ਦਿੱਤੀ। ਛੱਜੂ ਭਗਤ ਦੇ ਚੁਬਾਰੇ 'ਚ ਠਹਿਰਨ ਵਾਲੇ ਸਾਧੂਆਂ, ਫ਼ਕੀਰਾਂ ਅਤੇ ਰਾਹਗੀਰਾਂ ਨੂੰ ਮੁਫ਼ਤ ਭੋਜਨ, ਫਲ ਅਤੇ ਪਹਿਨਣ ਲਈ ਕੱਪੜੇ ਦਿੱਤੇ ਜਾਂਦੇ ਸਨ। ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਥਾਨ 'ਤੇ ਕੁਝ ਸ਼ਾਹੀ ਹਕੀਮ ਵੀ ਰੱਖੇ ਹੋਏ ਸਨ ਜੋ ਸਭ ਦਾ ਮੁਫ਼ਤ ਇਲਾਜ ਕਰਦੇ ਸਨ। ਸੰਭਵ ਹੈ ਉਸੇ ਦੌਰਾਨ ਇਥੋਂ ਇਸ ਪ੍ਰਕਾਰ ਦੀਆਂ ਮਿਲਣ ਵਾਲੀਆਂ ਸੇਵਾਵਾਂ ਅਤੇ ਇਸ ਦੇ ਆਸ-ਪਾਸ ਦੇ ਸ਼ਾਂਤ ਅਤੇ ਖ਼ੁਸ਼ਗਵਾਰ ਵਾਤਾਵਰਨ ਕਰਕੇ ਇਸ ਸਥਾਨ ਨਾਲ ਸਬੰਧਤ ਇਹ ਅਖਾਣ 'ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ਼ ਨਾ ਬੁਖ਼ਾਰੇ' ਮਸ਼ਹੂਰ ਹੋ ਗਿਆ ਹੋਵੇਗਾ।

ਛੱਜੂ ਦਾ ਚੁਬਾਰਾ ਲਹੌਰ ਵਿਖੇ ਸਥਿਤ ਇਹ ਉਹ ਇਤਿਹਾਸਕ 'ਛੱਜੂ ਦਾ ਚੁਬਾਰਾ' ਏ ਜਿਸ ਨੇ ਕਹਾਵਤ ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ ਨੂੰ ਜਨਮ ਦਿੱਤਾ ਸੀ। ਛੱਜੂ ਦਾ ਚੁਬਾਰਾ ਮੇਓ ਹਸਪਤਾਲ ਦੇ ਨੇੜੇ, ਰਤਨ ਚੰਦ ਦੀ ਸਰਾਏ ਦੇ ਦੱਖਣ ਵੱਲ ਅਨਾਰਕਲੀ ਰੋਡ ਲਾਹੌਰ ਤੇ ਸਥਿਤ ਹੈ। ਇਹ ਸੰਪਤੀ ਪੇਸ਼ੇ ਤੋਂ ਸੁਨਿਆਰੇ ਭਗਤ ਛੱਜੂ ਭਾਟੀਆ ਨਾਲ ਸਬੰਧਤ ਅਤੇ ਭਾਰਤ ਪਾਕਿ ਵੰਡ ਦੇ ਬਾਅਦ ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਔਕਾਫ) ਦੇ ਕੰਟਰੋਲ ਤਹਿਤ ਵਿਰਾਸਤੀ ਜਗਾ ਹੈ।

ਜੱਗਾ ਸਿੰਘ ਆਦਮਕੇ ਨੇ ਚੁਬਾਰੇ ਦੀ ਵਿਆਖਿਆ ਕੁਝ ਇਵੇਂ ਕੀਤੀ ਕਿ ਪੁਰਾਤਨ ਸਮਿਆਂ ਤੋਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਚੁਬਾਰਾ ਇਮਾਰਤ ਉਸਾਰਨ ਦਾ ਹਿੱਸਾ ਰਿਹਾ ਹੈ। ਹਿੰਦੂ ਮੁਸਲਮਾਨੀ ਧਰਮ ਦੇ ਮਿਲਵੇਂ ਹਨ। ਇਹਨਾਂ ਦਾ ਮੁੱਖ ਅਸਥਾਨ ਮਲਕਾ ਹਾਂਸ ਜਿਹਨਾਂ ਮਿੰਟਗੁਮਰੀ ਇਮਾਰਤਾਂ ਵਿੱਚੋਂ ਕੁਝ ਦਾ ਇਤਿਹਾਸ ਨਾਲ ਸਬੰਧ ਰਿਹਾ ਹੈ। ਉੱਤਰੀ ਭਾਰਤ ਤੇ ਖਾਸ ਕਰਕੇ ਪੰਜਾਬੀਆਂ ਦੇ ਘਰ ਦਾ ਚੁਬਾਰਾ ਮਹੱਤਵ ਪੂਰਨ ਹਿੱਸਾ ਰਿਹਾ ਹੈ। ਚੁਬਾਰਾ ਆਮ ਕਰਕੇ ਪਿੰਡਾਂ ਵਿੱਚ ਗਿਣੇ ਚੁਣੇ ਘਰਾਂ ਵਿੱਚ ਹੁੰਦਾ ਸੀ। ਜਿੱਥੇ ਸਰਦੇ ਪੁੱਜਦੇ ਘਰ ਚੁਬਾਰਾ ਪਾ ਕੇ ਆਪਣੀ ਸ਼ਾਨੋ ਸ਼ੌਕਤ ਦਾ ਪ੍ਰਗਟਾਵਾ ਕਰਦੇ ਸਨ, ਉਥੇ ਤੰਗ ਘਰਾਂ ਵਾਲੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਚੁਬਾਰਾ ਪਾਉਂਦੇ ਸਨ। ਸ਼ਹਿਰਾਂ ਵਿੱਚ ਵੀ ਭੀੜੇ ਘਰਾਂ ਵਿੱਚ ਵਰਤੋਂ ਲਈ ਚੁਬਾਰਾ ਬਣਇਆ ਜਾਂਦਾ ਹੈ। ਚੁਬਾਰਾ ਗਲੀ ਉੱਪਰ ਪਾਇਆ ਜਾਂਦਾ ਹੈ। ਜਿਵੇਂ ਚੁਬਾਰੇ ਦੇ ਨਾਂ ਤੋਂ ਸਪੱਸ਼ਟ ਹੈ ਕਿ ਇਹ ਅਜਿਹਾ ਢਾਂਚਾ ਹੈ, ਜਿਸ ਦੇ ਆਸੇ-ਪਾਸੇ ਤਾਕੀਆਂ ਦਰਵਾਜ਼ੇ ਹੋਣ। ਅਜਿਹਾ ਹੋਣ ਕਾਰਨ ਗਰਮੀ ਦੇ ਮੌਸਮ ਵਿੱਚ ਚੁਬਾਰਾ ਹਵਾਦਾਰ ਹੁੰਦਾ ਹੈ। ਲਾਹੌਰ ਵਿੱਚ ਭਗਤ ਛੱਜੂ ਦਾ ਚੁਬਾਰਾ ਕਾਫੀ ਪ੍ਰਸਿੱਧ ਹੈ। ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚਲੇ ਭਗਤ ਛੱਜੂ ਦੇ ਚੁਬਾਰੇ ਵਾਲੇ ਸਥਾਨ ਉੱਤੇ ਉਸਦੀ ਸਮਾਧ ਅੱਜ ਵੀ ਮੌਜੂਦ ਹੈ। ਭਗਤ ਛੱਜੂ ਦੇ ਚੁਬਾਰੇ ਵਿੱਚ ਆਨੰਦ ਨਾਲ ਰਹਿਣ ਕਾਰਨ ਇਸ ਦੇ ਆਨੰਦ ਨੂੰ ਬਲਖ ਬੁਖਾਰੇ ਦੇ ਆਨੰਦ ਤੋਂ ਚੰਗਾ ਦਰਸਾਉਂਦੇ ਅਖਾਣ ਪ੍ਰਸਿੱਧ ਹੈ-ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ।

ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮ ਦਾਸ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਚੁਬਾਰਾ ਸਾਹਿਬ ਪ੍ਰਸਿੱਧ ਹੈ। ਘਰ ਤੋਂ ਉਪਰ ਹੋਣ ਕਾਰਨ ਚੁਬਾਰਾ ਕਿਸੇ ਵਿਅਕਤੀ ਵਿਸ਼ੇਸ਼ ਨੂੰ ਲੁਕਾਉਣ ਜਾਂ ਸ਼ਰਨ ਦੇਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸੇ ਤਰਾਂ ਭਾਰਤ ਦੇ ਆਜ਼ਾਦੀ ਸੰਗਰਾਮ ਸਮੇਂ ਦੇਸ਼ ਭਗਤ ਚੁਬਾਰਿਆਂ ਵਿੱਚ ਸ਼ਰਨ ਲੈਂਦੇ ਸਨ। ਇਕਾਂਤ ਤੇ ਸ਼ਾਂਤ ਵਾਤਾਵਰਨ ਹੋਣ ਕਾਰਨ ਚੁਬਾਰੇ ਕਲਾਕਾਰਾਂ ਤੇ ਸਾਹਿਤਕਾਰਾਂ ਦੀ ਪਸੰਦ ਅਤੇ ਠਾਹਰ ਰਹੇ ਹਨ। ਚੁਬਾਰਿਆਂ ਨਾਲ ਅਤੇ ਸਰਾਫ਼ੀ ਦੀ ਦੁਕਾਨ ਕਰਦਾ ਸੀ। ਛੱਜੂ ਉਹਨਾਂ ਭਗਤਾਂ ਪੀਲੂ, ਕਾਹਨਾ ਤੇ ਸ਼ਾਹ ਹੁਸੈਨ ਚੋਂ ਇਕ ਸੀ, ਦੀਆਂ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਹਨ। ਚੁਬਾਰੇ ਦੀ ਮਹੱਤਤਾ ਦਾ ਅਨੁਮਾਨ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਅਨੇਕਾਂ ਗੀਤਾਂ ਤੇ ਲੋਕ ਗੀਤਾਂ ਤੇ ਲੋਕ ਗੀਤਾਂ ਵਿੱਚ ਚੁਬਾਰੇ ਦਾ ਜ਼ਿਕਰ ਹੈ। ਇੱਛਾ ਹੁੰਦੀ ਕਿ ਅਤੇ ਸਰਾਫ਼ੀ ਦੀ ਦੁਕਾਨ ਕਰਦਾ ਸੀ। ਛੱਜੂ ਉਹਨਾਂ ਭਗਤਾਂ ਪੀਲੂ, ਕਾਹਨਾ ਤੇ ਸ਼ਾਹ ਹੁਸੈਨ ਚੋਂ ਇਕ ਸੀ, ਦੇ ਘਰ ਵੀ ਚੁਬਾਰਾ ਹੋਵੇ। ਇਸੇ ਕਰਕੇ ਚੁਬਾਰੇ ਪਾਉਣ ਦੀ ਇੱਛਾ ਪਤਨੀ ਵੱਲੋਂ ਪਤੀ ਅੱਗੇ ਕੁਝ ਇਸ ਤਰਾਂ ਰੱਖੀ ਜਾਂਦੀ ਹੈ-



ਮੈਨੂੰ 'ਕੱਲੀ ਨੂੰ ਚੁਬਾਰਾ ਪਾ ਦੇ ਰੋਹੀ ਵਾਲਾ ਜੰਡ ਵੱਢ ਕੇ।ਚੁਬਾਰਾ ਬਣਾਉਣ ਵਿੱਚ ਜੰਡ ਦੇ ਰੁੱਖ ਦਾ ਖਾਸ ਮਹੱਤਵ ਮੰਨਿਆ ਜਾਂਦਾ ਹੈ। ਇਸੇ ਕਰਕੇ ਜੰਡ ਦੇ ਜ਼ਿਕਰ ਚੁਬਾਰੇ ਨਾਲ ਅਕਸਰ ਹੀ ਆਉਂਦਾ ਹੈ-ਰੋਹੀ ਵਾਲਾ ਜੰਡ ਵੱਢ ਕੇ, ਤੈਨੂੰ ਕੱਲ ਨੂੰ ਪਵਾ ਦੂੰ ਚੁਬਾਰਾ। ਰਾਇਆ ਰਾਇਆ ਰਾਇਆ, ਜਿਉਣ ਯੋਗੇ ਕਾਰੀਗਰ ਨੇ ਜੰਡ ਵੱਢ ਕੇ ਚੁਬਾਰਾ ਪਾਇਆ।

ਜਿੱਥੇ ਹਰ ਕਿਸੇ ਦੀ ਖ਼ਾਹਸ਼ ਹੁੰਦੀ ਕਿ ਉਸ ਦੇ ਘਰ ਚੁਬਾਰਾ ਹੋਵੇ, ਉਥੇ ਦੂਸਰਿਆਂ ਵੱਲੋਂ ਚੁਬਾਰਾ ਬਣਾਉਣਾ ਕੁਝ ਲੋਕਾਂ ਨੂੰ ਰੜਕਣਾ ਵੀ ਲਾਜ਼ਮੀ ਹੈ-ਰੋਹੀ ਵਾਲਾ ਜੰਡ ਵੱਢ ਕੇ, ਲੰਡੇ ਚਿੜੇ ਨੇ ਚੁਬਾਰਾ ਪਾਇਆ।

ਚੁਬਾਰੇ ਚੜਾ ਕੇ ਪੈਣਾ ਬੇਫਿਕਰੇ ਹੋਣ ਦਾ ਵੀ ਪ੍ਰਤੀਕ ਹੈ। ਇਸੇ ਕਾਰਨ ਇੱਕ ਧੀ ਆਪਣੇ ਪਿਤਾ ਨੂੰ ਕੁਝ ਇਸ ਤਰਾਂ ਸੁਚੇਤ ਕਰਦੀ-

ਚੜ੍ਹਾ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ। ਤੂੰ ਸੁੱਤਾ ਲੋਕੀਂ ਜਾਗਦੇ, ਘਰ ਬੇਟੜੀ ਹੋਈ ਮੁਟਿਆਰ।

ਚੁਬਾਰੇ ਪਾਉਣ ਦੀ ਚਾਹਤ ਵਿੱਚ ਲੋਕ ਗੀਤਾਂ ਵਿੱਚ ਕਈ ਵਾਰ ਕਲਪਨਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਲਈਆਂ ਜਾਂਦੀਆਂ ਹਨ-

ਤੇਰੀ ਮੁੱਛ 'ਤੇ ਚੁਬਾਰਾ ਪਾਉਂਦੀ, ਜੇ ਮੈਂ ਹੁੰਦੀ ਜ਼ੈਲਦਾਰਨੀ।

ਚੁਬਾਰਾ ਕੁਝ ਲੋਕਾਂ ਦੀ ਆਜ਼ਾਦ ਹੋਂਦ ਅਤੇ ਦੂਸਰਿਆਂ ਨੂੰ ਆਪਣੀ ਹੋਂਦ ਵਿਖਾਉਣ ਦਾ ਸਾਧਨ ਮੰਨਿਆ ਜਾਂਦਾ ਹੈ-

ਅਸਾਂ ਤਾਂ ਮਾਹੀਆ ਦਰ ਦੇ ਸਾਹਮਣੇ ਉੱਚਾ ਚੁਬਾਰਾ ਪਾਉਣਾ।

ਵੱਖਰੇ ਹੋ ਕੇ ਮਰਜ਼ੀ ਕਰਨੀ ਆਪਣਾ ਹੁਕਮ ਚਲਾਉਣਾ।

ਬਈ ਰੱਖਣਾ ਤਾਂ ਤੇਰੀ ਮਰਜ਼ੀ ਪੇਕੇ ਜਾ ਕੇ ਮੜਕ ਨਾਲ ਆਉਣਾ। ਰੱਖਣਾ ਤਾਂ ਤੇਰੀ ਮਰਜ਼ੀ..

ਜਿੱਥੇ ਮੁਟਿਆਰਾਂ ਨੂੰ ਚੁਬਾਰੇ ਦੀ ਇਕਾਂਤ ਤੇ ਖੁੱਲੇ ਵਾਤਾਵਰਨ ਵਿੱਚ ਬੈਠ ਕੇ ਕੱਤਣਾ, ਕੱਢਣਾ ਚੰਗਾ ਲੱਗਦਾ, ਉਥੇ ਮੁਟਿਆਰ ਧੀਆਂ ਦਾ ਇੱਕਲੇ ਚੁਬਾਰੇ ਚੁੜਣਾ ਮਾਪਿਆਂ ਨੂੰ ਚਿੰਤਤ ਕਰਦਾ। ਇਸ ਸਬੰਧੀ ਮਾਪੇ ਪੂਰੇ ਸੁਚੇਤ ਹੋ ਕੇ ਰਹਿੰਦੇ ਅਤੇ ਕਿਸੇ ਕਿਸਮ ਦਾ ਸ਼ੱਕ ਪੈਣ 'ਤੇ ਕੁਝ ਇਸ ਤਰਾਂ ਪੁੱਛਦੇ-

ਛੋਲੇ ਛੋਲੇ ਛੋਲੇ ਧੀਏ ਕੌਣ ਨੀਂ ਚੁਬਾਰੇ ਵਿੱਚ ਬੋਲੇ। ਅੱਗੋਂ ਚੁਬਾਰੇ ਚਰਖਾ ਡਾਹ ਕੇ ਕੱਤਦੀ ਧੀ ਦਾ ਜਵਾਬ ਕੁਝ ਇਸ ਤਰਾਂ ਹੁੰਦਾ-ਛੋਲੇ ਛੋਲੇ ਛੋਲੇ ਬਾਪੂ ਜੀ ਨੂੰ ਭਰਮ ਪਿਆ 'ਕੱਲੀ ਬਾਪੂ ਮੈਂ ਹੋਵਾਂ ਦੂਜੀ ਗੁੱਝ ਚਰਖੇ ਦੀ ਬੋਲੇ। ਚੁਬਾਰੇ ਵਿੱਚ ਖਾਸ-ਮ-ਖਾਸ ਮਹਿਮਾਨਾਂ ਨੂੰ ਠਹਿਰਾਉਣ ਦਾ ਵੀ ਮਹੱਤਵ ਹੈ-ਲੱਡੂ ਖਾ ਕੇ ਚੁਬਾਰੇ ਵਿੱਚੋਂ ਨਿਕਲੀ, ਮੱਖੀਆਂ ਨੇ ਪੈੜ ਨੱਪ ਲਈ।

ਜਿੱਥੇ ਚੁਬਾਰੇ ਵਿੱਚੋਂ ਸਾਰਾ ਆਲਾ ਦੁਆਲਾ ਵਿਖਾਈ ਦਿੰਦਾ, ਉਥੇ ਨੇੜੇ ਤੇੜੇ ਦੇ ਲੋਕਾਂ ਨੂੰ ਚੁਬਾਰੇ ਚੜ੍ਹਾਨ ਉੱਤਰਨ ਵਾਲੇ ਲੋਕ ਵਿਖਾਈ ਦਿੰਦੇ ਹਨ। ਨਵ-ਵਿਆਹੁਤਾ ਮੁਟਿਆਰਾਂ ਦਾ ਚੁਬਾਰੇ ਚੜ੍ਹਾਈਆਂ ਦਾ ਹਾਰ ਸ਼ਿੰਗਾਰ ਵੀ ਅਜਿਹੇ ਲੋਕਾਂ ਦਾ ਧਿਆਨ ਖਿੱਚਦਾ-

ਉੱਚਾ ਚੁਬਾਰਾ, ਕੂਚੀਆਂ ਅੱਡੀਆਂ ਝਾਂਜਰ ਪਾ ਪਾ ਚੜਦੀ। ਜਿੱਥੇ ਚੁਬਾਰਾ ਹੋਣਾ ਮਾਨ ਸਨਮਾਨ ਤੇ ਸੁੱਖ ਸਹੂਲਤਾਂ ਦਾ ਪੈਰਤੀਕ ਹੈ, ਉਥੇ ਇਸ ਦੇ ਢਹਿਣਾ ਸਬੰਧਿਤ ਮਾਲਕ ਦਾ ਵੱਡਾ ਨੁਕਸਾਨ ਹੋਣਾ ਹੈ। ਇਸੇ ਕਰਕੇ ਕਿਸੇ ਨੂੰ ਹਾਨੀ ਪਹੁੰਚਾਉਣ ਲਈ ਚੁਬਾਰਾ ਢਹਿਣ ਦੀ ਇੱਛਾ ਦਾ ਜ਼ਿਕਰ ਲੋਕ ਗੀਤਾਂ ਵਿੱਚ ਮਿਲਦਾ ਹੈ-ਜੇਠ ਜਠਾਣੀ ਮਿੱਟੀ ਲਾਉਂਦੇ ਮੈਂ ਢੋਂਦੀ ਸੀ ਗਾਰਾ। ਮੇਰੀ ਹਾਅ ਲੱਗ ਜੇ ਸਿਖਰੋਂ ਡਿੱਗੇ ਚੁਬਾਰਾ। ਚੁਬਾਰਾ ਅੱਜ ਵੀ ਘਰਾਂ ਦੇ ਉਸਾਰੀ ਦਾ ਅਹਿਮ ਹਿੱਸਾ ਹੈ, ਪਰ ਅੱਜ ਉਸ ਦੇ ਬਣਾਉਣ ਲਈ ਜੰਡ ਦਾ ਰੁੱਖ ਵੱਢਣ ਦੀ ਜ਼ਰੂਰਤ ਨਹੀਂ ਪੈਂਦੀ। ਪਹਿਲਾਂ ਵਾਲੇ ਕੱਚੇ ਚੁਬਾਰਿਆਂ ਦੀ ਬਜਾਏ ਸੁੰਦਰ ਬਣਤਰ ਵਾਲੇ ਚੁਬਾਰੇ ਬਣਾਏ ਜਾ ਰਹੇ ਹਨ। ਅੱਜ ਦੀਆਂ ਕੋਠੀਆਂ ਦੇ ਉਪਰ ਵਿਸ਼ਾਲ ਹਿੱਸੇ ਨੂੰ ਚੁਬਾਰੇ ਦਾ ਰੂਪ ਦਿੱਤਾ ਜਾਂਦਾ ਹੈ। ਇਹਨਾਂ ਚੁਬਾਰਿਆਂ ਨੂੰ ਪੌੜੀਆਂ ਵੀ ਅੰਦਰੋਂ ਚੜੈਹਦੀਆਂ ਹਨ। ਸਾਦੇ ਘਰਾਂ ਵਿੱਚ ਵੀ ਚੁਬਾਰਾ ਪਾਉਣਾ ਸੁੱਖ ਦੇ ਸਾਧਨ ਅਤੇ ਸ਼ਾਨ ਦਾ ਪ੍ਰਤੀਕ ਹੈ। ਲੋਕ ਦਿਲਾਂ ਵਿੱਚ ਚੁਬਾਰਾ ਪਾਉਣ ਅਤੇ ਉਸ ਦਾ ਆਨੰਦ ਲੈਣ ਦੀਆਂ ਖਵਾਹਿਸ਼ਾਂ ਬਰਕਰਾਰ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਜੋਅ ਬਾਈਡੇਨ ਨੇ ਟਵਿੱਟਰ ਦੇ ਰਾਸ਼ਟਰਪਤੀ ਪਦ ਨਾਲ ਸੰਬੰਧਿਤ ਅਕਾਉਂਟ ਤੋਂ ਕੀਤਾ ਪਹਿਲਾ ਟਵੀਟ

**ਫਰਿਜ਼ਨੋ (ਕੈਲੀਫੋਰਨੀਆਂ), 21 ਜਨਵਰੀ 2021–** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਕੰਮ ਸ਼ੁਰੂ ਕਰ ਦਿੱਤਾ ਹੈ। ਆਪਣੇ ਕੰਮਾਂ ਅਤੇ ਨੀਤੀਆਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਬਾਈਡੇਨ ਨੇ ਸ਼ੋਸ਼ਲ ਮੀਡੀਆ ਸਾਈਟ ਟਵਿੱਟਰ ਦੀ ਵਰਤੋਂ ਕਰਦਿਆਂ ਉਸਦੇ ਰਾਸ਼ਟਰਪਤੀ ਪਦ ਨਾਲ ਸੰਬੰਧਿਤ ਖਾਤੇ ਦੀ ਵਰਤੋਂ ਕਰਦਿਆਂ ਆਪਣਾ ਪਹਿਲਾ ਟਵੀਟ ਜਨਤਕ ਕੀਤਾ। ਬਾਈਡੇਨ ਨੇ ਬੁੱਧਵਾਰ ਨੂੰ ਸਹੁੰ ਚੁੱਕਣ ਤੋਂ ਬਾਅਦ ਆਪਣੇ ਅਹੁਦੇ ਨਾਲ ਸੰਬੰਧਿਤ ਖਾਤੇ @POTUS ਉੱਤੇ ਰਾਤ ਦੇ 12: 36 ਵਜੇ ਪਹਿਲੇ ਟਵੀਟ ਨੂੰ ਪੋਸਟ ਕਰਦਿਆਂ ਕਿਹਾ ਕਿ ਉਹ ਸੰਕਟ ਦਾ ਸਾਹਮਣਾ ਕਰ ਰਹੇ ਅਮਰੀਕੀਆਂ ਦੀ ਮਦਦ ਲਈ ਕੰਮ ਕਰਨਗੇ।ਬਾਈਡੇਨ ਦੇ ਅਧਿਕਾਰਤ ਤੌਰ 'ਤੇ ਦੇਸ਼ ਦੇ 46 ਵੇਂ ਰਾਸ਼ਟਰਪਤੀ ਬਣ ਜਾਣ ਦੇ ਬਾਅਦ ਟਵਿੱਟਰ ਦੁਆਰਾ ਰਾਤ 12: 01 ਵਜੇ ਇਸ ਖਾਤੇ



ਦੇ ਨਾਲ ਵਹਾਈਟ ਹਾਊਸ ਨਾਲ ਜੁੜੇ ਕਈ ਹੋਰ ਸਰਕਾਰੀ ਖਾਤਿਆਂ ਨੂੰ ਨਵੀਂ ਸਰਕਾਰ ਲਈ ਤਬਦੀਲ ਕੀਤਾ ਗਿਆ।ਸੋਸ਼ਲ ਮੀਡੀਆ ਕੰਪਨੀ ਨੇ ਪਿਛਲੇ ਦਿਨੀਂ ਇੱਕ ਬਲੌਗ ਪੋਸਟ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਜੋਅ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਦੇ ਦਿਨ ਇਹਨਾਂ ਖਾਤਿਆਂ ਨੂੰ ਤਬਦੀਲ ਕੀਤਾ ਜਾਵੇਗਾ ਜਿਹਨਾਂ ਵਿੱਚ "ਵਹਾਈਟ ਹਾਊਸ," ਪੋਟਸ, "ਵੀਪੀ," ਫਲੋਟਸ, ਅਤੇ "ਪ੍ਰੈਸ ਸੇਕ" ਆਦਿ ਖਾਤੇ ਸ਼ਾਮਿਲ ਹਨ। ਟਵਿੱਟਰ ਨੇ ਕਿਹਾ ਕਿ ਉਪਭੋਗਤਾ ਜੋ ਪਹਿਲਾਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਜਾਂ ਵਹਾਈਟ ਹਾਊਸ ਦੇ ਖਾਤਿਆਂ ਨੂੰ ਫਾਲੋ ਕਰਦੇ ਸਨ ਉਹਨਾਂ ਨੂੰ ਨਵੇਂ ਟਵਿੱਟਰ ਖਾਤਿਆਂ ਨੂੰ ਫਾਲੋ ਕਰਨ ਲਈ ਨੋਟੀਫਿਕੇਸ਼ਨ ਮਿਲੇਗੀ। ਜਿਕਰਯੋਗ ਹੈ ਕਿ ਟਵਿੱਟਰ ਨੇ 6 ਜਨਵਰੀ ਨੂੰ ਕੈਪੀਟਲ ਵਿੱਚ ਹੋਏ ਦੰਗਿਆਂ ਤੋਂ ਬਾਅਦ ਟਰੰਪ ਦੇ ਟਵਿੱਟਰ ਖਾਤੇ ਤੇ ਪੱਕੇ ਤੌਰ ਤੇ ਪਾਬੰਦੀ ਲਗਾ ਦਿੱਤੀ ਸੀ।

# ਜੋਅ ਬਾਈਡੇਨ ਨੇ ਰਾਸ਼ਟਰਪਤੀ ਵਜੋਂ ਸੱਤਾ ਦੇ ਪਹਿਲੇ ਦਿਨ ਹੀ ਕੀਤੇ ਕਈ ਅਹਿਮ ਮੁੱਦਿਆਂ 'ਤੇ ਕੀਤੇ ਦਸਤਖਤ

**ਫਰਿਜ਼ਨੋ (ਕੈਲੀਫੋਰਨੀਆਂ), 21 ਜਨਵਰੀ 2021–** ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ 20 ਜਨਵਰੀ ਨੂੰ ਆਪਣੇ ਅਹੁਦੇ ਪ੍ਰਤੀ ਹਲਫ਼ ਲੈ ਕੇ ਅਧਿਕਾਰਿਤ ਤੌਰ 'ਤੇ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਬਣ ਗਏ ਹਨ। ਜੋਅ ਬਾਈਡੇਨ ਨੇ ਆਪਣਾ ਅਹੁਦੇ ਸੰਭਾਲਦੇ ਸਾਰ ਹੀ ਪਹਿਲੇ ਦਿਨ ਬਿਨਾਂ ਕਿਸੇ ਦੇਰੀ ਤੋਂ ਕੰਮ ਸ਼ੁਰੂ ਕਰਦਿਆਂ ਇੱਕ ਦਰਜਨ ਤੋਂ ਵੱਧ ਐਗਜ਼ੀਕਿਊਟਿਵ ਕਾਰਵਾਈਆਂ ਤੇ ਦਸਤਖਤ ਕੀਤੇ ਹਨ। ਜੋਅ ਬਾਈਡੇਨ ਨੇ ਪੱਤਰਕਾਰਾਂ ਦੀ ਹਾਜ਼ਰੀ ਵਿੱਚ ਤਿੰਨ ਮੁੱਖ ਐਗਜ਼ੀਕਿਊਟਿਵ ਆਦੇਸ਼ਾਂ ਤੇ ਦਸਤਖਤ ਕੀਤੇ ਜਿਹਨਾਂ ਵਿੱਚ ਕੋਰੋਨਾਂ ਵਾਇਰਸ ਤੋਂ ਬਚਾਅ ਲਈ ਜਰੂਰੀ ਤੌਰ 'ਤੇ ਮਾਸਕ ਪਾਉਣਾ, ਕਮਿਊਨੀਟੀਆਂ ਲਈ ਸਹਾਇਤਾ ਨੂੰ ਵਧਾਉਣਾ ਅਤੇ ਪੈਰਿਸ



ਜਲਵਾਯੂ ਸਮਝ'ਤੇ ਵਿੱਚ ਮੁੜ ਸ਼ਾਮਿਲ ਹੋਣਾ ਆਦਿ ਸ਼ਾਮਿਲ ਹਨ। ਇਸਦੇ ਇਲਾਵਾ ਵਹਾਈਟ ਹਾਊਸ ਪ੍ਰੈਸ ਸਕੱਤਰ ਦੇ ਇੱਕ ਬਿਆਨ ਅਨੁਸਾਰ ਆਉਣ ਵਾਲੇ ਦਿਨਾਂ ਅਤੇ ਹਫ਼ਤਿਆਂ ਵਿੱਚ ਹੋਰ ਕਾਰਜਕਾਰੀ ਕਾਰਵਾਈਆਂ ਦਾ ਐਲਾਨ ਕੀਤਾ ਜਾਵੇਗਾ ਜੋ ਰਾਸ਼ਟਰਪਤੀ ਦੁਆਰਾ ਅਮਰੀਕੀ ਲੋਕਾਂ ਨੂੰ ਕੀਤੇ ਵਾਅਦੇ ਪੂਰੇ ਕਰਨਗੀਆਂ, ਜਿਸ ਵਿੱਚ ਅਮਰੀਕੀ ਟਰਾਂਸਜੈਂਡਰਾਂ ਉੱਤੇ ਮਿਲਟਰੀ ਸੇਵਾ 'ਤੇ ਲੱਗੀ ਪਾਬੰਦੀ ਨੂੰ ਰੱਦ ਕਰਨਾ ਅਤੇ ਮੈਕਸੀਕੋ ਸਿਟੀ ਨੀਤੀ ਨੂੰ ਉਲਟਾਉਣਾ ਵੀ ਸ਼ਾਮਲ ਹੈ। ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੇ ਅਹੁਦੇ ਦੇ ਪਹਿਲੇ ਦਿਨ ਹੀ ਕੰਮ ਦੀ ਸ਼ੁਰੂਆਤ ਕਰਕੇ ਅਮਰੀਕੀ ਲੋਕਾਂ ਦੇ ਸੁਨਹਿਰੇ ਭਵਿੱਖ ਵੱਲ ਕਦਮ ਪੁੱਟਿਆ ਹੈ।

# ਉੱਤਰੀ ਕੈਰੋਲੀਨਾ ਦੀਆਂ ਜੇਲਾਂ ਨੇ ਸ਼ੁਰੂ ਕੀਤਾ ਕੈਦੀਆਂ ਅਤੇ ਸਟਾਫ ਦਾ ਕੋਰੋਨਾਂ ਟੀਕਾਕਰਨ

**ਫਰਿਜ਼ਨੋ (ਕੈਲੀਫੋਰਨੀਆਂ), 22 ਜਨਵਰੀ 2021–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਟੀਕਾਕਰਨ ਨੂੰ ਜਿਆਦਾ ਲੋਕਾਂ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਜਾਰੀ ਹੈ । ਇਸੇ ਲੜੀ ਤਹਿਤ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉੱਤਰੀ ਕੈਰੋਲੀਨਾ ਸੂਬੇ ਦੀ ਜੇਲ ਪ੍ਰਣਾਲੀ ਨੇ ਬੁੱਧਵਾਰ ਨੂੰ ਕੋਰੋਨਾਂ ਟੀਕੇ ਦੀਆਂ ਖ਼ੁਰਾਕਾਂ ਪ੍ਰਾਪਤ ਕੀਤੀਆਂ ਹਨ। ਰਾਜ ਦੇ ਜਨਤਕ ਸੁਰੱਖਿਆ ਵਿਭਾਗ ਨੇ ਕਿਹਾ ਕਿ ਇਸ ਟੀਕਾਕਰਨ ਮੁਹਿੰਮ ਲਈ ਮੋਡਰਨਾ ਟੀਕੇ ਦੀਆਂ ਲਗਭਗ 1000 ਖ਼ੁਰਾਕਾਂ ਮਿਲੀਆਂ ਹਨ। ਇਹ ਟੀਕੇ ਜੇਲ੍ਹ ਦੇ ਸਿਹਤ ਦੇਖ-ਭਾਲ ਕਰਮਚਾਰੀਆਂ,



ਕੋਰੋਨਾਂ ਸਕਾਰਾਤਮਕ ਰਿਹਾਇਸ਼ੀ ਇਕਾਈਆਂ ਵਿਚ ਕੰਮ ਕਰ ਰਹੇ ਸਟਾਫ, ਸੰਕਰਮਿਤ ਕੈਦੀਆਂ ਨਾਲ ਕੰਮ ਕਰਨ ਵਾਲੇ ਕਾਮਿਆਂ ਅਤੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕੈਦੀਆਂ ਨੂੰ ਦਿੱਤੇ ਜਾਣਗੇ। ਜਦਕਿ ਇਸਦੀ ਅਗਲੀ ਕਤਾਰ ਵਿੱਚ ਉਪਲੱਬਧਤਾ ਦੇ ਆਧਾਰ ਤੇ 65 ਅਤੇ ਇਸ ਤੋਂ ਵੱਧ ਉਮਰ ਦੇ ਕੈਦੀ ਸ਼ਾਮਿਲ ਹੋਣਗੇ। ਯੂ.ਸੀ.ਐਲ.ਏ ਕੋਵਿਡ -19 ਬਿਹਾਂਈਡ ਬਾਰ ਡੈਟਾ ਪੈਰੋਜੈਕਟ ਦੇ ਅਨੁਸਾਰ, ਦੇਸ਼ ਭਰ ਦੇ ਕੈਦੀਆਂ ਵਿਚਕਾਰ ਤਕਰੀਬਨ 355,000 ਤੋਂ ਵੱਧ ਵਾਇਰਸ ਦੇ ਪੁਸ਼ਟੀ ਹੋਏ ਕੇਸ ਦਰਜ ਹੋਏ ਹਨ, ਜਿਹਨਾਂ ਵਿੱਚੋਂ 2,080 ਤੋਂ ਵੱਧ ਮੌਤਾਂ ਵੀ ਹੋਈਆਂ ਹਨ। ਇਸਦੇ ਇਲਾਵਾ 79,000 ਤੋਂ ਵੱਧ ਜੇਲ੍ਹ ਕਰਮਚਾਰੀਆਂ ਦੇ ਵਾਇਰਸ ਨਾਲ ਬਿਮਾਰ ਹੋਣ ਦੇ ਇਲਾਵਾ 126 ਮੌਤਾਂ ਵੀ ਹੋਈਆਂ ਹਨ। ਇਕੱਲੇ ਉੱਤਰੀ ਕੈਰੋਲੀਨਾ ਵਿਚ ਹੀ ਕੈਦੀਆਂ ਦੇ ਲਗਭਗ 9,414 ਸਕਾਰਾਤਮਕ ਮਾਮਲੇ ਸਾਹਮਣੇ ਆਏ ਹਨ ਜਦਕਿ ਰਾਜ ਦੀਆਂ ਜੇਲ੍ਹਾਂ ਵਿੱਚ 29,000 ਤੋਂ ਵੱਧ ਕੈਦੀ ਨਜ਼ਰਬੰਦ ਹਨ। ਇਸ ਮੁਹਿੰਮ ਦੌਰਾਨ ਸੂਬੇ ਦੀਆਂ ਚਾਰ ਜੇਲ੍ਹਾਂ ਕੇਂਦਰੀ ਜੇਲ੍ਹ, ਮੌਰੀ, ਅਲੈਗਜ਼ੈਂਡਰ ਅਤੇ ਸਕਾਟਲੈਂਡ ਸੁਧਾਰ ਸੰਸਥਾਵਾਂ ਟੀਕਾਕਰਨ ਕੇਂਦਰਾਂ ਵਜੋਂ ਵਰਤੀਆਂ ਜਾਣਗੀਆਂ ਅਤੇ ਹਰ ਇੱਕ ਜੇਲ੍ਹ ਵਿੱਚ ਹੈਲਥ ਕੇਅਰ ਸਟਾਫ ਸ਼ੁਰੂਆਤ ਵਿੱਚ ਟੀਕਾ ਲਗਵਾਏਗਾ, ਪਰ ਭਵਿੱਖ ਵਿੱਚ ਨਰਸਾਂ ਅਤੇ ਸਟਾਫ ਦੁਆਰਾ ਬਣੀ ਵੈਕਸੀਨ ਸਟਰਾਈਕ ਟੀਮ ਦੁਆਰਾ ਟੀਕਾ ਲਗਾਇਆ ਜਾਵੇਗਾ।

# ਉਪ ਰਾਸ਼ਟਰਪਤੀ ਕਮਲਾ ਹੈਰਿਸ ਆਰਜ਼ੀ ਤੌਰ 'ਤੇ ਬਲੇਅਰ ਹਾਊਸ ਨੂੰ ਬਣਾਉਣਗੇ ਆਪਣਾ ਨਿਵਾਸ ਅਸਥਾਨ

**ਫਰਿਜ਼ਨੋ (ਕੈਲੀਫੋਰਨੀਆਂ), 22 ਜਨਵਰੀ 2021–** ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਇੱਕ ਸਹਾਇਕ ਦੇ ਅਨੁਸਾਰ, ਨੇਵਲ ਆਬਜ਼ਰਵੇਟਰੀ ਵਿਖੇ ਉਪ ਰਾਸ਼ਟਰਪਤੀ ਦੇ ਅਧਿਕਾਰਿਤ ਰਿਹਾਇਸ਼ੀ ਘਰ ਜਾਣ ਤੋਂ ਪਹਿਲਾਂ ਕਮਲਾ ਹੈਰਿਸ ਅਤੇ ਉਹਨਾਂ ਦੇ ਪਤੀ ਡੱਗ ਐਮਹੋਫ, ਵਹਾਈਟ ਹਾਊਸ ਦੇ ਨੇੜੇ, ਅਸਥਾਈ ਤੌਰ 'ਤੇ ਬਲੇਅਰ ਹਾਊਸ ਵਿੱਚ ਰਹਿਣ ਲਈ ਜਾਣਗੇ। ਇਸ ਸਹਾਇਕ ਦੁਆਰਾ ਦਿੱਤੀ ਜਾਣਕਾਰੀ ਦੇ ਅਨੁਸਾਰ ਉਪ ਰਾਸ਼ਟਰਪਤੀ ਦੀ ਅਧਿਕਾਰਿਤ ਸਰਕਾਰੀ ਰਿਹਾਇਸ਼ ਵਿੱਚ ਚਿਮਨੀਆਂ ਅਤੇ ਹੋਰ ਘਰੇਲੂ ਪ੍ਰਬੰਧਨ ਦੀ ਮੁਰੰਮਤ ਦਾ ਕੰਮ ਚਲਦੇ ਹੋਣ ਕਾਰਨ ਹੈਰਿਸ ਨੂੰ ਬਲੇਅਰ ਹਾਊਸ ਵਿੱਚ ਜਾਣਾ ਪੈ ਰਿਹਾ ਹੈ। ਹਾਲਾਂਕਿ ਕਮਲਾ ਹੈਰਿਸ ਅਤੇ ਉਹਨਾਂ ਦੇ ਪਤੀ ਵਾਸ਼ਿੰਗਟਨ, ਡੀ.ਸੀ. ਵਿੱਚ ਇੱਕ ਘਰ ਦੇ ਮਾਲਕ ਹਨ, ਪਰ ਉਹ ਘਰ ਇੱਕ ਉਪ ਰਾਸ਼ਟਰਪਤੀ ਲਈ ਸੁਰੱਖਿਆ ਦੇ ਪਰੋਟੋਕੋਲ ਨੂੰ ਪੂਰਾ ਨਹੀਂ ਕਰਦਾ ਹੈ। ਬਲੇਅਰ ਹਾਊਸ ਵਹਾਈਟ ਹਾਊਸ ਦੀ ਗਲੀ ਦੇ ਪਾਰ ਪੈਨਸਿਲਵੇਨੀਆ ਐਵੀਨਿਊ 'ਤੇ ਸਥਿਤ ਹੈ। 1824 ਵਿੱਚ ਬਣਿਆ ਇਹ ਘਰ ਰਾਸ਼ਟਰਪਤੀ ਦੇ ਸਰਕਾਰੀ ਮਹਿਮਾਨਾਂ ਦੀ ਮੇਜ਼ਬਾਨੀ ਲਈ ਵਰਤਿਆ ਜਾਂਦਾ ਹੈ, ਜਿਸ ਵਿਚ ਵਿਦੇਸ਼ੀ ਰਾਜਾਂ ਦੇ ਪ੍ਰਧਾਨ ਵੀ ਸ਼ਾਮਿਲ ਹਨ। ਰਾਸ਼ਟਰਪਤੀ ਚੁਣੇ ਗਏ ਉਮੀਦਵਾਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੇ ਪਿਛਲੇ 40 ਸਾਲਾਂ ਤੋਂ, ਬਲੇਅਰ ਹਾਊਸ ਵਿਖੇ ਸਹੁੰ ਚੁੱਕ ਸਮਾਰੋਹ ਤੋਂ ਪਹਿਲਾਂ ਦੀ ਰਾਤ ਬਤੀਤ ਕੀਤੀ ਹੈ। ਹਾਲ ਹੀ ਵਿੱਚ, ਰਾਸ਼ਟਰਪਤੀ ਜੋਅ ਬਾਈਡੇਨ ਅਤੇ ਉਹਨਾਂ ਦੇ ਕੁੱਝ ਪਰਿਵਾਰਿਕ ਮੈਂਬਰ ਵੀ ਬਾਈਡੇਨ ਦੁਆਰਾ ਸਹੁੰ ਚੁੱਕਣ ਤੋਂ ਇੱਕ ਰਾਤ ਪਹਿਲਾਂ ਬਲੇਅਰ ਹਾਊਸ ਵਿੱਚ ਰਹੇ ਹਨ। ਇਸਦੇ ਇਲਾਵਾ ਉਪ ਰਾਸ਼ਟਰਪਤੀ ਦੇ ਦਫ਼ਤਰ ਨੇ ਕਮਲਾ ਹੈਰਿਸ ਅਤੇ ਐਮਹੋਫ ਦੇ ਆਪਣੇ ਨਵੇਂ ਅਸਥਾਈ ਘਰ ਵਿੱਚ ਕਿੰਨਾ ਸਮਾਂ ਰਹਿਣ ਬਾਰੇ ਕੁੱਝ ਸਪੱਸ਼ਟ ਨਹੀਂ ਕੀਤਾ ਹੈ।



# ਅਮਰੀਕੀ ਸੈਨੇਟ ਨੇ ਕੀਤੀ ਬਾਈਡੇਨ ਦੇ ਮੰਤਰੀ ਮੰਡਲ ਲਈ ਨਾਮਜ਼ਦ ਕੀਤੇ ਪਹਿਲੇ ਉਮੀਦਵਾਰ ਦੀ ਪੁਸ਼ਟੀ

**ਫਰਿਜ਼ਨੋ (ਕੈਲੀਫੋਰਨੀਆਂ), 21 ਜਨਵਰੀ 2021–** ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਆਪਣੀ ਟੀਮ ਲਈ ਨਾਮਜ਼ਦ ਕੀਤੇ ਹੋਏ ਉਮੀਦਵਾਰਾਂ ਨੂੰ ਅਮਰੀਕੀ ਸੈਨੇਟ ਦੁਆਰਾ ਪੁਸ਼ਟੀ ਕਰਨ ਦੀ ਪ੍ਰਕਿਰਿਆ ਵਿੱਚ ਸੈਨੇਟ ਨੇ ਬੁੱਧਵਾਰ ਸ਼ਾਮ ਨੂੰ ਏਵਰਲ ਹੇਨੀਜ਼ ਨੂੰ ਨੈਸ਼ਨਲ ਇੰਟੈਲੀਜੈਂਸ ਦੀ ਡਾਇਰੈਕਟਰ ਦੇ ਤੌਰ 'ਤੇ ਪ੍ਰਮਾਣਿਤ ਕਰਨ ਲਈ ਵੋਟ ਦਿੱਤੀ,ਜਿਸ ਨਾਲ ਉਹ ਰਾਸ਼ਟਰਪਤੀ ਬਾਈਡੇਨ ਦੇ ਮੰਤਰੀ ਮੰਡਲ ਲਈ ਪਹਿਲੀ ਪੁਸ਼ਟੀ ਕੀਤੀ ਉਮੀਦਵਾਰ ਬਣ ਗਈ ਹੈ। ਇਸ ਦੌਰਾਨ ਹੈਨੀਜ਼ ਨੂੰ 84 ਤੋਂ 10 ਵੋਟਾਂ ਦੁਆਰਾ ਪ੍ਰਵਾਨਗੀ ਦਿੱਤੀ ਗਈ। ਸੈਨੇਟ ਦੀ ਕਾਰਵਾਈ ਨੂੰ ਹੈਨੀਜ਼ ਦੀ ਪੁਸ਼ਟੀ ਕਰਨ ਤੋਂ ਬਾਅਦ ਰਾਤ ਲਈ




ਮੁਲਤਵੀ ਕਰ ਦਿੱਤਾ ਗਿਆ, ਜੋ ਕਿ ਵੀਰਵਾਰ ਦੁਪਹਿਰ 12 ਵਜੇ ਦੁਬਾਰਾ ਸ਼ੁਰੂ ਕੀਤੀ ਜਾਵੇਗੀ। ਸੈਨੇਟ ਦੇ ਬਹੁਗਿਣਤੀ ਨੇਤਾ ਚੱਕ ਸ਼ੂਮਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਏਵਰਲ ਹੈਨੀਜ਼ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਲਈ ਸਹੀ ਚੋਣ ਹੈ ਅਤੇ ਉਸਦੀ ਪੁਸ਼ਟੀ ਕਰਨ ਲਈ ਦੋ-ਪੱਖੀ ਸਹਿਯੋਗ ਦੀ ਸ਼ਲਾਘਾ ਕੀਤੀ ਜਾਂਦੀ ਹੈ। ਏਵਰਲ ਦੀ ਪੁਸ਼ਟੀ ਪ੍ਰਕਿਰਿਆ ਵਿੱਚ ਪਹਿਲਾਂ ਰਿਪਬਲੀਕਨ ਸੈਨੇਟਰ ਟੌਮ ਕਾਟਨ ਨੇ ਹੈਨੀਜ਼ ਦੀ ਨਾਮਜ਼ਦਗੀ ਲਈ ਵੋਟ ਜਲਦੀ ਕਰਵਾਉਣ ਤੇ ਇਤਰਾਜ਼ ਜਤਾਇਆ ਸੀ, ਪਰ ਬਾਅਦ ਵਿੱਚ ਉਸਨੇ ਐਲਾਨ ਕੀਤਾ ਕਿ ਉਹ ਆਪਣਾ ਇਤਰਾਜ਼ ਵਾਪਿਸ ਲੈ ਰਿਹਾ ਹੈ। ਇਸ ਪੁਸ਼ਟੀ ਨਾਲ ਹੈਨੀਜ਼ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਵਜੋਂ ਸੇਵਾ ਨਿਭਾਉਣ ਵਾਲੀ ਪਹਿਲੀ ਔਰਤ ਹੋਵੇਗੀ ।

ਨੈਸ਼ਨਲ ਇੰਟੈਲੀਜੈਂਸ ਦਾ ਡਾਇਰੈਕਟਰ ਰਾਸ਼ਟਰਪਤੀ ਦਾ ਇੱਕ ਚੋਟੀ ਦਾ ਖੁਫੀਆ ਅਧਿਕਾਰੀ ਹੁੰਦਾ ਹੈ ਅਤੇ ਉਸ ਏਜੰਸੀ ਦੀ ਅਗਵਾਈ ਕਰਦਾ ਹੈ ਜੋ ਸਮੁੱਚੀ ਖੁਫੀਆ ਕਮਿਊਨਿਟੀ, ਕੁੱਲ 17 ਏਜੰਸੀਆਂ ਅਤੇ ਸੰਗਠਨਾਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਇਸਦੇ ਇਲਾਵਾ ਬਾਈਡੇਨ ਦੁਆਰਾ ਨਾਮਜ਼ਦ ਸਾਰੇ ਅਧਿਕਾਰੀਆਂ ਦੀ ਪੁਸ਼ਟੀ ਹੋਣ ਤੱਕ ਫੈਡਰਲ ਏਜੰਸੀਆਂ ਦੀ ਅਗਵਾਈ ਕਾਰਜਕਾਰੀ ਅਧਿਕਾਰੀਆਂ ਦੁਆਰਾ ਕੀਤੀ ਜਾਵੇਗੀ।

# ਅਮਾਂਡਾ ਗੋਰਮੈਨ ਆਪਣੀ ਕਵਿਤਾ ਨਾਲ ਬਣੀ ਸਹੁੰ ਚੁੱਕ ਸਮਾਗਮ 'ਚ ਪੇਸ਼ਕਾਰੀ ਕਰਨ ਵਾਲੀ ਸਭ ਤੋਂ ਘੱਟ ਉਮਰ ਦੀ ਕਵਿੱਤਰੀ

**ਫਰਿਜ਼ਨੋ (ਕੈਲੀਫੋਰਨੀਆਂ), 21 ਜਨਵਰੀ 2021–** ਅਮਰੀਕਾ ਦੀ ਰਾਜਧਾਨੀ ਵਿੱਚ ਹੋਏ ਰਾਸ਼ਟਰਪਤੀ ਪਦ ਲਈ ਸਹੁੰ ਚੁੱਕ ਸਮਾਗਮ ਵਿੱਚ ਇੱਕ 22, ਸਾਲਾਂ ਲੜਕੀ ਨੇ ਕਵਿਤਾ ਰਾਹੀ ਆਪਣੀ ਪੇਸ਼ਕਾਰੀ ਦਿੱਤੀ ਹੈ। ਅਮਾਂਡਾ ਗੋਰਮੈਨ ਨਾਮ ਦੀ ਇਸ ਲੜਕੀ ਨੇ ਕਈ ਇਤਿਹਾਸਕ ਮੌਕਿਆਂ ਲਈ ਕਵਿਤਾਵਾਂ ਲਿਖੀਆਂ ਪਰ ਇਸ ਸਮਾਗਮ ਦੌਰਾਨ ਹੁਣ ਗੋਰਮੈਨ ਨੇ ਸਭ ਤੋਂ ਛੋਟੀ ਉਦਘਾਟਨੀ ਕਵਿੱਤਰੀ ਵਜੋਂ ਪੇਸ਼ਕਾਰੀ ਕਰਕੇ ਇੱਕ ਵੱਡਾ ਸਨਮਾਨ ਪ੍ਰਾਪਤ ਕੀਤਾ ਹੈ। ਉਸਨੇ ਆਪਣੀ ਰਚਨਾ 'ਦਿ ਹਿਲ ਵੀ ਕਲਾਂਇਬ' ਨੂੰ ਕੈਪੀਟਲ ਵਿੱਚ ਜੋਅ ਬਾਈਡੇਨ, ਕਮਲਾ ਹੈਰਿਸ ਅਤੇ ਸਮੁੱਚੇ ਰਾਸ਼ਟਰ ਦੇ ਸਾਹਮਣੇ ਪੇਸ਼ ਕੀਤਾ।

ਅਮਾਂਡਾ ਗੋਰਮੈਨ ਨੇ ਕਿਹਾ ਕਿ ਇਸ ਸਮਾਗਮ ਦੌਰਾਨ ਮੇਰੀ ਉਮਰ ਵਿੱਚ ਪੇਸ਼ਕਾਰੀ ਕਰਨੀ ਹੈਰਾਨੀਜਨਕ ਹੈ। ਇਸ 22 ਸਾਲਾਂ ਕਵਿੱਤਰੀ



ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਨੇ ਅਬਰਾਹਿਮ ਲਿੰਕਨ ਅਤੇ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਭਾਸ਼ਣਾਂ ਦੀ ਖੋਜ ਕਰਕੇ ਲਿਖਣਾ ਸ਼ੁਰੂ ਕੀਤਾ ਪਰ ਇਸ ਸਮੇਂ ਕੈਪੀਟਲ ਵਿੱਚ ਹੋਏ ਦੰਗਿਆਂ ਨੇ ਉਸ ਉੱਪਰ ਬਹੁਤ ਪ੍ਰਭਾਵ ਪਾਇਆ ਅਤੇ ਹਿੰਸਕ ਦੰਗਿਆਂ ਨੇ ਉਸਦੀ ਕਵਿਤਾ ਅਤੇ ਸੰਦੇਸ਼ ਨੂੰ ਬਦਲ ਦਿੱਤਾ ਜੋ ਉਹ ਦੇਣਾ ਚਾਹੁੰਦੀ ਸੀ। ਗੋਰਮੈਨ ਨੂੰ 19 ਸਾਲ ਦੀ ਉਮਰ ਵਿੱਚ ਦੇਸ਼ ਦੀ ਪਹਿਲੀ ਯੁਵਕ ਕਵਿੱਤਰੀ ਚੁਣਿਆ ਗਿਆ ਸੀ ਅਤੇ 16 ਦੀ ਉਮਰ ਵਿੱਚ, ਉਹ ਲਾਸ ਏਂਜਲਸ ਦੀ ਯੁਵਕ ਕਵਿੱਤਰੀ ਬਣੀ ਸੀ ।ਇੱਕ ਇਕੱਲੀ ਮਾਂ ਅਤੇ ਅੰਗਰੇਜ਼ੀ ਅਧਿਆਪਕ ਦੀ ਬੇਟੀ ਗੋਰਮੈਨ ਨੇ 2020 ਵਿੱਚ ਹਾਰਵਰਡ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਹੈ। ਇਸਦੇ ਇਲਾਵਾ ਗੋਰਮੈਨ ਬੱਚਿਆਂ ਲਈ ਇੱਕ ਕਿਤਾਬ 'ਚੇਂਜ ਸਿੰਗਜ਼' ਨੂੰ ਸਤੰਬਰ ਵਿੱਚ ਰਿਲੀਜ਼ ਕਰਨ ਜਾ ਰਹੀ ਹੈ ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਟੈਕਸਾਸ ਦੇ ਡਾਕਟਰ 'ਤੇ ਆਪਣੇ ਪਰਿਵਾਰ ਲਈ ਕੋਰੋਨਾਂ ਵਾਇਰਸ ਦੇ ਟੀਕੇ ਦੀਆਂ ਖੁਰਾਕਾਂ ਚੋਰੀ ਕਰਨ ਦਾ ਲੱਗਾ ਦੋਸ਼

**ਫਰਿਜ਼ਨੋ (ਕੈਲੀਫੋਰਨੀਆਂ), 23 ਜਨਵਰੀ 2021–** ਅਮਰੀਕੀ ਸੂਬੇ ਟੈਕਸਾਸ ਦੇ ਇੱਕ ਡਾਕਟਰ 'ਤੇ ਕੋਰੋਨਾਂ ਵਾਇਰਸ ਦੇ ਟੀਕਿਆਂ ਦੀਆਂ ਖੁਰਾਕਾਂ ਨੂੰ ਚੋਰੀ ਕਰਨ ਦਾ ਦੋਸ਼ ਲੱਗਿਆ ਹੈ। ਹੈਰਿਸ ਕਾਉਂਟੀ ਦੇ ਜਿਲਾ ਅਟਾਰਨੀ ਕਿਮ ਓਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਉਂਟੀ ਦੇ ਪਬਲਿਕ ਹੈਲਥ ਸਿਸਟਮ ਨਾਲ ਕੰਮ ਕਰਨ ਵਾਲੇ ਡਾਕਟਰ ਹਸਨ ਗੋਕਲ 'ਤੇ 29 ਦਸੰਬਰ ਨੂੰ ਹੰਬਲ ਟੀਕਾਕਰਨ ਸਾਈਟ ਤੇ ਕੰਮ ਕਰਨ ਦੌਰਾਨ ਕੋਰੋਨਾਂ ਟੀਕੇ ਦੀਆਂ 9 ਖੁਰਾਕਾਂ ਨੂੰ ਚੋਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਟੀਕਿਆਂ ਨੂੰ ਚੋਰੀ ਕਰਨ ਦੇ ਇੱਕ ਹਫ਼ਤੇ ਬਾਅਦ, ਗੋਕਲ ਨੇ ਆਪਣੇ ਇੱਕ ਸਹਿ ਕਰਮਚਾਰੀ ਨੂੰ ਚੋਰੀ



ਦੀ ਇਸ ਘਟਨਾ ਬਾਰੇ ਦੱਸਿਆ , ਜਿਸ ਨੇ ਇਸ ਬਾਰੇ ਆਪਣੇ ਸੁ-ਪਰਵਾਈਜ਼ਰਾਂ ਨੂੰ ਸ਼ਕਾਇਤ ਕੀਤੀ। ਜਿਸ ਕਰਕੇ ਡਾਕਟਰ ਗੋਕਲ ਦੀ ਇਸ ਹਰਕਤ ਨਾਲ ਬਾਅਦ ਵਿੱਚ ਉਸਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਓਗ ਨੇ ਦੱਸਿਆ ਕਿ ਗੋਕਲ ਨੇ ਟੀਕੇ ਦੀਆਂ ਖੁਰਾਕਾਂ ਨੂੰ ਜਰੂਰਤਮੰਦਾਂ ਨੂੰ ਦੇਣ ਦੀ ਬਜਾਏ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਦੇਣ ਲਈ ਚੋਰੀ ਕੀਤਾ ਜੋ ਕਿ ਗੈਰ-ਕਾਨੂੰਨੀ ਹੈ ਅਤੇ ਇਸ ਦੋਸ਼ ਲਈ ਗੋਕਲ ਨੂੰ ਕਾਨੂੰਨ ਅਧੀਨ ਜਵਾਬਦੇਹ ਠਹਿਰਾਇਆ ਜਾਵੇਗਾ। ਜਦਕਿ ਗੋਕਲ ਦੇ ਵਕੀਲ ਪੌਲ ਡੋਇਲ ਨੇ ਡਾਕਟਰ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਟੀਕਾ ਕਿਸੇ ਵੀ ਸਮੇਂ ਖਤਮ ਹੋ ਸਕਦਾ ਸੀ। ਇਸ ਮਾਮਲੇ ਨਾਲ ਜੁੜੇ ਅਧਿਕਾਰੀਆਂ ਅਨੁਸਾਰ ਕੋਰੋਨਾਂ ਵਾਇਰਸ ਦੇ ਟੀਕਿਆਂ ਦੀ ਚੋਰੀ ਦੇ ਦੋਸ਼ ਦਾ ਸਾਹਮਣਾ ਕਰ ਰਹੇ ਡਾਕਟਰ ਹਸਨ ਗੋਕਲ ਨੂੰ ਜੇਲ ਦੀ ਸਜਾ ਦੇ ਨਾਲ 4,000 ਡਾਲਰ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ।

# ਨਿਊਯਾਰਕ ਹੈਲੀਕਾਪਟਰ ਹਾਦਸੇ ਵਿੱਚ ਮਾਰੇ ਗਏ 3 ਨੈਸ਼ਨਲ ਗਾਰਡ ਸੈਨਿਕਾਂ ਦੀ ਹੋਈ ਪਛਾਣ

**ਫਰਿਜ਼ਨੋ (ਕੈਲੀਫੋਰਨੀਆਂ), 23 ਜਨਵਰੀ 2021–** ਇਸ ਹਫਤੇ ਬੁੱਧਵਾਰ ਦੀ ਰਾਤ ਨਿਊਯਾਰਕ ਵਿੱਚ ਇੱਕ ਹੈਲੀਕਾਪਟਰ ਹਾਦਸੇ ਵਿੱਚ ਮਾਰੇ ਗਏ ਤਿੰਨ ਨੈਸ਼ਨਲ ਗਾਰਡ ਮੈਂਬਰਾਂ ਦੀ ਸ਼ੁੱਕਰਵਾਰ ਨੂੰ ਪਛਾਣ ਕਰ ਲਈ ਗਈ ਹੈ। ਨਿਊਯਾਰਕ ਆਰਮੀ ਦੇ ਨੈਸ਼ਨਲ ਗਾਰਡ ਯੂ ਐਚ -60 ਬਲੈਕ ਹਾਕ ਮੈਡੀਕਲ ਨਿਕਾਸੀ ਹੈਲੀਕਾਪਟਰ ਬੁੱਧਵਾਰ ਨੂੰ ਮੈਨਡਨ ਵਿਚ ਇੱਕ ਰੁਟੀਨ ਸਿਖਲਾਈ ਮਿਸ਼ਨ ਦੌਰਾਨ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਵਿਚ ਸਵਾਰ ਸਾਰੇ ਮੈਂਬਰ ਮਾਰੇ ਗਏ ਸਨ। ਇਹਨਾਂ ਤਿੰਨ ਮ੍ਰਿਤਕ ਅਧਿਕਾਰੀਆਂ ਦੀ ਪਛਾਣ ਰ'ਚੇਸਟਰ ਦੇ ਮੁੱਖ ਵਾਰੰਟ ਅਫਸਰ 5 ਸਟੀਵਨ ਸਕੋਡਾ (54), ਹਨੋਈ ਫਾਲਜ਼ ਦੇ ਚੀਫ਼ ਵਾਰੰਟ ਅਫਸਰ 4 ਕ੍ਰਿਸ਼ਚੀਅਨ ਕ'ਚ (39) ਅਤੇ ਰ'ਚੇਸਟਰ ਦੇ ਹੀ ਚੀਫ ਵਾਰੰਟ ਅਫਸਰ 2 ਡੇਨੀਅਲ ਪੈਰੀਆਲ ( 30) ਵਜੋਂ ਹੋਈ ਹੈ। ਨਿਊਯਾਰਕ ਦੇ ਨੈਸ਼ਨਲ ਗਾਰਡਜ਼ ਅਨੁਸਾਰ ਇਸ ਜਾਨਲੇਵਾ ਹਾਦਸੇ ਦੀ ਜਾਂਚ ਜਾਰੀ ਹੈ। ਅਲਾਬਮਾ ਤੋਂ ਜਾਂਚ ਕਰਨ ਵਾਲਿਆਂ ਦੀ ਇੱਕ ਫੌਜੀ ਟੀਮ ਵੀਰਵਾਰ ਨੂੰ ਕਰੈਸ਼ ਵਾਲੀ ਜਗਾ ਦਾ ਵਿਸ਼-ਲੇਸ਼ਣ ਕਰਨ ਅਤੇ ਸਬੂਤ ਇਕੱਠੇ ਕਰਨ ਲਈ ਪਹੁੰਚ ਗਈ ਹੈ। ਇਹਨਾਂ ਮਾਰੇ ਗਏ ਅਧਿਕਾਰੀਆਂ ਵਿੱਚੋਂ ਸਕੋਡਾ 1987 ਵਿੱਚ ਨੈਸ਼ਨਲ ਗਾਰਡ 'ਚ



ਸ਼ਾਮਿਲ ਹੋਇਆ ਸੀ। ਉਸਨੇ ਸਾਲ 2013 ਅਤੇ 2019 'ਚ ਅਫ਼ਗਾਨਿਸਤਾਨ ਦੀ ਜੰਗ ਵਿੱਚ ਵੀ ਸੇਵਾਵਾਂ ਨਿਭਾਈਆਂ ਸਨ ਅਤੇ ਲੱਗਭਗ 5,000 ਉਡਾਣ ਦੇ ਘੰਟਿਆਂ ਵਿੱਚ ਹੈਲੀਕਾਪਟਰ ਦੇ ਪਾਇਲਟ ਸਲਾਹਕਾਰ ਵਜੋਂ ਜਾਣਿਆ ਜਾਂਦਾ ਸੀ। ਦੂਜੇ ਮ੍ਰਿਤਕ ਅਧਿਕਾਰੀ ਕ'ਚ ਨੇ ਵੀ ਇਰਾਕ ਅਤੇ ਅਫ਼ਗਾਨਿਸਤਾਨ ਵਿੱਚ ਕ੍ਰਮਵਾਰ 2008-09 ਅਤੇ 2012-13 ਵਿੱਚ ਸੇਵਾਵਾਂ ਦਿੱਤੀਆਂ ਸਨ ਅਤੇ ਉਹ 2006 ਵਿੱਚ ਹੈਲੀਕਾਪਟਰ ਪਾਇਲਟ ਬਣਿਆ ਸੀ। ਜਦਕਿ 2014 ਅਤੇ 2015 ਵਿਚ ਅਫ਼ਗਾਨਿ-ਸਤਾਨ ਵਿੱਚ ਤਾਇਨਾਤ ਪੈਰੀਆਲ 2012 ਤੋਂ ਆਰਮੀ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਿਹਾ ਸੀ।

# ਸੈਨੇਟ ਨੇ ਲੋਇਡ ਅਸਟਿਨ 'ਤੇ ਦੇਸ਼ ਦੇ ਡਿਫੈਂਸ ਸੈਕਟਰੀ ਵਜੋਂ ਲਗਾਈ ਮੋਹਰ

**ਫਰਿਜ਼ਨੋ (ਕੈਲੀਫੋਰਨੀਆਂ), 23 ਜਨਵਰੀ 2021–** ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਦੇਸ਼ ਦੇ ਡਿਫੈਂਸ ਸੈਕਟਰੀ ਵਜੋਂ ਨਾਮਜ਼ਦ ਕੀਤੇ ਗਏ ਉਮੀਦਵਾਰ ਲੋਇਡ ਅਸਟਿਨ ਦੀ ਅਮਰੀਕੀ ਸੈਨੇਟ ਵੱਲੋਂ ਸ਼ੁੱਕਰਵਾਰ ਦੇ ਦਿਨ ਇਸ ਅਹੁਦੇ ਲਈ ਪੁਸ਼ਟੀ ਕੀਤੀ ਗਈ ਹੈ। ਸੈਨੇਟ ਦੇ ਚੈਂਬਰ ਵੱਲੋਂ ਪ੍ਰਮਾਣਿਤ ਹੋਣ ਦੇ ਬਾਅਦ ਅਸਟਿਨ ਦੇਸ਼ ਦੇ ਪਹਿਲੇ ਕਾਲੇ ਮੂਲ ਦੇ ਰੱਖਿਆ ਸਕੱਤਰ ਬਣ ਗਏ ਹਨ। ਅਸਟਿਨ ਇੱਕ ਰਿਟਾਇਰਡ ਚਾਰ ਸਿਤਾਰਾ ਆਰਮੀ ਜਨਰਲ ਹਨ ਜੋ ਪਹਿਲਾਂ ਲੜਾਈ ਵਿੱਚ ਆਰਮੀ ਡਿਵੀਜ਼ਨ ਦੀ ਕਮਾਂਡ ਕਰਨ ਦੇ ਨਾਲ ਇਰਾਕ ਵਿੱਚ ਸੰਯੁਕਤ ਰਾਜ ਦੇ ਬਲਾਂ



ਦੇ ਕਮਾਂਡਿੰਗ ਜਨਰਲ ਦੇ ਤੌਰ ਤੇ ਕਾਰਜਾਂ ਦੀ ਨਿਗਰਾਨੀ ਕਰਨ ਵਾਲੇ ਪਹਿਲੇ ਗੈਰ ਗੋਰੇ ਜਨਰਲ ਸਨ। ਅਸਟਿਨ ਦੀ ਪੁਸ਼ਟੀ ਕਰਨ ਦੀ ਪ੍ਰਕਿਰਿਆ ਸੌਖੀ ਨਹੀਂ ਸੀ, ਜਿਸ ਵਿੱਚ ਹਾਲ ਹੀ 'ਚ ਸੇਵਾ-ਮੁਕਤ ਹੋਏ ਫੌਜੀ ਅਧਿਕਾਰੀਆਂ ਨੂੰ ਰੱਖਿਆ ਸਕੱਤਰ ਵਜੋਂ ਸੇਵਾ ਕਰਨ ਤੋਂ ਰੋਕਣ ਵਾਲੇ ਕਾਨੂੰਨ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਸੀ। ਪਰ ਡੈਮੋਕਰੇਟਸ ਨੇ ਜਨਵਰੀ ਨੂੰ ਕੈਪੀਟਲ ਵਿੱਚ ਹੋਏ ਦੰਗਿਆਂ ਤੋਂ ਬਾਅਦ ਬਾਈਡੇਨ ਦੀ ਰਾਸ਼ਟਰੀ ਸੁਰੱਖਿਆ ਟੀਮ ਵਿੱਚ ਅਸਟਿਨ ਦੀ ਲੋੜ ਦਾ ਹਵਾਲਾ ਦਿੰਦੇ ਹੋਏ, ਉਸਦੀ ਨਾਮਜ਼ਦਗੀ ਦਾ ਸਮਰਥਨ ਕੀਤਾ ਸੀ। ਜਿਕਰ ਯੋਗ ਹੈ ਕਿ ਕਾਨੂੰਨ ਇਸ ਤਰਾਂ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਸੈਨਿਕਾਂ ਦੇ ਸੱਤ ਸਾਲ ਪਹਿਲਾਂ ਰਿਟਾਇਰ ਹੋਣ ਦੀ ਮੰਗ ਕਰਦਾ ਹੈ। ਪਰ ਸਦਨ ਨੇ ਵੀਰਵਾਰ ਦੁਪਹਿਰ ਅਸਟਿਨ ਨੂੰ ਇਸ ਕਾਨੂੰਨ ਤੋਂ ਛੋਟ ਦਿੱਤੀ ਅਤੇ ਸੈਨੇਟ ਨੇ ਇਸਦਾ ਪਾਲਣ ਕੀਤਾ ਕਰਦਿਆਂ ਪੁਸ਼ਟੀ ਪ੍ਰਕਿਰਿਆ ਪੂਰੀ ਕੀਤੀ। ਅਸਟਿਨ ਨੂੰ ਸੈਨੇਟ ਵਿੱਚ 93-2 ਵੋਟਾਂ ਨਾਲ ਹਰੀ ਝੰਡੀ ਦਿੱਤੀ ਜਦਕਿ ਦੋ ਰਿਪਬਲਿਕਨ ਸੈਨੇਟਰਾਂ ਮਿਸੂਰੀ ਦੇ ਜੋਸ਼ ਹੌਲੀ ਅਤੇ ਯੂਟਾਹ ਦੇ ਮਾਈਕ ਲੀ ਨੇ ਇਸ ਪੁਸ਼ਟੀ ਦੇ ਵਿਰੁੱਧ ਵੋਟ ਦਿੱਤੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221





Parvinder Dhesi



Kulwant Sandhu
1471 B St., Unit B, Livingston, CA 95334

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਮਨੁੱਖੀ ਤਸਕਰੀ ਦੇ ਵਧ ਰਹੇ ਮਾਮਲਿਆਂ ਕਾਰਨ ਜਾਂਚ ਏਜੰਸੀਆਂ ਦਬਾਅ ਵਿੱਚ- ਦੱਖਣੀ ਕੈਲੀਫੋਰਨੀਆ ਵਿਚ 33 ਬੱਚੇ ਲਾਪਤਾ

**ਸੈਕਰਾਮੈਂਟੋ, ਕੈਲੀਫੋਰਨੀਆ 24 ਜਨਵਰੀ–** ਅਮਰੀਕਾ ਵਿਚ ਬੱਚਿਆਂ ਤੇ ਲੇਬਰ ਦੀ ਤਸਕਰੀ ਦੇ ਮਾਮਲਿਆਂ ਵਿਚ ਹੋ ਰਹੇ ਵਾਧੇ ਕਾਰਨ ਜਾਂਚ ਏਜੰਸੀਆਂ ਦਬਾਅ ਹੇਠ ਹਨ। ਐਫ. ਬੀ ਆਈ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਹਾਲ ਹੀ ਵਿਚ ਵੱਖ ਵੱਖ ਜਾਂਚ ਏਜੰਸੀਆਂ ਵੱਲੋਂ ਕੀਤੀ ਗਈ ਸਾਂਝੀ ਜਾਂਚ ਉਪਰੰਤ ਪਤਾ ਲੱਗਾ ਹੈ ਕਿ ਦੱਖਣੀ ਕੈਲੀਫੋਰਨੀਆ ਵਿਚ 33 ਬੱਚੇ ਲਾਪਤਾ ਹਨ ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਹੈ ਕਿ ਉਹ ਕਿਸ ਹਾਲਤ ਵਿਚ ਹਨ। ਇਨ੍ਹਾਂ ਵਿਚ 8 ਬੱਚੇ ਉਹ ਵੀ ਸ਼ਾਮਿਲ ਹਨ ਜਿਨ੍ਹਾਂ ਦਾ ਸਰੀਰਕ ਸ਼ੋਸ਼ਣ ਹੋਇਆ ਸੀ। ਐਫ.ਬੀ.ਆਈ ਅਨੁਸਾਰ ਅਪਰੇਸ਼ਨ ਲੌਸਟ ਏਂਜਲ ਜੋ ਮਨੁੱਖੀ ਤਸਕਰੀ ਜਾਗਰੂਕਤਾ ਮਹੀਨੇ ਦੌਰਾਨ 11 ਜਨਵਰੀ ਨੂੰ ਸ਼ੁਰੂ ਹੋਇਆ ਸੀ ਤੇ ਇਸ ਵਿਚ 2 ਦਰਜਨ ਤੋਂ ਵਧ ਏਜੰਸੀਆਂ ਸ਼ਾਮਿਲ ਸਨ ਜਿਨ੍ਹਾਂ ਦਾ ਕੰਮ ਗਵਾਚੇ ਬੱਚਿਆਂ ਦੀ ਪਛਾਣ ਕਰਨਾ ਤੇ ਉਨ੍ਹਾਂ ਨੂੰ ਲੱਭਣਾ ਸੀ।

ਜਾਂਚ ਅਧਿਕਾਰੀਆਂ ਨੇ ਕਿਹਾ ਹੈ ਕਿ 2 ਬੱਚੇ ਜਾਣੀਆਂ ਪਛਾਣੀਆਂ ਥਾਂਵਾਂ 'ਤੇ ਮਿਲੇ ਹਨ ਜਿਨ੍ਹਾਂ ਥਾਂਵਾਂ ਦੀ ਵਰਤੋਂ ਵਪਾਰਕ ਸੈਕਸ ਤਸਕਰੀ ਲਈ ਕੀਤੀ ਜਾਂਦੀ ਹੈ। ਹਾਲਾਤ ਦੇ ਮਾਰੇ ਹੋਏ ਇਹ ਬੱਚੇ ਅਜਿਹੀਆਂ ਥਾਂਵਾਂ ਉਪਰ ਪਹੁੰਚ ਜਾਂਦੇ ਹਨ। ਐਫ ਬੀ ਆਈ ਅਨੁਸਾਰ ਅਨੇਕਾਂ ਬੱਚਿਆਂ ਦਾ ਭੂਤਕਾਲ ਵਿਚ ਸਰੀਰਕ ਸ਼ੋਸ਼ਣ ਹੋਇਆ ਸੀ ਤੇ ਸਮਝਿਆ ਜਾਂਦਾ ਹੈ ਕਿ ਇਹ ਬੱਚੇ ਜਾਣ ਬੁੱਝ ਕੇ ਲਾਪਤਾ ਹੋਏ ਹਨ।

ਮਨੁੱਖੀ ਤਸਕਰੀ ਦੇ ਦੋਸ਼ ਵਿਚ ਗ੍ਰਿਫਤਾਰੀ- ਇਕ ਵਿਅਕਤੀ ਨੂੰ ਮਨੁੱਖੀ ਤਸਕਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੁਝ ਨਬਾਲਗ ਪੀੜਤਾਂ ਨੂੰ ਪਰੋਬੇਸ਼ਨ ਦੀ ਉਲੰਘਣਾ ਕਰਨ, ਲੁੱਟ ਖੋਹ ਕਰਨ ਤੇ ਹੋਰ ਸਮਾਜ ਵਿਰੋਧੀ ਕੰਮ ਕਰਨ ਦੇ ਦੋਸ਼ਾਂ ਤਹਿਤ ਹਿਰਾਸਤ ਵਿਚ ਲਿਆ ਗਿਆ ਹੈ।

ਐਫ ਬੀ ਆਈ ਨੇ ਇਨ੍ਹਾਂ ਬੱਚਿਆਂ ਦੀ ਉਮਰ ਬਾਰੇ ਵੇਰਵਾ ਨਹੀਂ ਦਿੱਤਾ ਹੈ। ਐਫ.ਬੀ. ਆਈ ਨੇ ਕਿਹਾ ਹੈ ਕਿ ਪਿਛਲੇ ਸਾਲਾਂ ਦੌਰਾਨ ਸੈਕਸ ਤੇ ਲੇਬਰ ਤਸਕਰੀ ਦੇ ਮਾਮਲੇ ਵਧੇ ਹਨ ਜਿਸ ਕਾਰਨ ਏਜੰਸੀਆਂ ਉਪਰ ਕੇਸਾਂ ਦਾ ਬੋਝ ਵਧ ਗਿਆ ਹੈ। ਪਿਛਲੇ ਸਾਲ ਨਵੰਬਰ ਵਿਚ ਮਨੁੱਖੀ ਤਸਕਰੀ ਨਾਲ ਸਬੰਧਤ 1800 ਤੋਂ ਵਧ ਮਾਮਲੇ ਬਕਾਇਆ ਸਨ ਜਿਨ੍ਹਾਂ ਦੀ ਜਾਂਚ ਕੀਤੀ ਜਾਣੀ ਰਹਿੰਦੀ ਸੀ।

ਇਨ੍ਹਾਂ ਵਿਚ ਹਰ ਉਮਰ ਦੇ ਲੋਕ ਸ਼ਾਮਿਲ ਹਨ। ਲਾਸ ਏਂਜਲਸ ਫੀਲਡ ਦਫ਼ਤਰ ਦੇ ਐਫ ਬੀ ਆਈ ਦੇ ਅਸਿਸਟੈਂਟ ਡਾਇਰੈਕਟਰ ਕ੍ਰਿਸਟੀ ਜੌਹਨਸਨ ਨੇ ਕਿਹਾ ਹੈ ਕਿ ਐਫ.ਬੀ.ਆਈ ਦਾ ਵਿਚਾਰ ਹੈ ਕਿ ਬਹੁਤ ਸਾਰੇ ਨਬਾਲਗ ਵਪਾਰਕ ਸੈਕਸ ਤਸਕਰੀ ਵਿਚ ਸ਼ਾਮਿਲ ਹਨ ਜਿਨ੍ਹਾਂ ਨੂੰ ਪੀੜਤਾਂ ਵਜੋਂ ਲਿਆ ਜਾਂਦਾ ਹੈ।

# ਅਮਰੀਕਾ ਵਿਚ ਕੋਰੋਨਾ ਮਾਮਲੇ 'ਤੇ ਮੌਤਾਂ ਵਧਣ ਦੀ ਪ੍ਰਗਟਾਈ ਸ਼ੰਕਾ

**ਸੈਕਰਾਮੈਂਟੋ, ਕੈਲੀਫੋਰਨੀਆ 26 ਜਨਵਰੀ–** ਕੋਰੋਨਾ ਟੀਕਾਕਰਣ ਸ਼ੁਰੂ ਹੋ ਜਾਣ ਦੇ ਬਾਵਜੂਦ ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਤਾਦਾਦ ਢਾਈ ਕਰੋੜ ਤੋਂ ਵਧ ਗਈ ਹੈ ਜਦ ਕਿ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਪੀੜਤਾਂ ਦੀ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ। ਯੁਨੀਵਰਸਿਟੀ ਆਫ ਵਾਸ਼ਿੰਗਟਨ ਦੇ ਖੋਜ਼ੀਆਂ ਅਨੁਸਾਰ ਅਮਰੀਕਾ ਦੀ ਤਕਰੀਬਨ 17% ਆਬਾਦੀ ਜਾਂ 5 ਕਰੋੜ ਤੋਂ ਵਧ ਲੋਕ ਕੋਰੋਨਾ ਵਾਇਰਸ ਤੋਂ ਪੈਰਭਾਵਿਤ ਹਨ। ਖੋਜ਼ੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਵਿਚ ਅਜੇ ਅੱਧੇ ਕੋਵਿਡ-19 ਮਾਮਲਿਆਂ ਦੀ ਹੀ ਸ਼ਨਾਖਤ ਹੋਈ ਹੈ। ਇਹ ਵੀ ਅਨੁਮਾਨ ਲਾਇਆ ਗਿਆ ਹੈ ਕਿ ਮਈ ਤੋਂ ਪਹਿਲਾਂ ਕੋਰੋਨਾ ਕਾਰਨ 1,68,000 ਹੋਰ ਮੌਤਾਂ ਹੋਣਗੀਆਂ ਜਿਨਾਂ ਨਾਲ ਮੌਤਾਂ ਦੀ ਕੁਲ ਗਿਣਤੀ 5,69,000 ਹੋ ਜਾਵੇਗੀ। ਹੁਣ ਤੱਕ 4,18,373 ਕੋਰੋਨਾ ਪੀੜਤ ਮਰੀਜ਼ਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਸ ਸਮੇਂ ਦੌਰਾਨ ਦੇਸ਼ ਦੇ ਘੱਟੋ ਘੱਟ 40 ਰਾਜਾਂ ਦੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਸਾਂਭ ਸੰਭਾਲ ਲਈ ਲੋੜੀਂਦੇ ਬੈੱਡ ਦੀ ਸਮੱਸਿਆ ਪੈਦਾ ਹੋਵੇਗੀ ਤੇ ਆਈ ਸੀ ਯੂ ਉਪਰ ਬਹੁਤ ਜਿਆਦਾ ਦਬਾਅ ਹੋਵੇਗਾ। ਇਸੇ ਦੌਰਾਨ ਕੈਲੀਫੋਰਨੀਆ ਵਿਚ ਇਕ ਵਿਅਕਤੀ ਦੀ ਕੋਵਿਡ-19 ਟੀਕਾ ਲਾਉਣ ਦੇ ਕੁਝ ਘੰਟਿਆਂ ਬਾਅਦ ਮੌਤ ਹੋ ਗਈ। ਹਾਲਾਂ ਕਿ ਮੌਤ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਾ ਪਰ ਟੀਕਾਕਰਣ ਤੋਂ ਬਾਅਦ ਹੋਈ ਮੌਤ ਕਾਰਨ ਹੋਰ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਜਰੂਰ ਬਣ ਗਿਆ ਹੈ। ਸਿਹਤ ਮਾਹਿਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਉਪਰੰਤ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕੇਗਾ। ਅਧਿਆਪਕਾਂ ਨੇ ਸਕੂਲਾਂ ਵਿਚ ਆਉਣ ਤੋਂ ਕੀਤੀ ਨਾਂਹ- ਸ਼ਿਕਾਗੋ ਟੀਚਰਜ ਯੂਨੀਅਨ ਨੇ ਕਿਹਾ ਹੈ ਕਿ ਉਸ ਦੇ ਮੈਂਬਰ ਕੋਵਿਡ-19 ਦੇ ਵਧ ਰਹੇ ਮਾਮਲਿਆਂ ਕਾਰਨ ਸਕੂਲਾਂ ਵਿਚ ਪਹੁੰਚਣ ਦੇ ਹੁਕਮਾਂ ਦੀ ਉਲੰਘਣਾ ਕਰਨਗੇ ਤੇ ਉਹ ਸਕੂਲਾਂ ਵਿਚ ਨਹੀਂ ਆਉਣਗੇ। ਜਿਲਾ ਅਧਿਕਾਰੀ ਜੋ ਚਹੁੰਦੇ ਸਨ ਕਿ ਅਧਿਆਪਕ ਸੋਮਵਾਰ ਤੋਂ ਸਕੂਲ ਆਉਣ, ਨੇ ਕਿਹਾ ਹੈ ਕਿ ਟੀਚਰਜ ਯੂਨੀਅਨ ਨਾਲ ਗੱਲਬਾਤ ਚੱਲ ਰਹੀ ਹੈ ਤੇ ਉਨਾਂ ਨੂੰ ਆਸ ਹੈ ਕਿ ਅਧਿਆਪਕ ਸਕੂਲ ਆਉਣ ਲਈ ਸਹਿਮਤ ਹੋ ਜਾਣਗੇ ਹਾਲਾਂ ਕਿ ਦੋ 2-3 ਦਿਨਾਂ ਦੀ ਦੇਰੀ ਜਰੂਰ ਹੋ ਸਕਦੀ ਹੈ।

# ਭਾਰਤੀ ਮੂਲ ਦਾ ਅਮਰੀਕੀ ਰਾਜ ਪਾਰਖ ਯੂ ਐਸ ਅਟਾਰਨੀ ਬਣਿਆ



**ਸੈਕਰਾਮੈਂਟੋ, ਕੈਲੀਫੋਰਨੀਆ 24 ਜਨਵਰੀ–** ਰਾਜ ਪਾਰਖ ਭਾਰਤੀ ਮੂਲ ਦਾ ਪਹਿਲਾ ਘੱਟ ਗਿਣਤੀ ਨਾਲ ਸਬੰਧਤ ਅਮਰੀਕੀ ਹੈ ਜਿਸ ਨੂੰ ਵਰਜੀਨੀਆ ਦੇ ਪੂਰਬੀ ਜਿਲੇ ਵਿਚ ਕਾਰਜਕਾਰੀ ਯੂ ਐਸ ਅਟਾਰਨੀ ਨਿਯੁਕਤ ਕੀਤਾ ਗਿਆ ਹੈ। ਪਾਰਖ ਜੋ ਅਸਿਸਟੈਂਟ ਯੂ ਐਸ ਅਟਾਰਨੀ ਵਜੋਂ ਕੰਮ ਕਰ ਰਹੇ ਸਨ, ਹੁਣ ਉਨ੍ਹਾਂ ਨੂੰ ਯੂ ਐਸ ਅਟਾਰਨੀ ਨਿਯੁਕਤ ਕੀਤਾ ਗਿਆ ਹੈ। ਉਹ ਅੰਦਾਜ਼ਨ 300 ਸਟਾਫ ਮੈਂਬਰਾਂ ਦੀ ਅਗਵਾਈ ਕਰੇਗਾ। ਉਹ ਸਾਰੇ ਸੰਘੀ ਅਪਰਾਧਾਂ ਤੇ ਸਿਵਲ ਮੁਕੱਦਮਿਆਂ ਦੀ ਦੇਖ ਰੇਖ ਕਰੇਗਾ। ਉਨ੍ਹਾਂ ਨੂੰ ਕੌਮੀ ਸੁਰੱਖਿਆ, ਕੌਮਾਂਤਰੀ ਅਪਰਾਧ, ਹਿੰਸਕ ਅਪਰਾਧ, ਸਾਈਬਰ ਅਪਰਾਧ ਆਦਿ ਮਾਮਲਿਆਂ ਸਬੰਧੀ ਲੰਬਾ ਤਜਰਬਾ ਹੈ।

# ਅਮਰੀਕਾ ਪਹਿਲੀ ਫਰਵਰੀ ਤੋਂ ਸਾਰੀਆਂ ਸ਼ੇਣੀਆਂ ਦੇ ਵੀਜ਼ੇ ਦੇਣੇ ਸ਼ੁਰੂ ਕਰੇਗਾ

**ਸੈਕਰਾਮੈਂਟੋ, ਕੈਲੀਫੋਰਨੀਆ 26 ਜਨਵਰੀ–** ਭਾਰਤ ਦੇ ਨਵੀਂ ਦਿੱਲੀ ਸਥਿੱਤੀ ਅਮਰੀਕੀ ਦੂਤਘਰ ਨੇ ਕਿਹਾ ਹੈ ਕਿ ਭਾਰਤ ਵਿਦਿਆਰਥੀ ਸ਼੍ਰੇਣੀ, ਐਚ-1ਬੀ, ਐਚ4,ਐਲ 1, ਐਲ 2, ਬੀ 1 ਤੇ ਬੀ 2 ਸਮੇਤ ਸਾਰੀਆਂ ਸ਼੍ਰੇਣੀਆਂ ਵਿਚ ਵੀਜੇ ਦੇਣੇ ਪਹਿਲੀ ਫਰਵਰੀ ਤੋਂ ਸ਼ੁਰੂ ਹੋਣਗੇ। ਦੂਤ ਘਰ ਨੇ ਇਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ 1 ਫਰਵਰੀ 2021 ਤੋਂ ਸ਼ੁਰੂ ਹੋ ਰਹੀ ਸਮੁੱਚੀਆਂ ਸ਼੍ਰੇਣੀਆਂ ਦੀ ਵੀਜ਼ਾ ਪੈਰਕਿਆ ਅਜੇ ਆਪਣੀ ਪੂਰੀ ਸਮਰਥਾ ਅਨੁਸਾਰ ਕੰਮ ਨਹੀਂ ਕਰੇਗੀ ਤੇ ਅਜੇ ਥੋਹੜੀ ਗਿਣਤੀ ਵਿਚ ਵੀਜੇ ਜਾਰੀ ਕੀਤੇ ਜਾਣਗੇ। ਬਿਆਨ ਵਿਚ ਕਿਹਾ ਗਿਆ ਹੈ ਕਿ ਲੋਕਾਂ ਤੇ ਸਟਾਫ ਦੀ ਸਿਹਤ ਦੇ ਮੱਦੇਨਜਰ ਅਜੇ ਸੀਮਿਤ ਗਿਣਤੀ ਵਿਚ ਵੀਜੇ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ ਤੇ ਹਾਲਾਤ ਵਿਚ ਸੁਧਾਰ ਨੂੰ ਵੇਖਦਿਆਂ ਇਹ ਗਿਣਤੀ ਵਧਾਈ ਜਾ ਸਕਦੀ ਹੈ।







# ਪਰਕਸ ਵੱਲੋਂ ਡਾ.ਤਾਰਾ ਸਿੰਘ ਸੰਧੂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ-** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਡਾ. ਤਾਰਾ ਸਿੰਘ ਸੰਧੂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਤੇ ਅਗਾਂਹ ਵਧੂ



ਖਿਆਲਾਂ ਦੇ ਮਾਲਕ ਸਨ। ਉਨ੍ਹਾਂ ਨੇ ਜਿੱਥੇ ਸਾਰੀ ਉਮਰ ਵਿਦਿਆਰਥੀ ਜੀਵਨ ਤੋਂ ਲੈ ਕੇ ਅੰਤ ਤੀਕ ਵੱਖ ਵੱਖ ਜਥੇਬੰਦੀਆਂ ਤੇ ਰਾਜਨੀਤਕ ਪਾਰਟੀਆਂ ਵਿਚ ਕੰਮ ਕੀਤਾ ਉੱਥੇ ਸਾਹਿਤਕ ਖੇਤਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ।

ਉਨ੍ਹਾਂ ਨੇ ਤਿੰਨ ਨਾਟਕਾਂ ਦੀਆਂ ਪੁਸਤਕਾਂ ਬਾਰ ਪਰਾਏ ਬੈਸਣਾ,ਬਾਬਰ ਤੇ ਸਪਾਰਟੈਕਸ ਲਿਖੀਆਂ। ਸਦੀ ਹੋਈ ਮਿਤਰਾਂ ਦੀ ਸਫ਼ਰਨਾਮਾ ਲਿਖਿਆ ਅਤੇ ਇਕ ਆਲੋਚਨਾ ਦੀ ਕਿਤਾਬ ਹੀਰ ਵਾਰਿਸ, ਲੋਕਯਾਨਿਕ ਆਧਾਰ ਲਿਖੀ।ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਪਾਏ ਵੱਡਮੂਲੇ ਯੋਗਦਾਨ , ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਕੀਤੇ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# 28 ਜਨਵਰੀ ਤੋਂ 10 ਦਿਨ ਦਾ ਭਿਕਸ਼ੂ ਟਰੇਨਿੰਗ ਕੈਂਪ

## ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਲੱਗੇਗਾ- ਹਰਭਜਨ ਸਾਂਪਲਾ

**ਫਗਵਾੜਾ (ਬੀ.ਕੇ.ਰੱਤੂ)-** ਭਿਖਸ਼ੂ ਸੰਘ ਅਤੇ ਪੰਜਾਬ ਬੁੱਧਿਸਟ ਸੁਸਾਇਟੀ (ਰਜਿਸਟਰਡ) ਪੰਜਾਬ ਦੀ ਸਾਂਝੀ ਮੀਟਿੰਗ ਤਕਸ਼ਿਲਾ ਮਹਾਂ ਬੁੱਧ ਬਿਹਾਰ ਕਾਦੀਆਂ ਵਿਖੇ ਹੋਈ। ਇਸ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ 28 ਜਨਵਰੀ ਤੋਂ 10 ਦਿਨ ਦਾ ਭਿਕਸ਼ੂ ਟਰੇਨਿੰਗ ਕੈਂਪ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਲਗਾਇਆ ਜਾਵੇਗਾ। ਇਸ ਕੈਂਪ ਵਿਚ 50 ਤੋਂ 60 ਉਪਾਸ਼ਿਕ ਤੇ ਉਪਾਸ਼ਕਾਂਵਾਂ



ਪਰਚਾਰ ਪ੍ਰਸਾਰ ਕਰਨਗੇ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਰਜਿਸਟਰ ਨੇ ਦੱਸਿਆ ਕਿ 10 ਦਿਨਾਂ ਵਾਸਤੇ ਬਣ ਰਹੇ ਭਿਕਸ਼ੂ ਭਿਕਸ਼ਣੀਆਂ ਨੂੰ ਟਰੇਨਿੰਗ ਜਮਾਤਾਂ ਵਿਚ ਦਿੱਤੀ ਜਾਵੇਗੀ।

ਇਸ ਕੈਂਪ ਵਿਚ ਭੋਜਨ, ਰਿਹਾਇਸ਼, ਚੀਵਰ, ਕੰਬਲ, ਦਵਾਈਆਂ ਮਾਸਕਾਂ ਦਾ ਪੈਰਬੰਧ ਕੀਤਾ ਗਿਆ ਹੈ। ਉਹਨਾਂ ਨੇ ਭਿਕਸ਼ੂਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਕਿਸੇ ਵੀ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਨੇ ਸ਼ਰਧਾਲੂਆਂ ਤੇ ਧੰਮ ਪਰੇਮੀਆਂ ਨੂੰ ਅਪੀਲ ਕੀਤੀ ਕਿ ਸ਼ਰਧਾ ਮੁਤਾਬਿਕ ਦਾਨ ਕਰਨ ਤੇ ਭਿਖਸ਼ੂ ਸੰਘ ਨੂੰ ਤਨ ਮਨ ਧਨ ਨਾਲ ਸਹਿਯੋਗ ਕਰਨ। ਭਿਕਸ਼ੂ ਪ੍ਰਗਿਆ ਲੋਧੀ ਨੇ ਦੱਸਿਆ ਕਿ ਇਹ ਇਕ ਇਤਿਹਾਸਕ ਕੈਂਪ ਹੋਵੇਗਾ। ਪੰਜਾਬ ਵਿਚ 1200 ਸਾਲਾਂ ਬਾਅਦ ਇਸ ਗੁਰੂਆਂ ਦੀ ਧਰਤੀ ਕੈਂਪ ਲੱਗ ਰਿਹਾ ਹੈ। ਇਸ ਕੈਂਪ ਤੋਂ ਸੱਭ ਨੂੰ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ।

# ਕੈਪਟਨ ਸਰਕਾਰ ਦੇ ਵਿਰੁੱਧ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਸੀਤ ਲਹਿਰ ਦੇ ਬਾਵਜੂਦ 26ਵੇਂ ਦਿਨ 'ਚ



ਚੰਡੀਗੜ- ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਵੱਲੋਂ ਕੈਪਟਨ ਸਰਕਾਰ ਦੇ ਵਿਰੁੱਧ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਸੀਤ ਲਹਿਰ ਦੇ ਬਾਵਜੂਦ 26ਵੇਂ ਦਿਨ 'ਚ ਵੀ ਜਾਰੀ ਹੈ।ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਭ੍ਰਾਤਰੀ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰਕੇ 25 ਜਨਵਰੀ ਨੂੰ ਦਲਿਤ ਮਹਾਂ ਪੰਚਾਇਤ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਅਗਲੀ ਰਣਨੀਤੀ ਤਹਿ ਕਰਨ ਲਈ ਆਗੂਆਂ ਦੀ ਵਿਸ਼ੇਸ਼ ਮੀਟਿੰਗ ਧਰਨਾ ਸਥਾਨ ਤੇ ਕੀਤੀ ਗਈ ਸੈਰ ਕੈਂਥ ਨੇ ਕਿਹਾ ਕਿ ਕਿ ਕੈਪਟਨ ਸਰਕਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨਾਲ ਰਾਜਨੀਤਕ ਚਾਲਬਾਜ਼ੀ ਕਰਨਾ ਬੰਦ ਕਰੇ ਕਾਲਜ ਅਤੇ ਯੂਨੀਵਰਸਿਟੀਆਂ ਦੀਆਂ ਵਿੱਦਿਅਕ ਸੰਸਥਾਵਾਂ ਨਾਲ ਸਬੰਧਿਤ ਮਸਲਿਆਂ ਨੂੰ ਨਜਿੱਠਣ ਲਈ ਗਰੁੱਪ ਆਫ਼ ਮਨਿਸਟਰ ਦੀ ਕਾਰਵਾਈ ਨੂੰ ਜਨਤਕ ਤੌਰ ਉਤੇ ਵੇਰ-ਵਆਂ ਨੂੰ ਦੱਸਿਆ ਜਾਵੇ, ਕਿਉਂਕਿ ਗਰੁੱਪ ਆਫ਼ ਮਨਿਸਟਰ ਖਾਮੋਸ਼ ਹਨ। ਕੇਂਦਰ ਸਰਕਾਰ ਦੇ 60-40 ਦੇ ਫ਼ਾਰਮੂਲੇ ਨੂੰ ਨੀਤੀਗਤ ਫੈਸਲਿਆਂ ਦੀ ਕਾਰਵਾਈ ਤਹਿਤ ਕੈਪਟਨ ਸਰਕਾਰ ਆਪਣਾ ਹਿੱਸਾ ਤੁਰੰਤ ਜਾਰੀ ਕਰੇ ਅਤੇ ਪਿਛਲੇ ਸਾਲਾਂ ਦੇ ਬਕਾਇਆ 'ਚ 309 ਕਰੋੜ ਰੁਪਏ ਕਾਲਜ ਅਤੇ ਯੂਨੀਵਰਸਿਟੀਆਂ ਦੀ ਮੈਨੇਜਮੈਂਟ ਨੂੰ ਬਿਨਾਂ ਕਿਸੇ ਦੇਰੀ ਦੇ ਰੁਪਿਆ ਰਲੀਜ਼ ਕੀਤਾ ਜਾਵੇ।

ਸੈਰ ਕੈਂਥ ਨੇ।ਦੱਸਿਆ ਕਿ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਲੱਖਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਡਿਗਰੀਆਂ ਅਤੇ ਦਾਖ਼ਲੇ ਪ੍ਰਤੀ ਜੋ ਸੰਘਰਸ਼ ਕੀਤਾ ਜਾ ਰਿਹਾ ਹੈ ਉਸ ਨੂੰ ਹੋਰ ਮਜ਼ਬੂਤ ਅਤੇ ਕੈਪਟਨ ਸਰਕਾਰ ਉੱਤੇ ਦਬਾਅ ਨੂੰ ਵਧਾਉਣ ਲਈ ਦਲਿਤ ਮਹਾਂ ਪੰਚਾਇਤ ਕਰਨ ਦਾ ਫੈਸਲਾ, 25 ਜਨਵਰੀ 2021ਦਿਨ ਸੋਮਵਾਰ ਨੂੰ ਦੁਪਹਿਰ 12 ਵਜੇ ਰੈਲੀ ਗਰਾਉਂਡ 25 ਸੈਕਟਰ ਚੰਡੀਗੜ ਵਿਖੇ ਪਹੁੰਚਣ ਲਈ ਆਫ਼ ਸਭ ਨੂੰ ਖੁੱਲਾ ਸੱਦਾ ਪੱਤਰ ਦਿੱਤਾ ਜਾਂਦਾ ਹੈ। ਉਹਨਾਂ ਅੱਗੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਘੁਟਾਲੇ, ਦੀ ਜਾਂਚ ਸੀਬੀਆਈ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸਾਧੂ ਸਿੰਘ ਧਰਮਸੋਤ ਦੁਆਰਾ 63 ਕਰੋੜ ਰੁਪਏ ਦੀਆਂ ਬੇਨਿਯਮੀਆਂ ਕੀਤੀਆਂ ਹਨ, ਰਾਜ ਸਰਕਾਰ ਦੁਆਰਾ ਕਰਵਾਏ ਗਏ ਤੀਜੀ ਧਿਰ ਦੇ ਤਹਿਤ ਆਡਿਟ 'ਚ ਇਹ ਪਾਇਆ ਗਿਆ ਕਿ ਇਸ ਯੋਜਨਾ ਵਿੱਚ 500 ਕਰੋੜ ਰੁਪਏ ਦਾ ਭਰਿਸ਼ਟਾਚਾਰ ਅਤੇ ਕੈਗ ਆਡਿਟ ਰਿਪੋਰਟ 2018 ਵਿਚ ਜਿੰਮੇਵਾਰ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੁਆਰਾ ਫੰਡਾਂ ਅਤੇ ਭਰਿਸ਼ਟਾਚਾਰ ਕੀਤਾ ਗਿਆ ਹੈ। ਉਹਨਾਂ ਕਾਲਜਾਂ ਨੂੰ ਫੰਡ ਮੁਹੱਈਆ ਕਰਾਉਣ ਲਈ ਰਾਜ ਸਰਕਾਰ ਦੀ ਵੀ ਅਲੋਚਨਾ ਕੀਤੀ ਜੋ ਕੈਗ ਦੀ ਰਿਪੋਰਟ ਵਿਚ ਜਿੰਮੇਵਾਰ ਸਨ।ਮੌਕੇ ਤੇ ਮੌਜੂਦ ਆਗੂਆਂ ਗੁਰਪਾਲ ਸਿੰਘ ਭੱਟੀ ਸਾਬਕਾ ਆਈ ਏ ਐਸ, ਰਾਜੇਸ਼ ਬਾਘਾ, ਕੇਵਲ ਕੈਰਿਸ਼ਨ ਆਦੀਵਾਲ, ਐਮ, ਐਸ, ਰੋਹਟਾ , ਲਛਮਣ ਦਾਸ ਜੱਤੀ, ਕਿਰਪਾਲ ਸਿੰਘ, ਦਲੀਪ ਸਿੰਘ ਬੁਚੜੇ, ਜਸਵਿੰਦਰ ਸਿੰਘ ਰਾਹੀਂ, ਬੱਗਾ ਸਿੰਘ ਫਿਰੋਜ਼ਪੁਰ, ਪੈਰਦੀਪ ਅੰਬੇਡਕਰੀ, ਧਰਮ ਸਿੰਘ ਕਲੌੜ, ਗਰੀਬ ਸਿੰਘ, ਪਰੀਤਮ ਸਿੰਘ ਰਾਠੀ, ਜਰਨੈਲ ਸਿੰਘ ਖੋਖਰ, ਗੁਰਸੇਵਕ ਸਿੰਘ ਮੈਣਮਾਜਰੀ, ਰਾਜਵਿੰਦਰ ਸਿੰਘ ਗੱਡੂ, ਰਾਂਝਾ ਬਖਸ਼ੀ, ਹਰਭਜਨ ਦਾਸ ਆਦਿ ਮੌਜੂਦ ਸਨ।

# ਪੰਜਾਬੀ ਇਕ ਅਣਖੀਲੀ ਕੌਮ ਹੈ ਜੋ ਨਾ ਜਬਰ ਕਰਦੀ ਹੈ ਤੇ ਨਾ ਹੀ ਬਰਦਾਸ਼ਤ ਕਰਦੀ ਹੈ- ਧਾਲੀਵਾਲ

**ਫਗਵਾੜਾ (ਬੀ.ਕੇ.ਰੱਤੂ)-** ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਹਲਕਾ ਵਿਧਾਨਸਭਾ ਫਗਵਾੜਾ ਦੇ ਸਮੂਹ ਪੰਜਾਬੀਆਂ ਨੂੰ ਅਤੇ ਖਾਸ ਤੌਰ ਤੇ ਪੇਂਡੂ ਪਿਛਕੋੜ ਰੱਖਣ ਵਾਲੇ ਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਖੇਤੀ ਨਾਲ ਜੁੜੇ ਨਾਗਰਿਕਾਂ ਨੂੰ ਪੁਰਜੋਰ ਅਪੀਲ ਕੀਤੀ ਹੈ ਕਿ ਪੰਜਾਬ ਦੇ ਕਿਸਾਨ, ਕਿਸਾਨੀ ਅਤੇ ਸੂਬੇ ਦੀ ਆਰਥਕਤਾ ਨੂੰ ਬਚਾਉਣ ਲਈ ਵੱਧ ਤੋਂ ਵੱਧ ਗਿਣਤੀ 'ਚ 26 ਜਨਵਰੀ ਨੂੰ ਸਿੰਘੂ ਬਾਰਡਰ ਤੇ ਅੰਦੋਲਨ ਕਰ ਰਹੇ ਕਿਸਾਨਾ ਵਲੋਂ ਐਲਾਨੀ ਟਰੈਕਟਰ ਪਰੇਡ 'ਚ ਸ਼ਮੂਲੀਅਤ ਲਈ ਪਹੁੰਚਣ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾ ਪੈਰਤੀ ਜੋ ਰੁੱਖਾ ਰਵੱਈਆ ਅਖਤਿਆਰ ਕੀਤਾ ਹੈ ਉਹ ਬਹੁਤ ਹੀ ਨਿੰਦਣਯੋਗ ਹੈ। ਮੋਦੀ ਸਰਕਾਰ ਦੀ ਤਾਨਾਸ਼ਾਹੀ ਨੂੰ ਇਹ ਦੇਸ਼ ਸਵੀਕਾਰ ਨਹੀ ਕਰੇਗਾ। ਅੱਜ ਪੰਜਾਬ ਹੀ ਨਹੀ ਬਲਕਿ ਦੇਸ਼ ਦਾ ਕਿਸਾਨ ਕੇਂਦਰ ਸਰਕਾਰ ਦੀ ਕਿਸਾਨਾ ਪੈਰਤੀ ਬੇਰੁਖੀ ਨੂੰ ਦੇਖ ਰਿਹਾ ਹੈ। ਦੇਸ਼ ਦਾ ਅੰਨਦਾਤਾ ਪਿਛਲੇ ਕਈ ਮਹੀਨਿਆਂ ਤੋਂ ਸੜਕਾਂ ਉਪਰ ਮੋਰਚਾ ਲਗਾ ਕੇ ਬੈਠਾ ਹੈ। ਅੰਦੋਲਨਕਾਰੀਆਂ ਵਿਚ ਛੋਟੇ ਬੱਚੇ, ਔਰਤਾਂ ਅਤੇ ਬਜੁਰਗ ਵੀ ਵੱਡੀ ਗਿਣਤੀ ਵਿਚ ਸ਼ਾਮਲ ਹਨ ਜੋ ਕਿਸਾਨ ਅਤੇ ਕਿਸਾਨੀ ਦੇ ਹੱਕਾਂ ਲਈ ਆਰ-ਪਾਰ ਦਾ ਇਰਾਦਾ ਲੈ ਕੇ ਦਿੱਲੀ ਦੇ ਬਾਰਡਰਾਂ ਤੇ ਬੈਠੇ ਹਨ। ਜਦੋਂ ਤੱਕ ਮੋਦੀ ਸਰਕਾਰ ਤਿੰਨੇ ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਨਹੀ ਕਰੇਗੀ ਇਹ ਕਿਸਾਨ ਘਰ ਵਾਪਸ ਨਹੀ ਪਰਤਣਗੇ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਸ਼ਾਇਦ ਪਤਾ ਨਹੀ ਕਿ ਪੰਜਾਬੀ ਇਕ ਅਣਖੀਲੀ ਕੌਮ ਹੈ ਜੋ ਨਾ ਜਬਰ ਕਰਦੀ ਹੈ ਤੇ ਨਾ ਹੀ ਜਬਰ ਬਰਦਾਸ਼ਤ ਕਰਦੀ ਹੈ। ਇਸ ਲਈ ਬਿਹਤਰ ਹੋਵੇਗਾ ਕਿ ਖੇਤੀ ਸਬੰਧੀ ਤਿੰਨੇ ਕਾਲੇ ਕਾਨੂੰਨ 26 ਜਨਵਰੀ ਤੋਂ ਪਹਿਲਾਂ ਵਾਪਸ ਲੈਣ ਦਾ ਐਲਾਨ ਹੋਵੇ ਅਤੇ ਸੁਖਾਵੇਂ ਮਾਹੌਲ ਵਿਚ ਅੰਦੋਲਨਕਾਰੀ ਕਿਸਾਨ ਆਪਣੇ ਘਰਾਂ ਨੂੰ ਵਾਪਸੀ ਕਰਨ। ਇਸ ਦੌਰਾਨ ਉਹਨਾਂ ਸਿੰਘੂ ਬਾਰਡਰ ਤੇ ਆਉਣ-ਜਾਣ ਵਾਲੀ ਸੰਗਤ ਅਤੇ ਕਿਸਾਨਾ ਲਈ ਦਿਨ ਰਾਤ ਲੰਗਰ ਦੀ ਸੇਵਾ ਵਰਤਾਉਣ ਵਾਲੀਆਂ ਜੱਥੇਬੰਦੀਆਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ।

# ਅਮਰੀਕਾ 'ਚ ਰੋਜ਼ਾਨਾ 10 ਲੱਖ ਲੋਕਾਂ ਨੂੰ ਕੋਰੋਨਾ ਵੈਕਸੀਨ ਦੇਣ ਦਾ ਟੀਚਾ

**ਵਾਸ਼ਿੰਗਟਨ-** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੇ ਦੇਸ਼ 'ਚ ਕੋਰੋਨਾ ਟੀਕਾਕਰਣ ਮੁਹਿੰਮ 'ਚ ਤੇਜ਼ੀ ਲਿਆਉਣ ਦੇ ਸੰਕੇਤ ਦਿੰਦੇ ਹੋਏ ਕਿਹਾ ਕਿ ਅਗਲੇ ਤਿੰਨ ਹਫਤਿਆਂ ਦੇ ਅੰਦਰ ਰੋਜ਼ਾਨਾ 10 ਲੱਖ ਲੋਕਾਂ ਨੂੰ ਵੈਕਸੀਨ ਲਾਉਣ ਦਾ ਟੀਚਾ ਹਾਸਲ ਕਰ ਲਿਆ ਜਾਵੇਗਾ।

ਬਾਈਡੇਨ ਨੇ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਗਲੇ ਤਿੰਨ ਹਫਤਿਆਂ ਦੇ ਅੰਦਰ ਅਸੀਂ ਰੋਜ਼ਾਨਾ 10 ਲੱਖ ਲੋਕਾਂ ਨੂੰ ਕੋਰੋਨਾ ਵੈਕਸੀਨ ਲਾਉਣ ਦਾ ਟੀਚਾ ਹਾਸਲ ਕਰ ਲਵਾਂਗੇ ਜਿਸ ਨੂੰ ਹੋਰ ਵੀ ਅੱਗੇ ਵਧਾਇਆ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਨੇ ਸਪੱਸ਼ਟ ਕਰਦੇ ਹੋਏ ਕਿਹਾ ਕਿ ਉਹ ਅਮਰੀਕਾ 'ਚ ਰੋਜ਼ਾਨਾ ਦਿੱਤੀ ਜਾਣ ਵਾਲੀ ਕੋਰੋਨਾ ਵੈਕਸੀਨ ਦੀ ਗਿਣਤੀ ਦੀ ਗੱਲ ਕਰ ਰਹੇ ਹਨ ਕਿਉਂਕਿ ਦੇਸ਼ 'ਚ ਫਾਈਜ਼ਰ ਅਤੇ ਮਾਡਰਨਾ ਦੀ ਕੋਰੋਨਾ ਵੈਕਸੀਨ ਨੂੰ ਮਨਜ਼ੂਰੀ ਮਿਲੀ ਹੈ। ਉਹਨਾਂ ਨੇ ਕਿਹਾ ਕਿ ਇਕ ਦਿਨ 'ਚ 10 ਲੱਖ ਲੋਕਾਂ ਨੂੰ ਕੋਰੋਨਾ ਵੈਕਸੀਨ ਲਾਉਣ ਦੇ ਟੀਚੇ ਨੂੰ ਵਧਾ ਕੇ 15 ਲੱਖ ਵੀ ਕੀਤਾ ਜਾ ਸਕਦਾ ਹੈ।




NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਕਾਲਾ ਰੋਸ ਮਾਰਚ ਕਰਕੇ ਖੇਤੀ ਕਾਨੂੰਨਾਂ ਅਤੇ ਕਿਰਤ ਕਾਨੂੰਨਾਂ ਦੀਆਂ ਸਾੜੀਆਂ ਕਾਪੀਆਂ

**ਬੰਗਾ, (ਰੇਸ਼ਮ ਕਰਨਾਣਵੀ)**- 26 ਜਨਵਰੀ 2021 ਨੂੰ ਵੱਖ ਵੱਖ ਜਨਤਕ ਅਤੇ ਟਰੇਡ ਯੂਨੀਅਨਾਂ ਦੇ ਆਧਾਰ ਤੇ ਬਣੀ ਸਾਂਝਾ ਸੰਘਰਸ਼ ਤਾਲਮੇਲ ਕਮੇਟੀ ਬੰਗਾ ਵੱਲੋਂ ਦੇਸ਼ ਵਿਰੋਧੀ 3 ਖੇਤੀ ਕਾਲੇ ਕਾਨੂੰਨਾਂ ਅਤੇ ਨਵੇਂ ਲੇਬਰ ਕਾਨੂੰਨਾਂ ਦੇ ਵਿਰੋਧ






ਵਿੱਚ ਸਾਂਝੀ ਰੋਸ ਰੈਲੀ ਬੱਸ ਸਟੈਂਡ ਬੰਗਾ ਵਿੱਚ ਕੀਤੀ ਗਈ ; ਸਟੇਜ ਤੋਂ ਜਥੇਬੰਦੀਆਂ ਦੇ ਬੁਲਾਰਿਆਂ ਨੇ ਬੋਲਦਿਆਂ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸਾਮਰਾਜੀ ਵਿੱਤੀ ਸੰਸਥਾਵਾਂ - ਵਿਸ਼ਵ ਬੈਂਕ, ਕੌਮਾਂਤਰੀ ਮੁਦਰਾਕੋਸ਼, ਵਿਸ਼ਵ ਵਪਾਰ ਸੰਸਥਾ ਦੀ ਤਿੱਕੜੀ ਦੇ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਦਿਆਂ ਦੇਸ਼ ਵਿਰੋਧੀ 3 ਖੇਤੀ ਕਾਨੂੰਨਾਂ ਨੂੰ ਪਾਰਲੀਮਾਨੀ ਨਿਯਮਾਂ ਨੂੰ ਓਲੰਘ ਕੇ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਤੇ ਛਾਪਾ ਮਾਰ ਕੇ ਪਾਸ ਕੀਤੇ ਗਏ ਹਨ ਅਤੇ ਕਾਰਪੋਰੇਟੀ ਲੁੱਟ ਦੇ ਹੱਲੇ ਨੂੰ ਅੱਗੇ ਵਧਾਉਣ ਲਈ 4 ਲੇਬਰ ਕੋਡ (ਕਾਨੂੰਨ) ਲਿਆਂਦੇ ਗਏ ਹਨ ; ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਸਰਕਾਰੀ ਮੁੰਡੀਆਂ ਖ਼ਤਮ ਹੋ ਜਾਣਗੀਆਂ, ਸਰਕਾਰੀ ਖ਼ਰੀਦ ਬੰਦ ਹੋ ਜਾਵੇਗੀ , ਐਫ .ਸੀ .ਆਈ ਅਤੇ ਹੋਰ ਸਰਕਾਰੀ ਖਰੀਦ ਏਜੰਸੀਆਂ ਖ਼ਤਮ ਹੋ ਜਾਣਗੀਆਂ ; ਅਨਾਜ ਸਰਕਾਰੀ ਭੰਡਾਰਾਂ ਦੀ ਥਾਂ ਨਿੱਜੀ ਮਾਲਕ ਅੰਬਾਨੀ ਅਡਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੀ ਮਨਮਰਜ਼ੀ ਰਾਹੀਂ ਵੱਡੇ ਅਕਾਰੀ ਭੰਡਾਰਾਂ ਚ ਅਨਾਜ ਸਟੋਰ ਕੀਤਾ ਜਾਵੇਗਾ, ਜਿਸ ਦੀ ਕੋਈ ਸੀਮਾ ਨਹੀਂ ਹੋਵੇਗੀ ; ਉਹ ਅਨਾਜ ਮਨ ਮਰਜ਼ੀ ਨਾਲ ਮੁਨਾਫ਼ੇ ਲਾ ਕੇ ਸਟੋਰਾਂ ਰਾਹੀਂ ਵੇਚਣਗੇ ; ਜਿਸ ਨਾਲ ਜਿੱਥੇ ਭੋਜਨ ਸੁਰੱਖਿਆ ਕਾਨੂੰਨ ਤਹਿਤ ਜਨਤਕ ਵੰਡ ਪ੍ਰਣਾਲੀ ਰਾਹੀਂ ਮੁਲਕ ਦੇ ਕਰੋੜਾਂ ਗ਼ਰੀਬ ਲੋਕਾਂ ਨੂੰ ਮਿਲ ਰਹੀ ਮਾੜੀ ਮੋਟੀ ਰਾਹਤ ਦਾ ਭੋਗ ਪੈ ਜਾਵੇਗਾ ; ਉੱਥੇ ਪੇਂਡੂ , ਸ਼ਹਿਰੀ , ਸਨਅਤੀ ਮਜ਼ਦੂਰਾਂ , ਛੋਟੇ ਮੁਲਾਜ਼ਮਾਂ ਤੇ ਹੋਰ ਮੱਧਵਰਗੀ ਲੋਕਾਂ ਦਾ ਵੀ ਮਹਿੰਗਾਈ ਨੇ ਕਚੂਮਰ ਕੱਢ ਦੇਣਾ ਹੈ; ਛੋਟੇ ਕਾਰੋਬਾਰੀਆਂ




/ਵਪਾਰੀਆਂ ਦੇ ਧੰਦੇ ਚੌਪਟ ਹੋ ਜਾਣਗੇ। ਭਾਰਤ ਦੀ ਮੋਦੀ ਸਰਕਾਰ ਨੇ ਕੋਰੋਨਾ ਮਹਾਂਮਾਰੀ ਨੂੰ ਇਕ ਬਿਹਤਰ ਮੌਕਾ ਜਾਣ ਕੇ ਇਸ ਏਜੰਡੇ ਨੂੰ ਪੂਰੇ ਅੱਡੀ-ਚੋਟੀ ਦਾ ਜ਼ੋਰ ਲਾ ਕੇ ਲਾਗੂ ਕੀਤਾ ਜਾ ਰਿਹਾ ਹੈ। ਮਜ਼ਦੂਰ ਮੁਲਾਜ਼ਮ ਵਿਰੋਧੀ ਸੋਧਾਂ ਕਰ ਕੇ ਪਾਸ ਕੀਤੇ ਗਏ 4 ਲੇਬਰ ਕੋਡ ,ਬਿਜਲੀ ਐਕਟ 2020, ਕੌਮੀ ਸਿੱਖਿਆ ਨੀਤੀ 2020 , ਠੇਕਾ/ ਆਊਟਸੋਰਸਿੰਗ ਭਰਤੀ , ਰੇਲਵੇ , ਸੁਰੱਖਿਆ, ਬਿਜਲੀ, ਪਾਣੀ ,ਹਵਾਈ ਅੱਡੇ ,ਪੁਲਾੜ, ਸਿਹਤ ,ਸਿੱਖਿਆ ਆਦਿ ਸਭਨਾਂ ਜਨਤਕ ਖੇਤਰਾਂ ਦਾ ਨਿੱਜੀਕਰਨ ਦੇ ਫ਼ੈਸਲੇ ਸਰਕਾਰ ਕਰ ਚੁੱਕੀ ਹੈ । ਇਹ ਨਵੇਂ ਕਿਰਤ ਸੁਧਾਰ ਕਾਨੂੰਨ ਤੇ ਲੇਬਰ ਲਾਅ 2019 ਤੇ 2020 ਦੇ ਨਾਂ ਤੇ ਮੋਦੀ ਸਰਕਾਰ ਲੈ ਕੇ ਆਈ ਹੈ ਉਸ ਨੂੰ ਪੰਜਾਬ ਸਰਕਾਰ ਵੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ । ਇਹਨਾਂ ਨਵੇਂ ਕਿਰਤ ਕਾਨੂੰਨਾਂ ਮੁਤਾਬਿਕ ਕੰਮ ਕਰਨ ਦੇ ਘੰਟੇ 8 ਤੋਂ ਵਧਾ ਕੇ 12 ਘੰਟੇ ਅਤੇ ਹੁਣ ਕੰਮ ਕਰਨ ਦਾ ਹਫਤਾ ਵੀ 48 ਘੰਟੇ ਤੋਂ ਵਧਾ ਕੇ 72 ਘੰਟੇ ਕਰ ਦਿੱਤਾ ਜਾਣਾ ਹੈ । 4 ਘੰਟੇ ਦੇ ਓਵਰਟ-ਾਈਮ ਦੇ ਪੈਸੇ ਵੀ ਅਤੇ ਹਫ਼ਤੇ ਦੀ ਇੱਕ ਦਿਨ ਦੀ ਰੈਸਟ ਵੀ ਮਾਲਕ ਦੀ ਮਰਜ਼ੀ ਤੇ ਨਿਰਭਰ ਹੋਣਗੇ। ਹੁਣ 300 ਵਰਕਰਾਂ ਤਕ ਰੱਖਣ ਤੇ ਕੱਢਣ ਦਾ ਅਧਿਕਾਰ ਮਾਲਕ ਨੂੰ ਮਿਲ ਗਿਆ ਹੈ।ਅੱਜ ਦੀ ਰੋਸ ਰੈਲੀ ਵਿੱਚ ਸਾਂਝੇ ਤੌਰ ਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕੀ ਇਹਨਾਂ 3 ਖੇਤੀ ਕਾਲੇ ਕਾਨੂੰਨਾਂ ਅਤੇ ਲੋਕ ਵਿਰੋਧੀ ਨਵੇਂ ਲੇਬਰ ਕਾਨੂੰਨਾਂ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਮੰਗ ਕੀਤੀ ਗਈ ਕੀ ਸਾਰੇ ਵਿਭਾਗਾਂ ਦਾ ਸਰਕਾਰੀ ਕਰਨ ਕੀਤਾ ਜਾਵੇ। ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ ਅਤੇ ਸਾਰੇ ਵਿਭਾਗਾਂ ਵਿੱਚ ਖਾਲੀ ਅਸਾਮੀਆਂ ਨੂੰ ਪੱਕੀ ਭਰਤੀ ਕਰ ਕੇ ਪੂਰਾ ਕੀਤਾ ਜਾਵੇ ।

ਸਾਰੇ ਵਿਭਾਗਾਂ ਦੇ ਕੱਚੇ ਕਾਮਿਆਂ ਨੂੰ ਤੁਰੰਤ ਪੱਕਾ ਕੀਤਾ ਜਾਵੇ. ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ. ਰੋਸ ਰੈਲੀ ਤੋਂ ਬਾਅਦ ਬੱਸ ਸਟੈਂਡ ਬੰਗਾ ਤੋਂ ਬਾਜ਼ਾਰ ਵਿਚ ਕਾਲੇ ਝੰਡਿਆਂ ਨਾਲ ਰੋਸ ਮਾਰਚ ਕੀਤਾ ਗਿਆ ਅਤੇ ਅਖ਼ੀਰ ਵਿਚ ਗੜ੍ਹਸ਼ੰਕਰ ਚੌਂਕ (ਬੰਗਾ) ਵਿੱਚ ਜਾ ਕੇ ਦੇਸ਼ ਵਿਰੋਧੀ 3 ਖੇਤੀ ਕਾਨੂੰਨਾਂ ਅਤੇ ਨਵੇਂ ਲੇਬਰ ਕਾਨੂੰਨਾਂ ਦੀਆਂ ਕਾਪੀਆਂ ਨੂੰ ਸਾੜਿਆ ਗਿਆ। ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਆਪਣੇਵਿਚਾਰ ਪੇਸ਼ ਕੀਤੇ। ਜਿਹਨਾਂ ਵਿੱਚ ਮਹਿੰਦਰ ਸਿੰਘ ਗੋਬਿੰਦਪੁਰੀ, ਤੀਰਥ ਰਸੂਲਪੁਰੀ, ਦਿਲਦਾਰ ਸਿੰਘ, ਖ਼ੁਸ਼ੀ ਰਾਮ ਗੁਣਾਚੌਰ, ਕੁਲਵਿੰਦਰ ਬਿੱਲਾ, ਸੈਰੀ ਕ੍ਰਿਸ਼ਨ ਮੁਕੰਦਪੁਰ, ਮਹਿੰਦਰ ਸਿੰਘ ਖ਼ੈਰ, ਅਮਰ ਸਿੰਘ, ਪਰਮਜੀਤ ਕੌਰ, ਨੰਦ ਲਾਲ, ਸੁਰਿੰਦਰ ਸਿੰਘ, ਬਾਬੂ ਜੀਤ ਰਾਮ ਗੁਣਾਚੌਰ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਅਵਤਾਰ ਸਿੰਘ , ਰੋਸ਼ਨ ਲਾਲ ਬੰਗਾ, ਰਮੇਸ਼ ਲਾਲ, ਕੁਲਵਿੰਦਰ ਖਟਕੜ, ਨਰਿੰਦਰ ਸ਼ਰਮਾ, ਰੇਸ਼ਮ ਲਾਲ, ਵਿਨੋਦ ਕੁਮਾਰ, ਮਨਜੀਤ ਸਿੰਘ, ਹਰਮੇਸ਼ ਚੰਦ ਭੰਗਲ, ਬੂਟਾ ਰਾਮ, ਅਮਨਦੀਪ ਕੌਰ, ਪਵਨ ਕੁਮਾਰ ਰਿੰਕੂ ਵੱਖ-ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।ਸਟੇਜ ਦੀ ਕਾਰਵਾਈ ਸੁਰਿੰਦਰ ਸਿੰਘ ਰੀਲਾ ਨੇ ਚਲਾਈ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਮੈਕਸੀਕੋ-ਅਮਰੀਕਾ ਦੇ ਸਰਹੱਦ ਨੇੜੇ ਮਿਲੀਆਂ 19 ਅੱਗ ਨਾਲ ਸੜੀਆਂ ਹੋਈਆਂ ਲਾਸ਼ਾਂ

**ਫਰਿਜ਼ਨੋ (ਕੈਲੀਫੋਰਨੀਆਂ), 25 ਜਨਵਰੀ 2021–** ਅਮਰੀਕਾ ਅਤੇ ਮੈਕਸੀਕੋ ਦੇ ਸਰਹੱਦ ਕੋਲੋਂ ਮੈਕਸੀਕਨ ਅਧਿਕਾਰੀਆਂ ਨੂੰ 19 ਅੱਗ ਨਾਲ ਸੜੀਆਂ ਹੋਈਆਂ ਲਾਸ਼ਾਂ ਬਰਾਮਦ ਹੋਈਆਂ ਹਨ। ਇਸ ਮਾਮਲੇ ਸੰਬੰਧੀ ਮੈਕਸੀਕਨ ਅਧਿਕਾਰੀਆਂ ਅਨੁਸਾਰ ਉਹਨਾਂ ਨੂੰ ਟੈਕਸਾਸ 'ਚ ਰੀਓ ਗ੍ਰਾਂਡੇ ਦੇ ਇੱਕ ਕਸਬੇ ਦੇ ਨੇੜਲੇ ਖੇਤਰ ਵਿੱਚ 19 ਗੋਲੀਆਂ ਲੱਗੀਆਂ ਅਤੇ ਅੱਗ ਨਾਲ ਸੜੀਆਂ ਲਾਸ਼ਾਂ ਮਿਲੀਆਂ ਹਨ।

ਮੈਕਸੀਕੋ ਦੇ ਤਮੌਲੀਪਾਸ ਰਾਜ ਦੇ ਸਰਕਾਰੀ ਵਕੀਲ ਦੇ ਦਫ਼ਤਰ ਨੇ ਸ਼ਨੀਵਾਰ ਦੇਰ ਰਾਤ ਦੱਸਿਆ ਕਿ ਇਹ ਲਾਸ਼ਾਂ ਸ਼ੁੱਕਰਵਾਰ ਨੂੰ ਕੁੱਝ ਵਸਨੀਕਾਂ ਦੁਆਰਾ ਇੱਕ ਅੱਗ ਨਾਲ ਸੜ ਰਹੇ ਵਾਹਨ ਦੀ ਸੂਚਨਾ ਦੇਣ ਦੇ ਬਾਅਦ ਕੈਮਰਗੋ ਦੇ ਬਾਹਰ ਸੜਕ ਦੇ ਨਾਲ ਲੱਭੀਆਂ ਗਈਆਂ। ਇਸ ਦੌਰਾਨ ਅਧਿਕਾਰੀਆਂ ਨੂੰ ਦੋ ਅੱਗ ਲੱਗੇ ਹੋਏ ਵਾਹਨਾਂ ਮਿਲੇ ਜਿਹਨਾਂ ਵਿੱਚੋਂ ਇੱਕ ਵਿੱਚ



4 ਦੂਜੇ ਵਾਹਨ ਵਿੱਚ 15 ਲਾਸ਼ਾਂ ਸਨ। ਇਹਨਾਂ ਲਾਸ਼ਾਂ ਦੇ ਗੋਲੀਆਂ ਲੱਗੀਆਂ ਹੋਈਆਂ ਸਨ ,ਪਰ ਘਟਨਾ ਸਥਾਨ ਤੇ ਗੋਲੀਆਂ ਨਾਲ ਸੰਬੰਧਿਤ ਕੋਈ ਸਬੂਤ ਨਾ ਹੋਣ ਕਾਰਨ ਜਾਂਚ ਕਰਤਾ ਇਹ ਵਿਸ਼ਵਾਸ ਕਰ ਰਹੇ ਹਨ ਕਿ ਇਹਨਾਂ ਸੜਨ ਵਾਲੇ ਲੋਕਾਂ ਨੂੰ ਪਹਿਲਾਂ ਕਿਤੇ ਹੋਰ ਮਾਰਿਆ ਗਿਆ ਸੀ। ਇਹਨਾਂ ਲਾਸ਼ਾਂ ਦੀ ਪਛਾਣ ਫਿਲਹਾਲ ਅਜੇ ਅਸਪੱਸ਼ਟ ਹੈ, ਪਰ ਐਤਵਾਰ ਨੂੰ ਇੱਕ ਅਫਵਾਹ ਫੈਲ ਗਈ ਸੀ ਕਿ ਮਰੇ ਹੋਏ ਲੋਕਾਂ ਵਿੱਚ ਗੁਆਟੇਮਾਲਾ ਦੇ ਪ੍ਰਵਾਸੀ ਵੀ ਸ਼ਾਮਿਲ ਸਨ। ਜਿਕਰਯੋਗ ਹੈ ਕਿ ਕੈਮਰਗੋ ਨਸ਼ਿਆਂ ਅਤੇ ਪ੍ਰਵਾਸੀਆਂ ਲਈ ਇੱਕ ਪ੍ਰਮੁੱਖ ਸਮਗਲਿੰਗ ਟ੍ਰਾਂਜ਼ੈਟ ਪੁਆਇੰਟ ਹੈ। ਮੈਕਸੀਕੋ ਦੇ ਸੰਗਠਿਤ ਅਪਰਾਧਿਕ ਸਮੂਹ ਜਿਆਦਾ ਪੈਸੇ ਕਮਾਉਣ ਲਈ ਸਰਹੱਦ ਦੇ ਕਿਨਾਰਿਆਂ ਦਾ ਨਿਯੰਤਰਣ ਚਾਹੁੰਦੇ ਹਨ, ਜਿਸ ਲਈ ਇੱਥੇ ਇਸ ਤਰਾਂ ਦੀਆਂ ਵਾਰਦਾਤਾਂ ਹੁੰਦੀਆਂ ਹਨ।

# ਵਾਸ਼ਿੰਗਟਨ 'ਚ ਕੋਰੋਨਾਂ ਵਾਇਰਸ ਦਾ ਜਾਅਲੀ ਟੀਕਾ ਲਗਾਉਣ ਵਾਲਾ ਵਿਅਕਤੀ ਹੋਇਆ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆਂ), 25 ਜਨਵਰੀ 2021–** ਅਮਰੀਕਾ ਦੇ ਵਾਸ਼ਿੰਗਟਨ ਵਿੱਚ ਪੁਲਿਸ ਨੇ ਇੱਕ ਅਜਿਹੇ ਆਦਮੀ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕੋਰੋਨਾਂ ਵਾਇਰਸ ਮਹਾਂਮਾਰੀ ਦੀ ਆੜ ਵਿੱਚ ਲੋਕਾਂ ਨੂੰ ਇਸਦੇ ਇਲਾਜ ਲਈ ਅਜਿਹੇ ਟੀਕੇ ਲਗਾ ਰਿਹਾ ਸੀ, ਜਿਹਨਾਂ ਨੂੰ ਉਸਨੇ ਆਪਣੀ ਨਿੱਜੀ ਲੈਬ ਵਿੱਚ ਬਣਾਇਆ ਸੀ। ਨਿਆਂ ਵਿਭਾਗ ਦੇ ਅਨੁਸਾਰ, ਜੌਨੀ ਸਟਾਈਨ (56) ਨਾਮ ਦੇ ਇਸ ਵਿਅਕਤੀ 'ਤੇ ਅੰਤਰਰਾਸ਼ਟਰੀ ਵਪਾਰ ਵਿੱਚ ਗ਼ਲਤ ਬਰਾਂਡ ਦੀਆਂ ਦਵਾਈਆਂ ਪੇਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਵਿਭਾਗ ਦੇ ਅਨੁਸਾਰ ਇਸ ਵਿਅਕਤੀ ਦੁਆਰਾ ਇਹਨਾਂ ਅਣ ਅਧਿਕਾਰਿਤ ਟੀਕਿਆਂ ਲਈ 400 ਤੋਂ 1000 ਡਾਲਰ ਦੇ ਵਿਚਕਾਰ ਇਸ਼ਤਿਹਾਰਬਾਜ਼ੀ ਵੀ ਕੀਤੀ ਗਈ ਸੀ। ਸੰਯੁਕਤ ਰਾਜ ਦੇ ਅਟਾਰਨੀ ਬ੍ਰਾਇਨ ਟੀ ਮੋਰਨ ਅਨੁਸਾਰ ਇਹ ਵਿਅਕਤੀ ਇੱਕ ਬਿਨਾਂ ਟੈਸਟ ਕੀਤੇ ਹੋਏ ਅਤੇ




ਅਸੁਰੱਖਿਅਤ ਅਣਜਾਣ ਪਦਾਰਥਾਂ ਨੂੰ ਕੋਰੋਨਾਂ ਵਾਇਰਸ ਦੇ ਟੀਕੇ ਦਾ ਦਾਅਵਾ ਕਰਕੇ ਲੋਕਾਂ ਨੂੰ ਲਗਾ ਰਿਹਾ ਸੀ। ਕੋਰੋਨਾਂ ਵਾਇਰਸ ਦੇ ਟੀਕੇ ਤੋਂ ਬਿਨਾਂ ਇਹ ਆਦਮੀ ਹੋਰ ਗੰਭੀਰ ਬਿਮਾਰੀਆਂ ਦੇ ਇਲਾਜ ਦਾ ਵੀ ਦਾਅਵਾ ਕਰਦਾ ਸੀ। ਇਸ ਸੰਬੰਧੀ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫ ਡੀ ਏ) ਸੰਸਥਾ ਦੇ ਇੱਕ ਏਜੰਟ ਨੇ ਜਾਂਚ ਦੇ ਉਦੇਸ਼ ਨਾਲ ਮਾਰਚ ਦੇ ਅਰੰਭ ਵਿੱਚ ਕੈਂਸਰ ਦੇ ਟੀਕਿਆਂ ਸੰਬੰਧੀ ਸਟਾਈਨ ਕੋਲ ਪਹੁੰਚ ਕੀਤੀ, ਤਾਂ ਸਟਾਈਨ ਨੇ ਉਸ ਕੋਲ ਕੈਂਸਰ ਟਿਊਮਰਾਂ ਦਾ ਇਲਾਜ ਕਰਦੇ ਟੀਕੇ ਦੀ ਗੱਲ ਕੀਤੀ ਅਤੇ ਜਿਸਦਾ ਫਾਰਮੂਲਾ ਉਸਨੇ ਕੋਰੋਨਾਂ ਨਾਲ ਲੜਨ ਵਾਲੇ ਟੀਕੇ ਲਈ ਬਦਲਿਆ ਸੀ ਅਤੇ ਸਟਾਈਨ ਨੇ ਉਸ ਜਾਂਚ ਕਰਤਾ ਨੂੰ ਵੀ ਇੱਕ ਖੁਰਾਕ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਵਾਸ਼ਿੰਗਟਨ ਸਟੇਟ ਅਟਾਰਨੀ ਜਨਰਲ ਨੇ ਅਪ੍ਰੈਲ ਦੇ ਅਖੀਰ ਵਿੱਚ ਸਟਾਈਨ ਨੂੰ ਇੱਕ ਪੱਤਰ ਜਾਰੀ ਕਰਕੇ ਇਸ ਪ੍ਰਕਿਰਿਆ ਨੂੰ ਬੰਦ ਕਰਨ ਲਈ ਕਿਹਾ ਪਰ ਉਸਨੇ ਟੀਕੇ ਨੂੰ ਵੇਚਣਾ ਜਾਰੀ ਰੱਖਿਆ , ਜਿਸ ਕਰਕੇ ਪੁਲਿਸ ਦੁਆਰਾ ਉਸਦੇ ਗੋਦਾਮ ਤੇ ਛਾਪਾ ਮਾਰ ਕੇ ਟੀਕਿਆਂ ਨੂੰ ਜ਼ਬਤ ਕਰ ਲਿਆ ਗਿਆ । ਅਧਿਕਾਰੀਆਂ ਅਨੁਸਾਰ ਸਟਾਈਨ ਦੁਆਰਾ ਨਕਲੀ ਕੋਰੋਨਾਂ ਵਾਇਰਸ ਦਾ ਟੀਕਾ ਲਗਾਏ ਗਏ ਇੱਕ ਵਿਅਕਤੀ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।ਜਦਕਿ ਸਟਾਈਨ ਖਿਲਾਫ ਕੀਤੀ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਇਹ ਵਿਅਕਤੀ ਕੈਂਸਰ ਦੇ ਮਰੀਜ਼ਾਂ ਨੂੰ ਵੀ ਬਿਨਾਂ ਜਾਂਚ ਕੀਤੇ "ਟੀਕੇ" ਵੇਚ ਰਿਹਾ ਸੀ।

# ਪੁਲਿਸ ਅਧਿਕਾਰੀ ਨੇ ਗਸ਼ਤ ਵਾਲੀ ਕਾਰ ਨਾਲ ਮਾਰੀ ਪੈਦਲ ਯਾਤਰੀ ਨੂੰ ਟੱਕਰ

**ਫਰਿਜ਼ਨੋ (ਕੈਲੀਫੋਰਨੀਆਂ), 25 ਜਨਵਰੀ 2021–** ਵਾਸ਼ਿੰਗਟਨ ਦੇ ਟਕੋਮਾ ਵਿੱਚ ਪੁਲਿਸ ਵਿਭਾਗ ਦੇ ਇੱਕ ਅਧਿਕਾਰੀ ਦੁਆਰਾ ਲੋਕਾਂ ਦੀ ਭੀੜ ਵਿੱਚ ਆਪਣੀ ਗਸ਼ਤ ਵਾਲੀ ਕਾਰ ਨਾਲ ਘਟੇ ਘੱਟ ਇਕ ਪੈਦਲ ਯਾਤਰੀ ਨੂੰ ਟੱਕਰ ਮਾਰੀ ਗਈ ਹੈ। ਇਸ ਮਾਮਲੇ ਵਿੱਚ ਪੁਲਿਸ ਦੁਆਰਾ ਜਾਰੀ ਇੱਕ ਬਿਆਨ ਅਨੁਸਾਰ ਸ਼ਨੀਵਾਰ ਰਾਤ ਨੂੰ ਪੁਲਿਸ ਅਧਿਕਾਰੀ ਟਕੋਮਾ 'ਚ ਪੈਸੀਫਿਕ ਐਵੀਨਿਊ ਦੇ ਚੌਰਾਹੇ ਵਿੱਚ ਵਾਪਰੀ ਇੱਕ ਘਟਨਾ ਦੇ ਸੰਬੰਧੀ ਰਿਪੋਰਟ ਮਿਲਣ ਦੇ ਬਾਅਦ ਤਕਰੀਬਨ ਸ਼ਾਮ 6 ਵਜੇ ਕਾਰਵਾਈ ਲਈ ਪਹੁੰਚੇ ।

ਪੁਲਿਸ ਅਨੁਸਾਰ ਅਧਿਕਾਰੀਆਂ ਦੇ ਉੱਥੇ ਪਹੁੰਚਣ ਤੇ ਕਈ ਵਾਹਨ ਅਤੇ ਮੌਜੂਦ 100 ਦੇ ਕਰੀਬ ਲੋਕ ਲਾਂਘਾ ਰੋਕ ਰਹੇ ਸਨ। ਇਸ ਉਪਰੰਤ ਅਧਿਕਾਰੀਆਂ ਦੁਆਰਾ ਭੀੜ ਕੋਲੋਂ, ਲਾਂਘੇ ਨੂੰ ਖੋਲਣ ਦੀ ਕਾਰਵਾਈ ਕੀਤੀ ਗਈ ਪਰ ਪੁਲਿਸ ਅਨੁਸਾਰ ਇਸ ਕਾਰਵਾਈ ਦੌਰਾਨ ਲੋਕਾਂ ਦੀ ਭੀੜ ਨੇ ਇੱਕ ਪੁਲਿਸ ਵਾਹਨ ਨੂੰ ਅਧਿਕਾਰੀ ਸਮੇਤ ਇੱਕ ਗਲੀ ਵਿੱਚ ਘੇਰ ਲਿਆ ।ਇਸ ਦੌਰਾਨ ਭੀੜ ਕੋਲੋਂ ਆਪਣੀ ਸੁਰੱਖਿਆ ਕਰਨ ਲਈ ਕਾਰ ਵਿਚਲੇ ਅਧਿਕਾਰੀ ਨੇ ਬੈਕਅਪ ਲੈਣ ਦੀ ਕੋਸ਼ਿਸ਼ ਕੀਤੀ ਪਰ ਭੀੜ ਕਾਰਨ ਉਹ ਅਜਿਹਾ ਕਰਨ ਵਿੱਚ ਅਸਮਰਥ ਸੀ ,ਇਸ ਲਈ ਉਸਨੇ ਕਾਰ ਭਜਾਉਣ



ਦੀ ਕੋਸ਼ਿਸ਼ ਵਿੱਚ ਘਟੇ ਘੱਟ ਇੱਕ ਪੈਦਲ ਯਾਤਰੀ ਨੂੰ ਟੱਕਰ ਮਾਰ ਦਿੱਤੀ।ਪੁਲਿਸ ਦੇ ਬਿਆਨ ਅਨੁਸਾਰ ਇਹ ਅਧਿਕਾਰੀ ਫਿਰ ਅੱਗੇ ਜਾ ਕੇ ਰੁਕਿਆ ਅਤੇ ਡਾਕਟਰੀ ਸਹਾਇਤਾ ਬੁਲਾ ਕੇ ਪੀੜਤ ਨੂੰ ਖੇਤਰ ਦੇ ਹਸਪਤਾਲ ਪਹੁੰਚਾਇਆ ਗਿਆ। ਇਸ ਹਾਦਸੇ ਦੇ ਸੰਬੰਧ ਵਿੱਚ ਸ਼ੋਸ਼ਲ ਮੀਡੀਆ ਤੇ ਲੋਕਾਂ ਵੱਲੋਂ ਪਾਈਆਂ ਗਈਆਂ ਵੀਡੀਓਜ਼ ਵਿੱਚ ਪੁਲਿਸ ਦੀ ਕਾਰ ਦੁਆਰਾ ਭੀੜ ਵਿੱਚ ਲੋਕਾਂ ਨੂੰ ਟੱਕਰ ਮਾਰਦੇ ਦਿਖਾਇਆ ਗਿਆ ਹੈ। ਪੁਲਿਸ ਅਨੁਸਾਰ ਇਸ ਘਟਨਾ ਦੀ ਜਾਂਚ ਪਿਅਰਸ ਕਾਊਂਟੀ ਫੋਰਸ ਇਨਵੈਸਟੀਗੇਸ਼ਨ ਟੀਮ ਦੇ ਦੁਆਰਾ ਕੀਤੀ ਜਾਵੇਗੀ।

# ਇੰਡੀਆਨਾਪੋਲਿਸ 'ਚ ਗੋਲੀਬਾਰੀ ਨਾਲ ਗਰਭਵਤੀ ਮਹਿਲਾ ਸਮੇਤ ਹੋਈ 6 ਲੋਕਾਂ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆਂ), 25 ਜਨਵਰੀ 2021–** ਅਮਰੀਕਾ ਦੇ ਇੰਡੀਆਨਾਪੋਲਿਸ ਵਿੱਚ ਹੋਏ ਇੱਕ ਸਮੂਹਿਕ ਕਤਲੇਆਮ ਨੇ ਇੱਕ ਗਰਭਵਤੀ ਮਹਿਲਾ ਸਮੇਤ ਛੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਦੁਆਰਾ ਦਿੱਤੀ ਜਾਣਕਾਰੀ ਦੇ ਅਨੁਸਾਰ ਐਤਵਾਰ ਸਵੇਰੇ ਇੰਡੀਆਨਾ-ਪੋਲਿਸ ਦੇ ਇੱਕ ਘਰ ਵਿੱਚ ਹੋਈ ਗੋਲੀਬਾਰੀ ਦੌਰਾਨ ਛੇ ਲੋਕ ਮਾਰੇ ਗਏ ਜਦਕਿ ਇੱਕ ਹੋਰ ਨਾਬਾਲਗ ਬੱਚਾ ਗੰਭੀਰ ਹਾਲਤ ਨਾਲ ਹਸਪਤਾਲ ਵਿੱਚ ਦਾਖਲ ਹੈ। ਇਸ ਘਟਨਾ ਸੰਬੰਧੀ ਇੰਡੀਆਨਾਪੋਲਿਸ ਦੇ ਮੇਅਰ ਜੋ ਹੌਗਸੈੱਟ ਅਤੇ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਮੁਖੀ ਰੈਂਡਲ ਟੇਲਰ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਗੋਲੀਬਾਰੀ ਨੂੰ ਸਮੂਹਿਕ ਕਤਲ ਵਜੋਂ ਦੱਸਿਆ ਹੈ। ਪੁਲਿਸ ਅਨੁਸਾਰ ਇਹ ਗੋਲੀਬਾਰੀ ਐਡਮਜ਼ ਸਟ੍ਰੀਟ ਦੇ 3500 ਬਲਾਕ ਵਿੱਚ ਐਤਵਾਰ ਤੜਕੇ ਹੋਈ ਸੀ ਅਤੇ ਪੁਲਿਸ ਅਧਿਕਾਰੀ ਇਸ ਬਾਰੇ ਸੂਚਨਾ ਮਿਲਣ ਤੇ ਕਾਰਵਾਈ ਕਰਦਿਆਂ ਈ 36 ਸਟ੍ਰੀਟ ਦੇ ਨੇੜੇ 3300 ਬਲਾਕ ਵਿਖੇ ਸਵੇਰੇ 3:45 ਵਜੇ ਪਹੁੰਚੀ ਜਿੱਥੇ ਪੁਲਿਸ ਨੂੰ ਪਹਿਲਾਂ ਇੱਕ ਨਾਬਾਲਗ ਬੱਚਾ ਗੋਲੀਆਂ ਨਾਲ ਜ਼ਖਮੀ ਮਿਲਿਆ, ਜਿਸਨੂੰ ਹਸਪਤਾਲ ਵਿੱਚ



ਦਾਖਲ ਕਰਵਾ ਦਿੱਤਾ ਗਿਆ ਸੀ।

ਇਸ ਤੋਂ ਬਾਅਦ, ਪੁਲਿਸ ਸਵੇਰੇ 4 ਵਜੇ ਦੇ ਕਰੀਬ ਐਡਮਜ਼ ਸਟ੍ਰੀਟ ਦੇ ਸਥਾਨ ਤੇ ਪਹੁੰਚੀ ਜਿੱਥੇ ਅਧਿਕਾਰੀਆਂ ਨੂੰ ਇੱਕ ਘਰ ਦੇ ਅੰਦਰ ਗੋਲੀਬਾਰੀ ਦੇ ਸਿਕਾਰ ਕਈ ਛੇ ਲੋਕ ਮਿਲੇ ਜਿਹਨਾਂ ਵਿੱਚ ਇੱਕ ਗਰਭਵਤੀ ਔਰਤ ਵੀ ਸ਼ਾਮਿਲ ਸੀ।

ਖੇਤਰ ਦੇ ਪੁਲਿਸ ਮੁਖੀ ਟੇਲਰ ਅਨੁਸਾਰ ਇਸ ਗੋਲੀਬਾਰੀ ਦੇ ਸੰਬੰਧ ਵਿੱਚ ਮਿਲੇ ਸਬੂਤਾਂ ਦੇ ਆਧਾਰ ਤੇ ਇਹ ਇੱਕ ਮਿਥਿਆ ਹੋਇਆ ਕਤਲੇਆਮ ਹੈ ,ਜਦਕਿ ਇਸ ਸੰਬੰਧੀ ਫਿਲਹਾਲ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਪੁਲਿਸ ਅਨੁਸਾਰ ਬੇਰਹਿਮੀ ਨਾਲ ਕਤਲ ਕੀਤੇ ਗਏ ਇਹਨਾਂ ਛੇ ਵਿਅਕਤੀਆਂ ਦੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਹੈ।

# ਸੰਯੁਕਤ ਰਾਜ ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੇ ਪੁਸ਼ਟੀ ਕੀਤੇ ਕੇਸਾਂ ਦਾ ਅੰਕੜਾ ਹੋਇਆ 25 ਮਿਲੀਅਨ ਤੋਂ ਪਾਰ

**ਫਰਿਜ਼ਨੋ (ਕੈਲੀਫੋਰਨੀਆਂ), 25 ਜਨਵਰੀ 2021–** ਕੋਰੋਨਾਂ ਵਾਇਰਸ ਦੀ ਲਾਗ ਦੇ ਪੁਸ਼ਟੀ ਕੀਤੇ ਹੋਏ ਮਾਮਲਿਆਂ ਵਿੱਚ ਦੁਨੀਆਂ ਭਰ ਵਿੱਚੋਂ ਮੋਹਰੀ ਦੇਸ਼ ਅਮਰੀਕਾ ਨੇ ਵਾਇਰਸ ਦੇ ਮਾਮਲਿਆਂ ਦੀ ਗਿਣਤੀ ਵਿੱਚ 25 ਮਿਲੀਅਨ ਦਾ ਅੰਕੜਾ ਪਾਰ ਕਰ ਲਿਆ ਹੈ। ਇਸ ਸੰਬੰਧੀ ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੁਆਰਾ ਦਰਜ਼ ਕੀਤੇ ਗਏ ਅੰਕੜਿਆਂ ਅਨੁਸਾਰ , ਸੰਯੁਕਤ ਰਾਜ ਨੇ ਐਤਵਾਰ ਨੂੰ ਵਾਇਰਸ ਦੇ ਇਸ ਰਿਕਾਰਡ ਪੱਧਰ ਨੂੰ ਪਾਰ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਜੋ ਕਿ ਦੁਨੀਆ ਦੀ ਆਬਾਦੀ ਦਾ ਲਗਭਗ 4% ਹੈ, ਨੇ ਸੰਸਾਰ ਭਰ ਦੇ ਕੋਵਿਡ -19 ਦੇ ਇੱਕ ਚੌਥਾਈ ਤੋਂ ਵੱਧ ਕੇਸਾਂ ਦੀ ਰਿਪੋਰਟ ਕੀਤੀ ਹੈ ਜਦਕਿ ਐਤਵਾਰ ਸਵੇਰ ਤੱਕ 417,000 ਤੋਂ ਵੱਧ ਕੋਰੋਨਾਂ ਮੌਤਾਂ ਵੀ ਦਰਜ਼ ਹੋਈਆਂ ਹਨ। ਵਿਸ਼ਵ-ਵਿਆਪੀ ਪੱਧਰ 'ਤੇ, ਕੋਰੋਨਾਂ ਵਾਇਰਸ ਦੇ ਤਕਰੀਬਨ 99 ਮਿਲੀਅਨ ਦੇ ਮਾਮਲੇ



ਸਾਹਮਣੇ ਆਏ ਹਨ, ਜਿਹਨਾਂ ਵਿੱਚੋਂ ਸੰਯੁਕਤ ਰਾਜ ਨੇ ਸਭ ਤੋਂ ਵੱਧ ਕੇਸਾਂ ਅਤੇ ਮੌਤਾਂ ਦੀ ਗਿਣਤੀ ਦਰਜ਼ ਕੀਤੀ ਹੈ। ਇਸਦੇ ਬਾਅਦ ਦੂਜੇ ਨੰਬਰ ਤੇ ਅਮਰੀਕਾ ਨਾਲੋਂ ਲਗਭਗ ਚਾਰ ਗੁਣਾਂ ਵੱਧ ਆਬਾਦੀ ਵਾਲੇ ਦੇਸ਼ ਭਾਰਤ ਦਾ ਨਾਮ ਆਉਂਦਾ ਹੈ ,ਜਿੱਥੇ ਕਿ ਕੋਰੋਨਾਂ ਵਾਇਰਸ ਦੇ ਤਕਰੀਬਨ 10.6 ਮਿਲੀਅਨ ਤੋਂ ਵੱਧ ਕੇਸਾਂ ਦੀ ਰਿਪੋਰਟ ਦਰਜ਼ ਕੀਤੀ ਗਈ ਹੈ। ਅਮਰੀਕਾ ਵਿੱਚ ਵਾਇਰਸ ਨੂੰ ਕਾਬੂ ਕਰਨ ਲਈ ਟੀਕਾਕਰਨ ਪ੍ਰਕਿਰਿਆ ਸ਼ੁਰੂ ਹੈ ਅਤੇ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਈਡੇਨ ਦੇਸ਼ ਵਿੱਚ ਟੀਕਾਕਰਨ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਯਤਨ ਕਰ ਰਹੇ ਹਨ। ਟੀਕਾਕਰਨ ਸੰਬੰਧੀ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ) ਅਨੁਸਾਰ ਸਰਕਾਰ ਨੇ ਹੁਣ ਤੱਕ ਟੀਕੇ ਦੀਆਂ 41 ਮਿਲੀਅਨ ਤੋਂ ਵੱਧ ਖੁਰਾਕਾਂ ਵੰਡੀਆਂ ਹਨ, ਜਦੋਂ ਕਿ 17 ਮਿਲੀਅਨ ਤੋਂ ਵੱਧ ਲੋਕਾਂ ਨੂੰ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ।

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਯੂਕੇ ਵਿੱਚ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹ ਨੂੰ 39 ਪਰਵਾਸੀਆਂ ਦੀ ਮੌਤ ਦੇ ਮਾਮਲੇ 'ਚ ਹੋਈ ਕੈਦ

**ਗਲਾਸਗੋ/ ਲੰਡਨ–** ਯੂਕੇ ਦੇ ਇੱਕ ਤਸਕਰੀ ਕਰਨ ਵਾਲੇ ਗਿਰੋਹ ਦੇ ਮੈਂਬਰਾਂ ਨੂੰ ਏਸੇਕਸ ਵਿੱਚ ਇੱਕ ਟਰੱਕ 'ਚ 39 ਪਰਵਾਸੀਆਂ ਦੀ ਤਸਕਰੀ ਦੌਰਾਨ ਆਕਸੀਜਨ ਦੀ ਘਾਟ ਨਾਲ ਹੋਈ ਮੌਤ ਦੇ ਮਾਮਲੇ ਵਿੱਚ ਉਹਨਾਂ ਦੀ ਭੂਮਿਕਾ ਲਈ ਸ਼ੁੱਕਰਵਾਰ ਨੂੰ ਜੇਲ ਦੀ ਸਜ਼ਾ ਦਿੱਤੀ ਗਈ ਹੈ। ਇਸ ਹਾਦਸੇ ਦੇ ਪੀੜਤ ਵੀਅਤਨਾਮੀ ਆਦਮੀਆਂ, ਔਰਤਾਂ ਅਤੇ ਬੱਚਿਆਂ ਨੇ ਬ੍ਰਿਟੇਨ ਵਿੱਚ ਦਾਖਲ ਹੋ ਕੇ ਬਿਹਤਰ ਜਿੰਦਗੀ ਦੀ ਉਮੀਦ ਨਾਲ ਇਸ ਤਸਕਰੀ ਗਿਰੋਹ ਵੱਲੋਂ ਪ੍ਰਤੀ ਵਿਅਕਤੀ 13,000 ਪੌਂਡ ਰਾਸ਼ੀ ਲੈਣੀ ਨਿਰਧਾਰਿਤ ਕੀਤੀ ਸੀ। ਇਹ ਸਮਝੌਤਾ ਕਰਨ ਦੇ ਬਾਅਦ ਗੈਰ ਕਾਨੂੰਨੀ ਵੀਅਤਨਾਮੀ ਪਰਵਾਸੀਆਂ ਨੂੰ 22 ਅਕਤੂਬਰ 2019 ਨੂੰ ਬੈਲਜੀਅਮ ਦੇ ਜ਼ੇਬਰੱਗ ਤੋਂ ਪੂਰਫਲੀਟ



ਏਸੇਕਸ ਤੱਕ ਪਹੁੰਚਾਉਣ ਲਈ ਇੱਕ ਹਵਾ ਦੀ ਘਾਟ ਵਾਲੇ ਬੰਦ ਕੰਟੇਨਰ ਵਿੱਚ ਲਿਜਾਇਆ ਗਿਆ। ਇਹਨਾਂ ਮਰਨ ਵਾਲੇ ਪਰਵਾਸੀਆਂ ਵਿੱਚ ਦੋ ਸਿਰਫ 15 ਸਾਲ ਦੇ ਬੱਚੇ ਵੀ ਸ਼ਾਮਿਲ ਸਨ। ਇਸ ਦਰਦਨਾਕ ਹਾਦਸੇ ਦੇ ਸੰਬੰਧ ਵਿੱਚ ਓਲਡ ਬੈਲੀ ਅਦਾਲਤ ਨੇ ਗਿਰੋਹ ਦੇ ਲੀਡਰਾਂ 41 ਸਾਲਾ ਰੋਨਾਨ ਹਿਉਗਜ ਅਤੇ 43 ਸਾਲਾ ਗੋਰਗੇ ਨਿਕਾ ਨੂੰ ਕ੍ਰਮਵਾਰ 20 ਸਾਲ ਅਤੇ 27 ਸਾਲ ਲਈ ਜੇਲ ਭੇਜਿਆ ਹੈ। ਜਦਕਿ 26 ਸਾਲ ਦੇ ਟਰੱਕ ਡਰਾਈਵਰ ਮੌਰਿਸ ਰੌਬਿਨਸਨ ਨੂੰ 13 ਸਾਲ ਅਤੇ ਚਾਰ ਮਹੀਨੇ ਅਤੇ ਪਰਵਾਸੀਆਂ ਨੂੰ ਇਕੱਠੇ ਕਰਨ ਵਾਲੇ 24 ਸਾਲਾ ਇਮੋਨ ਹੈਰੀਸਨ ਨੂੰ 18 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਹੈ।

ਇਹਨਾਂ ਦੇ ਇਲਾਵਾ ਲੋਕਾਂ ਦੀ ਤਸਕਰੀ ਕਰਨ ਵਾਲੇ ਇਸ ਗਿਰੋਹ ਦੇ ਹੋਰ ਮੈਂਬਰਾਂ ਆਰਮਾਗ ਦੇ 24 ਸਾਲਾ ਕ੍ਰਿਸਟੋਫਰ ਕੈਨੇਡੀ, ਬਰਮਿੰਘਮ ਤੋਂ 38 ਸਾਲਾ ਵੈਲੇਨਟਿਨ ਕੈਲੋਟਾ ਅਤੇ 28 ਸਾਲਾ ਅਲੈਗਜ਼ੈਂਡਰੂ ਹਾਂਗਾ ਨੂੰ ਵੀ ਕੈਦ ਦੀ ਸਜਾ ਸੁਣਾਈ ਗਈ ਹੈ।

# ਯੂਕੇ: ਬੰਦਰਗਾਹ 'ਤੇ ਕੇਲਿਆਂ ਦੀ ਆੜ 'ਚ ਲੁਕੋਈ 76 ਮਿਲੀਅਨ ਪੌਂਡ ਦੀ ਕੋਕੀਨ ਕੀਤੀ ਜ਼ਬਤ

**ਗਲਾਸਗੋ/ ਲੰਡਨ–** ਯੂਕੇ ਵਿੱਚ ਗੈਰ ਕਾਨੂੰਨੀ ਨਸ਼ਿਆਂ ਦੀ ਤਸਕਰੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਵਧ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ ਪਾਉਣ ਲਈ ਸਰਕਾਰ ਵੱਲੋਂ ਸਖ਼ਤਾਈ ਨਾਲ ਯਤਨ ਕੀਤੇ ਜਾ ਰਹੇ ਹਨ। ਪੁਲਿਸ ਵਿਭਾਗ ਵੀ ਇਸ ਮਾਮਲੇ ਵਿੱਚ ਸਤਰਕ ਰਹਿੰਦੇ ਹੋਇਆਂ ਨਸ਼ੇ ਦੀ ਤਸਕਰੀ ਕਰਨ ਵਾਲੇ ਅਪਰਾਧੀਆਂ ਤੱਕ ਪਹੁੰਚਣ ਲਈ ਆਪਣਾ ਯੋਗਦਾਨ ਪਾ ਰਿਹਾ ਹੈ।

ਨਸ਼ਿਆਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਦੇ ਤਹਿਤ ਬਾਰਡਰ ਪੁਲਿਸ ਨੇ ਸਾਊਥੈਂਪਟਨ ਦੀ ਬੰਦਰਗਾਹ 'ਤੇ ਕੇਲਿਆਂ ਦੇ ਇੱਕ ਟਰੱਕ ਵਿੱਚ ਲੁਕੋ ਕੇ ਯੂਰਪ ਵੱਲ ਭੇਜੀ ਜਾ ਰਹੀ ਕੋਕੀਨ ਦੀ ਇੱਕ ਵੱਡੀ ਖੇਪ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਅਧਿਕਾਰੀਆਂ ਦੁਆਰਾ ਸ਼ੁੱਕਰਵਾਰ ਨੂੰ ਰੋਜ਼ਾਨਾ ਦੇ ਨਿਰੀਖਣ ਦੌਰਾਨ ਜ਼ਬਤ ਕੀਤੀ ਗਈ ਤਕਰੀਬਨ 946 ਕਿਲੋਗ੍ਰਾਮ ਕੁਕੀਨ ਦੀ ਕੀਮਤ ਲਗਭਗ 76 ਮਿਲੀਅਨ ਪੌਂਡ ਦੱਸੀ ਗਈ ਹੈ। ਬਾਰਡਰ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ



ਵੱਡੀ ਮਾਤਰਾ ਵਿੱਚ ਕੋਕੀਨ ਦੀ ਇਹ ਖੇਪ ਕੋਲੰਬੀਆ ਤੋਂ ਵਪਾਰਕ ਸਮੁੰਦਰੀ ਜਹਾਜ਼ 'ਚ ਇੱਕ ਕੰਟੇਨਰ ਵਿੱਚ ਛੁਪਾ ਕੇ ਬੈਲਜੀਅਮ ਦੇ ਐਂਟਵਰਪ ਵਿੱਚ ਭੇਜੇ ਜਾਣ ਦੀ ਸੰਭਾਵਨਾ ਸੀ। ਬਾਰਡਰ ਪੁਲਿਸ ਦੀ ਇਸ ਕਾਰਵਾਈ ਲਈ ਗ੍ਰਿਹ ਸਕੱਤਰ ਪ੍ਰੀਤੀ ਪਟੇਲ ਨੇ ਅਧਿਕਾਰੀਆਂ ਦੀ ਪ੍ਰਸੰਸਾ ਕਰਦਿਆਂ ਵਧ ਰਹੀ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਸਰਕਾਰ ਦੁਆਰਾ ਕੀਤੇ ਜਾ ਯਤਨਾਂ ਦੀ ਵੀ ਸਲਾਹੁਤਾ ਕੀਤੀ।

ਜਿਕਰਯੋਗ ਹੈ ਕਿ ਪਿਛਲੇ ਸਾਲ ਸਤੰਬਰ ਵਿੱਚ ਵੀ ਅਧਿਕਾਰੀਆਂ ਦੁਆਰਾ ਡੋਵਰ ਪੋਰਟ 'ਤੇ ਫਲਾਂ ਦੀਆਂ ਪੇਟੀਆਂ ਵਿੱਚ ਲੁਕੋ ਕੇ ਤਸਕਰੀ ਕੀਤੀ ਜਾ ਰਹੀ ਇੱਕ ਟਨ ਦੇ ਕਰੀਬ ਕੋਕੀਨ ਨੂੰ ਜ਼ਬਤ ਕੀਤਾ ਸੀ।

# ਬਰਮਿੰਘਮ: 15 ਸਾਲਾਂ ਲੜਕੇ ਦੀ ਛੁਰਾ ਮਾਰ ਕੇ ਕੀਤੀ ਬੇਰਹਿਮੀ ਨਾਲ ਹੱਤਿਆ

**ਗਲਾਸਗੋ/ ਲੰਡਨ–** ਯੂਕੇ ਦੇ ਸ਼ਹਿਰ ਬਰਮਿੰਘਮ ਵਿੱਚ ਇੱਕ 15 ਸਾਲਾਂ ਲੜਕੇ ਦੀ ਛੁਰੇ ਮਾਰ ਕੇ ਹੱਤਿਆ ਕਰਨ ਦੀ ਘਟਨਾ ਵਾਪਰੀ ਹੈ। ਇਸ ਹੱਤਿਆ ਦੇ ਮਾਮਲੇ ਵਿੱਚ ਚਾਕੂਆਂ ਨਾਲ ਲੈਸ ਨੌਜਵਾਨਾਂ ਦੇ ਇੱਕ ਸਮੂਹ ਦੁਆਰਾ ਰਿਹਾਇਸ਼ੀ ਗਲੀ ਵਿੱਚ ਹਮਲਾ ਕਰਨ ਤੋਂ ਬਾਅਦ ਇਸ 15 ਸਾਲਾ ਲੜਕੇ ਦੀ ਮੌਤ ਹੋਈ ਹੈ। ਇਸ ਕਤਲ ਦੇ ਮਾਮਲੇ ਵਿੱਚ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੀਓਨ ਲਿੰਕਨ ਨਾਮ ਦੇ ਇਸ ਲੜਕੇ ਨੂੰ ਬਰਮਿੰਘਮ ਦੇ ਹੈਂਡਸਵਰਥ ਵਿੱਚ ਲਿਨਵੁੱਡ ਰੋਡ 'ਤੇ ਵੀਰਵਾਰ ਨੂੰ ਤਕਰੀਬਨ 3:30 ਵਜੇ ਛੁਰੇਮਾਰੀ ਨਾਲ ਜ਼ਖਮੀ ਕੀਤਾ ਗਿਆ ਜਿੱਥੇ ਬਾਅਦ ਵਿੱਚ ਹਸਪਤਾਲ ਪਹੁੰਚਣ ਦੌਰਾਨ ਇਸ 15 ਸਾਲਾਂ ਲੜਕੇ ਦੀ ਮੌਤ ਹੋ ਗਈ। ਇਸ ਵਾਰਦਾਤ ਦੇ ਹਮਲਾਵਰ ਇੱਕ



ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ ਸਨ, ਜਿਸ ਨੂੰ ਥੋੜੇ ਹੀ ਦੂਰੀ 'ਤੇ ਇੱਕ ਘਰ ਵਿੱਚ ਵੱਜਣ ਉਪਰੰਤ ਪੁਲਿਸ ਵੱਲੋਂ ਜ਼ਬਤ ਕਰ ਲਿਆ ਗਿਆ ਸੀ। ਲਿੰਕਨ ਦੇ ਕਤਲ ਦੇ ਸੰਬੰਧ ਵਿੱਚ ਪੁਲਿਸ ਵੱਲੋਂ ਇੱਕ 14 ਸਾਲਾ ਲੜਕੇ ਨੂੰ ਕਤਲ ਦੇ ਸ਼ੱਕ ਵਿੱਚ ਸ਼ੁੱਕਰਵਾਰ ਸਵੇਰੇ ਗ੍ਰਿਫਤਾਰ ਕੀਤਾ ਗਿਆ ਹੈ ਜੋ ਫਿਲਹਾਲ ਹਿਰਾਸਤ ਵਿੱਚ ਹੈ। ਜਦਕਿ ਇਸ ਹਮਲੇ ਵਿੱਚ ਤਕਰੀਬਨ ਪੰਜ ਹੋਰ ਹਮਲਾਵਰਾਂ ਦੇ ਸ਼ਾਮਿਲ ਹੋਣ ਦੀ ਸੰਭਾਵਨਾ ਹੈ।

ਸੁਪਰਡੈਂਟ ਸਟੀਵ ਗ੍ਰਾਹਮ ਅਨੁਸਾਰ ਲਿੰਕਨ ਦੀ ਹੱਤਿਆ ਬਹੁਤ ਹੀ ਹਿੰਸਕ ਹਾਲਤਾਂ ਵਿੱਚ ਹੋਈ ਹੈ ਜਿਸਦੇ ਉਦੇਸ਼ਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਸ ਸੰਬੰਧੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਪੁਲਿਸ ਨੇ ਹਮਲਾਵਰਾਂ ਦੀ ਪਛਾਣ ਕਰਨ ਲਈ ਲੋਕਾਂ ਨੂੰ ਅਪੀਲ ਵੀ ਕੀਤੀ ਹੈ। ਇਸਦੇ ਇਲਾਵਾ ਪੁਲਿਸ ਘਟਨਾ ਸਥਾਨ ਕੋਲ ਹਾਦਸਾਗ੍ਰਸਤ ਹੋਈ ਚਿੱਟੇ ਰੰਗ ਦੀ ਕਾਰ ਦੀ ਜਾਂਚ ਕਰਨ ਦੇ ਨਾਲ ਸੀ.ਸੀ.ਟੀ.ਵੀ ਫੁਟੇਜ ਦੀ ਵੀ ਪੜਤਾਲ ਕਰ ਰਹੇ ਹਨ।

# ਸਕਾਟਲੈਂਡ: ਕੋਰੋਨਾਂ ਦੇ ਇਲਾਜ ਤੋਂ ਬਾਅਦ 10,000 ਤੋਂ ਵੱਧ ਸਕਾਟਿਸ਼ ਲੋਕਾਂ ਨੂੰ ਮਿਲ ਚੁੱਕੀ ਹੈ ਹਸਪਤਾਲ ਤੋਂ ਛੁੱਟੀ

**ਗਲਾਸਗੋ–** ਪਿਛਲੇ ਸਾਲ ਸ਼ੁਰੂ ਹੋਈ ਕੋਰੋਨਾਂ ਵਾਇਰਸ ਮਹਾਂਮਾਰੀ ਨੇ ਵਿਸ਼ਵ ਭਰ ਵਿੱਚ ਹਾਹਾਕਾਰ ਮਚਾਈ ਹੋਈ ਹੈ। ਇਸ ਮਾਰੂ ਵਾਇਰਸ ਨੇ ਜਿੱਥੇ ਲੱਖਾਂ ਲੋਕਾਂ ਦੀ ਜਾਨ ਲਈ ਹੈ, ਉੱਥੇ ਹਜ਼ਾਰਾਂ ਹੀ ਲੋਕ ਇਸਦਾ ਇਲਾਜ ਕਰਾਉਣ ਉਪਰੰਤ ਠੀਕ ਵੀ ਹੋਏ ਹਨ। ਸਕਾਟਲੈਂਡ ਵਿੱਚ ਵੀ ਬਹੁਗਿਣਤੀ ਲੋਕਾਂ ਨੇ ਵਾਇਰਸ ਤੋਂ ਪੀੜਤ ਹੋ ਕੇ ਆਪਣੀ ਜਾਨ ਗਵਾਈ ਹੈ ਅਤੇ ਹਜ਼ਾਰਾਂ ਹੀ ਵਾਇਰਸ ਪੀੜਤ ਮਰੀਜ਼ ਹਸਪਤਾਲਾਂ 'ਚੋਂ ਇਲਾਜ ਕਰਵਾ ਕੇ ਸੁਰੱਖਿਅਤ ਆਪਣੇ ਘਰ ਵੀ ਪਰਤੇ ਹਨ। ਕੋਰੋਨਾਂ ਵਾਇਰਸ ਦੇ ਇਲਾਜ ਸੰਬੰਧੀ ਸਾਹਮਣੇ ਆਏ ਅੰਕੜਿਆਂ ਅਨੁਸਾਰ 19 ਜਨਵਰੀ 2021 ਤੱਕ ਤਕਰੀਬਨ 10,441 ਮਰੀਜ਼ਾਂ ਨੂੰ ਕੋਵਿਡ -19 ਦੇ ਇਲਾਜ ਤੋਂ ਬਾਅਦ ਸਕਾਟਿਸ਼ ਹਸਪਤਾਲਾਂ ਤੋਂ ਛੁੱਟੀ ਦਿੱਤੀ ਗਈ ਹੈ। ਇਹ ਅੰਕੜੇ ਸਕਾਟਲੈਂਡ ਵਿੱਚ ਵਾਇਰਸ ਦੀ ਦੂਜੀ ਲਹਿਰ ਦੇ ਦੌਰਾਨ ਮਹਾਂਮਾਰੀ ਦੀ ਤੇਜ਼ ਗਤੀ ਨੂੰ ਦਰਸਾਉਂਦੇ ਹਨ। ਅੰਕੜਿਆਂ ਅਨੁਸਾਰ ਅਪ੍ਰੈਲ ਤੋਂ ਲੈ ਕੇ 20 ਅਕਤੂਬਰ ਤੱਕ ਸੱਤ ਮਹੀਨਿਆਂ ਦੇ ਵਕਫ਼ੇ ਵਿੱਚ ਕੁੱਲ 5,003 ਸਕਾਟਿਸ਼ ਵਾਸੀ ਹਸਪਤਾਲਾਂ ਤੋਂ ਡਿਸਚਾਰਜ ਹੋਏ ਸਨ ਜਦਕਿ ਇਹ ਗਿਣਤੀ ਥੋੜੇ ਸਮੇਂ ਵਿੱਚ 15 ਜਨਵਰੀ ਤੱਕ ਹੀ



ਇਸ ਤੋਂ ਲਗਭਗ ਦੁੱਗਣੀ ਵਧ ਕੇ 10,000 ਤੱਕ ਪਹੁੰਚ ਗਈ ਹੈ। ਮਾਹਿਰਾਂ ਅਨੁਸਾਰ ਕੋਵਿਡ -19 ਦੇ ਇਲਾਜ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਕੀਤੇ ਗਏ ਲੋਕਾਂ ਦੀ ਗਿਣਤੀ ਨਿਯਮਿਤ ਤੌਰ 'ਤੇ ਪ੍ਰਕਾਸ਼ਿਤ ਨਹੀਂ ਕੀਤੀ ਜਾਂਦੀ, ਪਰ ਇਹਨਾਂ ਅੰਕੜਿਆਂ ਨੂੰ ਫਰੀਡਮ ਆਫ਼ ਇਨਫਰਮੇਸ਼ਨ ਦੀ ਬੇਨਤੀ ਤੋਂ ਬਾਅਦ ਜਨਤਕ ਕੀਤਾ ਗਿਆ ਹੈ। ਹਸਪਤਾਲਾਂ ਵਿੱਚੋਂ ਠੀਕ ਹੋਣ ਦੇ ਬਾਅਦ ਛੁੱਟੀ ਲੈਣ ਵਾਲੇ ਮਰੀਜ਼ਾਂ ਦੇ ਇਲਾਵਾ ਇਸ ਸਮੇਂ ਕੋਰੋਨਾਂ ਤੋਂ ਪੀੜਤ ਮਰੀਜ਼ਾਂ ਦੀ ਹਸਪਤਾਲਾਂ ਵਿੱਚ ਗਿਣਤੀ ਰਿਕਾਰਡ ਦੇ ਪੱਧਰ 'ਤੇ ਹੈ। ਸਰਕਾਰ ਦੁਆਰਾ ਜਾਰੀ ਅੰਕੜਿਆਂ ਅਨੁਸਾਰ 21 ਜਨਵਰੀ ਤੱਕ ਤਕਰੀਬਨ 2,004 ਕੋਰੋਨਾਂ ਮਰੀਜ਼ਾਂ ਦਾ ਹਸਪਤਾਲਾਂ ਵਿੱਚ ਇਲਾਜ ਕੀਤਾ ਜਾ ਰਿਹਾ ਹੈ।

# ਯੂਕੇ: ਅੰਤਿਮ ਸੰਸਕਾਰ ਮੌਕੇ ਵਧੇਰੇ ਇਕੱਠ ਕਰਨ 'ਤੇ ਕੀਤਾ 10,000 ਪੌਂਡ ਦਾ ਜ਼ੁਰਮਾਨਾ

**ਗਲਾਸਗੋ/ਲੰਡਨ–** ਯੂਕੇ ਸਰਕਾਰ ਦੁਆਰਾ ਕੋਰੋਨਾਂ ਵਾਇਰਸ ਦੇ ਮੱਦੇਨਜ਼ਰ ਕੀਤੀ ਗਈ ਤਾਲਾਬੰਦੀ ਵਿੱਚ ਸਖ਼ਤ ਨਿਯਮਾਂ ਨੂੰ ਲਾਗੂ ਕੀਤਾ ਗਿਆ ਹੈ। ਇਹਨਾਂ ਨਿਯਮਾਂ ਵਿੱਚ ਸਮੂਹਿਕ ਤੌਰ 'ਤੇ ਇਕੱਠ ਕਰਨ ਸੰਬੰਧੀ ਵੀ ਮਨਾਹੀ ਹੈ। ਇਹਨਾਂ ਨਿਯਮਾਂ ਨੂੰ ਤੋੜਨ 'ਤੇ ਭਾਰੀ ਜ਼ੁਰਮਾਨੇ ਵੀ ਲਾਗੂ ਕੀਤੇ ਗਏ ਹਨ। ਅਜਿਹੇ ਹੀ ਇੱਕ ਮਾਮਲੇ ਵਿੱਚ ਪ੍ਰਸ਼ਾਸਨ ਦੁਆਰਾ ਦੋ ਵਿਅਕਤੀਆਂ ਨੂੰ ਅੰਤਿਮ ਸੰਸਕਾਰ ਕਰਨ ਮੌਕੇ ਲਗਭਗ 150 ਵਿਅਕਤੀਆਂ ਦਾ ਇਕੱਠ ਕਰਕੇ ਕੋਰੋਨਾਂ ਤਾਲਾਬੰਦੀ ਨਿਯਮਾਂ ਦੀ ਉਲੰਘਣਾ ਕਰਨ 'ਤੇ 10,000 ਪੌਂਡ ਦਾ ਜ਼ੁਰਮਾਨਾ ਕੀਤਾ ਗਿਆ ਹੈ। ਬੈਡਫੋਰਡਸ਼ਾਇਰ ਪੁਲਿਸ ਨੇ ਸਟੀਵਨੇਜ ਨੇੜੇ ਅਰਲੇਸੀ ਵਿੱਚ



ਹੋਏ ਇਸ ਇਕੱਠ ਲਈ ਸ਼ੁੱਕਰਵਾਰ ਨੂੰ ਤਕਰੀਬਨ 30 ਸਾਲ ਤੋਂ ਉੱਪਰ ਦੇ ਇੱਕ ਵਿਅਕਤੀ ਨੂੰ 10000 ਪੌਂਡ ਦਾ ਜੁਰਮਾਨਾ ਕੀਤਾ ਹੈ। ਇਸਦੇ ਇਲਾਵਾ ਮੈਨਸਫੀਲਡ ਨਾਲ ਸੰਬੰਧਿਤ ਇਸ ਫਿਉਨਰਲ ਦੇ 41 ਸਾਲਾ ਨਿਰਦੇਸ਼ਕ ਨੂੰ ਵੀ ਇਸ ਸਮਾਗਮ ਦਾ ਪ੍ਰਬੰਧਨ ਕਰਨ ਲਈ 10,000 ਪੌਂਡ ਦਾ ਜ਼ੁਰਮਾਨਾ ਕੀਤਾ ਗਿਆ ਹੈ। ਸਰਕਾਰ ਵੱਲੋਂ ਨਿਰਧਾਰਿਤ ਮੌਜੂਦਾ ਕੋਰੋਨਾਂ ਵਾਇਰਸ ਨਿਯਮ ਅੰਤਮ ਸਸਕਾਰ ਵੇਲੇ ਵੱਧ ਤੋਂ ਵੱਧ 30 ਸੋਗ ਕਰਨ ਵਾਲੇ ਲੋਕਾਂ ਨੂੰ ਇਕੱਠੇ ਹੋਣ ਦੀ ਆਗਿਆ ਹੈ। ਬੈੱਡਫੋਰਡਸ਼ਾਇਰ ਪੁਲਿਸ ਸੁਪਰਡੈਂਟ ਜੌਨ ਮਰਫੀ ਅਨੁਸਾਰ ਤਾਲਾਬੰਦੀ ਨਿਯਮਾਂ ਨੂੰ ਸਫਲ ਕਰਨ ਲਈ ਜੁਰਮਾਨਾ ਪੁਲਿਸ ਲਈ ਆਖਰੀ ਰਾਹ ਹੈ ਅਤੇ ਇਸ ਸੰਕਟ ਦੇ ਸਮੇਂ ਦੌਰਾਨ ਲੋਕਾਂ ਦੀ ਸਿਹਤ ਨੂੰ ਜੋਖਮ ਵਿੱਚ ਪਾਉਣ ਵਾਲਿਆਂ 'ਤੇ ਇਸ ਤਰਾਂ ਦੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸਦੇ ਇਲਾਵਾ ਸ਼ੁੱਕਰਵਾਰ ਨੂੰ ਪੁਲਿਸ ਦੁਆਰਾ ਲੰਡਨ ਵਿੱਚ ਵੀ ਵਿਆਹ ਸਮਾਗਮ ਵਿੱਚ ਭਾਰੀ ਇਕੱਠ ਕਰਨ 'ਤੇ 10000 ਪੌਂਡ ਤੱਕ ਦੇ ਜੁਰਮਾਨੇ ਕੀਤੇ ਹਨ।

# ਬਾਇਡਨ ਪ੍ਰਸ਼ਾਸਨ ਨੇ ਚਾਰ ਹੋਰ ਭਾਰਤੀ-ਅਮਰੀਕੀਆਂ ਨੂੰ ਮਹੱਤਵਪੂਰਨ ਅਹੁਦਿਆਂ 'ਤੇ ਕੀਤਾ ਨਿਯੁਕਤ

**ਵਾਸ਼ਿੰਗਟਨ –** ਅਮਰੀਕਾ ਦੀ ਨਵੀਂ ਸਰਕਾਰ ਵਿਚ ਭਾਰਤੀ-ਅਮਰੀਕੀ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ। ਹਾਲ ਹੀ ਵਿਚ ਬਾਇਡਨ ਪ੍ਰਸ਼ਾਸਨ ਨੇ ਚਾਰ ਹੋਰ ਭਾਰਤੀ-ਅਮਰੀਕੀਆਂ ਨੂੰ ਸਰਕਾਰ ਵਿਚ ਜ਼ਿੰਮੇਵਾਰ ਅਹੁਦਿਆਂ 'ਤੇ ਨਿਯੁਕਤ ਕੀਤਾ ਹੈ। ਊਰਜਾ ਵਿਭਾਗ ਵਿਚ ਤਾਰਕ ਸ਼ਾਹ ਨੂੰ ਚੀਫ਼ ਆਫ਼ ਸਟਾਫ ਨਿਯੁਕਤ ਕੀਤਾ ਗਿਆ ਹੈ।

ਇਸ ਅਹੁਦੇ 'ਤੇ ਕਿਸੇ ਭਾਰਤੀ ਦੀ ਪਹਿਲੀ ਵਾਰ ਨਿਯੁਕਤੀ ਹੋਈ ਹੈ। ਆਫਿਸ ਆਫ਼ ਸਾਇੰਸ ਵਿਚ ਤਾਨਯਾ ਦਾਸ ਨੂੰ ਚੀਫ਼ ਆਫ਼ ਸਟਾਫ ਬਣਾਇਆ ਗਿਆ ਹੈ। ਨਾਰਾਇਣ ਸੁਬਰਾਮਨੀਅਮ ਨੂੰ ਆਫਿਸ ਆਫ਼ ਲੀਗਲ ਕੌਂਸਲ ਵਿਚ ਲੀਗਲ ਐਡਵਾਈਜ਼ਰ ਬਣਾਇਆ ਗਿਆ ਹੈ।

ਸ਼ੁਚੀ ਤਲਾਤੀ ਨੂੰ ਆਫਿਸ ਆਫ਼ ਫਾਸਿਲ ਐਨਰਜੀ 'ਚ ਚੀਫ਼ ਆਫ਼ ਸਟਾਫ ਬਣਾਇਆ ਗਿਆ ਹੈ। ਇਹ ਚਾਰੇ ਤੇਜ਼ ਤਰਾਰ ਅਤੇ ਹੋਣਹਾਰ ਮੰਨੇ ਜਾਣ ਵਾਲੇ ਅਧਿਕਾਰੀ ਆਪਣੇ-ਆਪਣੇ ਵਿਭਾਗ ਵਿਚ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਤੈਅ ਕੀਤੇ ਗਏ ਟੀਚਿਆਂ ਤਕ ਪਹੁੰਚਣ ਲਈ ਆਪਣੀ ਮੁਹਾਰਤ ਦਾ ਲਾਭ ਦੇਣਗੇ।

ਤਾਰਕ ਸ਼ਾਹ ਐਨਰਜੀ ਪਾਲਿਸੀ ਦੇ ਮਾਹਿਰ ਮੰਨੇ ਜਾਂਦੇ ਹਨ ਅਤੇ ਉਹਨਾਂ ਨੇ ਜਲਵਾਯੂ ਪਰਿਵਰਤਨ ਦੇ ਖੇਤਰ ਵਿਚ ਆਪਣੀਆਂ ਲੰਬੀਆਂ ਸੇਵਾਵਾਂ ਦਿੱਤੀਆਂ ਹਨ। ਬਾਇਡਨ-ਹੈਰਿਸ ਪ੍ਰਸ਼ਾਸਨ ਦੇ ਆਉਣ ਤਕ ਸ਼ਾਹ ਕਲਾਈਮੇਟ ਅਤੇ ਸਾਇੰਸ 'ਤੇ ਬਣੀ ਟੀਮ ਦੀ ਅਗਵਾਈ ਕਰ ਰਹੇ ਸਨ। ਤਾਨਯਾ ਦਾਸ ਯੂਐੱਸ ਹਾਊਸ ਕਮੇਟੀ ਆਨ ਸਾਇੰਸ-ਸਪੇਸ ਐਂਡ ਟੈਕਨਾਲੋਜੀ ਵਿਚ ਪ੍ਰੋਫੈਸ਼ਨਲ ਸਟਾਫ ਮੈਂਬਰ ਸੀ। ਨਾਰ-ਾਇਣ ਸੁਬਰਾਮਨੀਅਮ ਰਿਸਰਚ ਫੈਲੋ ਸਨ।

ਸ਼ੁਚੀ ਤਲਾਤੀ ਹੁਣ ਤਕ ਕਾਰਬਨ 180 ਵਿਚ ਸੀਨੀਅਰ ਐਡਵਾਈਜ਼ਰ ਸਨ।

*****

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਬਾਈਡੇਨ ਪ੍ਰਸ਼ਾਸਨ ਨੇ ਕੁੱਝ ਗੈਰ ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ 'ਤੇ ਲਗਾਈ 100 ਦਿਨਾਂ ਲਈ ਰੋਕ

**ਫਰਿਜ਼ਨੋ (ਕੈਲੀਫੋਰਨੀਆਂ), 22 ਜਨਵਰੀ 2021–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਅਹੁਦਾ ਸੰਭਾਲਦਿਆਂ ਹੀ ਕੰਮ ਦੀ ਸ਼ੁਰੂਆਤ ਕਰ ਦਿੱਤੀ ਹੈ । ਆਪਣੇ ਪਹਿਲੇ ਦਿਨ ਹੀ ਕਈ ਕਾਰਜਕਾਰੀ ਮੁੱਦਿਆਂ ਤੇ ਦਸਤਖਤ ਕਰਨ ਦੇ ਨਾਲ ਜੋਅ ਬਾਈਡੇਨ ਨੇ ਇਮੀਗ੍ਰੇਸ਼ਨ ਮਾਮਲਿਆਂ ਸੰਬੰਧੀ ਵੀ ਕੁੱਝ ਫੈਸਲੇ ਲਏ ਹਨ, ਜਿਹਨਾਂ ਵਿੱਚੋਂ ਇੱਕ ਕੁੱਝ ਗੈਰ ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਤੇ 100 ਦਿਨਾਂ ਲਈ ਰੋਕ ਲਗਾਉਣੀ ਸ਼ਾਮਿਲ ਹੈ। ਇਸ ਸੰਬੰਧੀ ਕਾਰਜਕਾਰੀ ਹੋਮਲੈਂਡ ਸਿਕਿਉਰਿਟੀ ਸੈਕਟਰੀ ਡੇਵਿਡ ਪੇਕੋਸਕੇ ਨੇ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਤੋਂ ਕੁਝ ਘੰਟੇ ਬਾਅਦ ਇੱਕ ਲਿਖਤੀ ਪੱਤਰ ਜਾਰੀ ਕੀਤਾ ਜਿਸ ਵਿੱਚ ਕੁੱਝ ਗੈਰ ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਤੇ 100 ਦਿਨਾਂ ਲਈ ਰੋਕ ਲਗਾਉਣ ਬਾਰੇ ਜਾਣਕਾਰੀ ਦਿੱਤੀ ਸੀ, ਕਿਉਂਕਿ ਇਮੀਗ੍ਰੇਸ਼ਨ ਨਿਯਮ ਲਾਗੂ ਕਰਨ ਸੰਬੰਧੀ ਨੀਤੀਆਂ ਅਤੇ ਅਮਲਾਂ ਦੀ ਨਵੇਂ ਸਿਰੇ ਤੋਂ ਸਮੀਖਿਆ ਕੀਤੀ ਜਾ ਰਹੀ ਹੈ। ਇਸਦੇ ਇਲਾਵਾ ਪੇਕੋਸਕੇ ਦੁਆਰਾ ਜਾਰੀ ਇਸ ਮੈਮੋ ਅਨੁਸਾਰ ਸੰਯੁਕਤ ਰਾਜ ਨੂੰ ਦੱਖਣ-ਪੱਛਮੀ ਸਰਹੱਦ 'ਤੇ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਗੰਭੀਰ ਹਾਲਾਤਾਂ ਦੇ ਮੱਦੇਨਜ਼ਰ ਵਿਭਾਗ ਨੂੰ ਸੁਰੱਖਿਅਤ, ਕਾਨੂੰਨੀ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਢੁਕਵੇਂ ਜਨਤਕ ਦਿਸ਼ਾ ਨਿਰਦੇਸ਼ਾਂ ਅਤੇ ਪ੍ਰੋਟੋਕਾਲਾਂ ਨੂੰ ਅਪਨਾਉਣ ਦੀ ਜਰੂਰਤ ਹੈ।



ਇਹਨਾਂ ਨਵੇਂ ਆਦੇਸ਼ਾਂ ਅਨੁਸਾਰ ਦੇਸ਼ ਨਿਕਾਲੇ ਨੂੰ ਸਿਰਫ ਕੁੱਝ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਰੋਕਿਆ ਗਿਆ ਹੈ, ਹਾਲਾਂਕਿ ਪੱਤਰ ਦੇ ਅਨੁਸਾਰ ਜਿਹੜੇ ਲੋਕ ਅੱਤਵਾਦ ਜਾਂ ਜਾਸੂਸੀ ਵਿੱਚ ਸ਼ਾਮਿਲ ਹੋਣ ਦੇ ਸ਼ੱਕੀ ਹਨ ਦੇ ਇਲਾਵਾ ਹੋਰ ਅਪਰਾਧਿਕ ਸ੍ਰੇਣੀਆਂ ਜਾਂ ਦੇਸ਼ ਵਿੱਚ ਰਹਿਣ ਦਾ ਆਪਣਾ ਹੱਕ ਗਵਾਉਣ ਵਾਲੇ ਲੋਕ ਵੀ ਦੇਸ਼ ਨਿਕਾਲੇ ਦੇ ਅਧੀਨ ਹਨ।

ਬਾਈਡੇਨ ਨੇ ਆਪਣੇ ਦਫ਼ਤਰ ਦੇ ਪਹਿਲੇ ਦਿਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਕਈ ਕੱਟੜ ਇਮੀਗ੍ਰੇਸ਼ਨ ਨੀਤੀਆਂ ਨੂੰ ਉਲਟਾਉਣ ਦੇ ਨਾਲ ਇੱਕ ਇਮੀਗ੍ਰੇਸ਼ਨ ਸੁਧਾਰ ਪ੍ਰਸਤਾਵ ਵੀ ਜਾਰੀ ਕੀਤਾ ਹੈ, ਜਿਸ ਨੂੰ ਆਉਣ ਵਾਲੇ ਹਫ਼ਤਿਆਂ ਵਿੱਚ ਕਾਂਗਰਸ ਨੂੰ ਪੇਸ਼ ਕਰਨ ਲਈ ਕੰਮ ਕੀਤੇ ਜਾ ਰਹੇ ਹਨ। ਇਸਦੇ ਇਲਾਵਾ ਟਰੰਪ ਦੀ ਉਸ ਦੀਆਂ ਕਈ ਇਮੀਗ੍ਰੇਸ਼ਨ ਨੀਤੀਆਂ, ਖਾਸ ਕਰਕੇ "ਜ਼ੀਰੋ ਟੌਲਰੈਂਸ" ਨੀਤੀ ਦੀ ਅਲੋਚਨਾ ਕੀਤੀ ਗਈ ਹੈ,ਜਿਸ ਤਹਿਤ ਦਸੰਬਰ ਤੱਕ ਤਕਰੀਬਨ 600 ਤੋਂ ਵੱਧ ਪ੍ਰਵਾਸੀ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਤੋਂ ਵੱਖ ਕਰ ਦਿੱਤਾ ਗਿਆ ਹੈ।

# ਜਾਰਜੀਆ ਸੂਬੇ ਦੀਆਂ ਦੋ ਸਕੂਲ ਅਧਿਆਪਕਾਂ ਦੀ ਕੋਰੋਨਾਂ ਵਾਇਰਸ ਨਾਲ 24 ਘੰਟਿਆਂ ਦੌਰਾਨ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆਂ), 22 ਜਨਵਰੀ 2021–** ਅਮਰੀਕਾ ਦੇ ਸੂਬੇ ਜਾਰਜੀਆ ਦੇ ਇੱਕ ਹੀ ਸਕੂਲ ਡਿਸਟਰਿਕਟ ਕੋਬ ਕਾਉਂਟੀ ਵਿੱਚ ਦੋ ਅਧਿਆਪਕਾਂ ਦੀ ਵੀਰਵਾਰ ਦੇ ਦਿਨ ਕੋਰੋਨਾਂ ਵਾਇਰਸ ਨਾਲ ਪੀੜਤ ਹੋਣ ਤੋਂ ਬਾਅਦ ਮੌਤ ਹੋ ਗਈ ਹੈ। ਡਾਨਾ ਜੌਹਨਸਨ ਪਹਿਲੀ ਜਮਾਤ ਦੀ ਇੱਕ ਅਧਿਆਪਕਾ ਅਤੇ ਸਿੰਥੀਆ ਲਿੰਡਸੀ ਇੱਕ ਐਲੀਮੈਂਟਰੀ ਅਧਿਆਪਕਾ ਸੀ। ਇਹਨਾਂ ਦੋਵਾਂ ਨੂੰ ਕੋਰੋਨਾਂ ਵਾਇਰਸ ਨਾਲ ਪੀੜਤ ਹੋਣ ਦੇ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਪਰ ਆਖਰਕਾਰ ਇਹ ਦੋਵੇਂ ਅਧਿਆਪਕਾਵਾਂ ਇੱਕ ਹੀ ਦਿਨ ਕੁੱਝ ਸਮੇਂ ਦੇ ਵਕਫ਼ੇ ਨਾਲ ਵਾਇਰਸ ਵਿਰੁੱਧ ਆਪਣੀ ਜਿੰਦਗੀ ਦੀ ਲੜਾਈ ਹਾਰ ਗਈਆਂ। ਪਹਿਲੀ ਮ੍ਰਿਤਕ ਜੌਹਨਸਨ ਕੇਂਪ ਐਲੀਮੈਂਟਰੀ ਸਕੂਲ ਵਿਖੇ ਪੜਾਉਂਦੀ ਸੀ ਅਤੇ ਉਹ ਲਗਭਗ ਛੇ ਹਫ਼ਤਿਆਂ ਤੋਂ ਹਸਪਤਾਲ ਵਿੱਚ ਦਾਖਲ ਸੀ। ਜਦਕਿ ਸਿੰਥੀਆ ਲਿੰਡਸੀ ਸੇਡਾਲੀਆ ਪਾਰਕ ਐਲੀਮੈਂਟਰੀ ਸਕੂਲ ਦੀ ਸਿੱਖਿਅਕ ਸੀ ਜੋ ਕਿ 12 ਦਿਨਾਂ ਤੋਂ ਹਸਪਤਾਲ ਵਿਚ ਦਾਖਲ ਸੀ। ਜਾਰਜੀਆ ਸਕੂਲ ਡਿਸਟਰਿਕਟ ਨੇ ਦੋਵਾਂ ਟੀਚਰਾਂ ਦੀ ਮੌਤ ਤੇ ਦੁੱਖ ਪ੍ਰਗਟ ਕੀਤਾ ਹੈ। ਅਧਿਕਾਰੀਆਂ ਅਨੁਸਾਰ ਪਿਛਲੇ ਹਫ਼ਤੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਕੋਰੋਨਾਂ ਵਾਇਰਸ ਨਾਲ ਸੰਕਰਮਿਤ ਹੋਣ ਦੇ ਬਾਅਦ ਕੋਬ ਕਾਉਂਟੀ ਦੇ ਸਕੂਲਾਂ ਨੇ ਸ਼ੁੱਕਰਵਾਰ ਦੇ ਦੌਰਾਨ ਕਲਾਸਾਂ ਨੂੰ ਰੱਦ ਕਰ ਦਿੱਤਾ ਸੀ। ਇਸਦੇ ਇਲਾਵਾ ਕਾਉਂਟੀ ਦੇ ਕਮਿਊਨਿਟੀ ਮੈਂਬਰਾਂ ਨੇ ਸੁਪਰਡੈਂਟ ਕੈਰਿਸ ਰੈਗਸਡੇਲ ਨੂੰ ਇੱਕ ਪਟੀਸ਼ਨ ਰਾਹੀ ਵਿਅਕਤੀਗਤ ਕਲਾਸਾਂ ਨੂੰ ਰੋਕਣ ਦੀ ਅਪੀਲ ਕੀਤੀ ਹੈ। ਇਸ ਪਟੀਸ਼ਨ ਉੱਪਰ ਵੀਰਵਾਰ ਸ਼ਾਮ ਤੱਕ 6,400 ਤੋਂ ਵੱਧ ਦਸਤਖਤ ਹੋ ਗਏ ਸਨ। ਰਾਜ ਦੇ ਸਿਹਤ ਅੰਕੜਿਆਂ ਅਨੁਸਾਰ ਕੋਬ ਕਾਉਂਟੀ ਵਿੱਚ ਪਿਛਲੇ ਦੋ ਹਫ਼ਤਿਆਂ ਦੌਰਾਨ ਲਗਭਗ 6,852 ਨਵੇ ਕੋਰੋਨਾਂ ਵਾਇਰਸ ਦੇ ਕੇਸ ਦਰਜ ਕੀਤੇ ਗਏ ਹਨ ਅਤੇ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 47,106 ਕੇਸ ਦਰਜ਼ ਹੋਣ ਦੇ ਨਾਲ ਤਕਰੀਬਨ 638 ਕਾਉਂਟੀ ਵਸਨੀਕਾਂ ਦੀ ਮੌਤ ਵੀ ਹੋ ਚੁੱਕੀ ਹੈ।



# ਫਰਿਜ਼ਨੋ ਵਿੱਚ ਹਿੱਟ ਐਂਡ ਰਨ ਹਾਦਸੇ 'ਚ ਹੋਈ ਇੱਕ ਵਿਅਕਤੀ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆਂ), 22 ਜਨਵਰੀ 2021–** ਕੈਲੀਫੋਰਨੀਆਂ ਦੀ ਫਰਿਜ਼ਨੋ ਕਾਉਂਟੀ ਵਿੱਚ ਸੜਕ ਦੁਰਘਟਨਾਵਾਂ ਨਾਲ ਸੈਂਕੜੇ ਲੋਕ ਹਰ ਸਾਲ ਆਪਣੀ ਜਾਨ ਗਵਾਉਂਦੇ ਹਨ। ਇਹਨਾਂ ਸੜਕ ਹਾਦਸਿਆਂ ਵਿੱਚ ਲੋਕ ਆਪਣੀ ਅਣਗਹਿਲੀ ਨਾਲ ਬੇਵਕਤੀ ਮੌਤ ਮਰਦੇ ਹਨ। ਫਰਿਜ਼ਨੋ ਪ੍ਰਸ਼ਾਸਨ ਇਹਨਾਂ ਹੁੰਦੀਆਂ ਦੁਰਘਟਨਾਵਾਂ ਪ੍ਰਤੀ ਚਿੰਤਤ ਹੈ। ਅਜਿਹੇ ਹੀ ਇੱਕ ਸੜਕ ਹਾਦਸੇ ਦੇ ਸੰਬੰਧ ਵਿੱਚ ਫਰਿਜ਼ਨੋ ਪੁਲਿਸ ਅਧਿਕਾਰੀਆਂ ਅਨੁਸਾਰ ਪੂਰਬੀ ਕੇਂਦਰੀ ਫਰਿਜ਼ਨੋ ਵਿੱਚ ਵੀਰਵਾਰ ਦੀ ਰਾਤ ਨੂੰ ਇੱਕ ਹਿੱਟ ਐਂਡ ਰਨ ਦੀ ਘਟਨਾ ਵਾਪਰੀ ਹੈ। ਇਸ ਹਾਦਸੇ ਵਿੱਚ ਪੈਦਲ ਜਾ ਰਹੇ ਇੱਕ 53 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਫਰਿਜ਼ਨੋ ਪੁਲਿਸ ਵਿਭਾਗ ਦੇ ਲੈਫਟੀਨੈਂਟ ਐਂਥਨੀ ਡੀਵਾਲ ਅਨੁਸਾਰ, ਸ਼ਾਮ ਸਾਢੇ ਛੇ ਵਜੇ ਤੋਂ ਪਹਿਲਾਂ ਅਧਿਕਾਰੀਆਂ ਨੂੰ ਫਰਿਜ਼ਨੋ ਕਾਉਂਟੀ ਸ਼ੈਰਿਫ ਦੇ ਦਫ਼ਤਰ ਵੱਲੋਂ ਇਸ ਹਾਦਸੇ ਸੰਬੰਧੀ ਫਲੌਰਡੋਰਾ ਅਤੇ ਸੀਡਰ ਐਵੇਨਿਊ ਨੇੜੇ ਇੱਕ ਆਦਮੀ ਦੇ ਸੜਕ ਤੇ ਜ਼ਖਮੀ ਹਾਲਤ ਵਿੱਚ ਮਿਲਣ ਦੀ ਸੂਚਨਾ ਪ੍ਰਾਪਤ ਹੋਈ। ਪੁਲਿਸ ਅਧਿਕਾਰੀ ਡੀਵਾਲ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀੜਤ ਵਿਅਕਤੀ ਨੂੰ ਕਮਿਊਨਿਟੀ ਰੀਜ਼ਨਲ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।



ਇਸ ਹਾਦਸੇ ਦੀ ਅਧਿਕਾਰੀਆਂ ਦੁਆਰਾ ਕੀਤੀ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਮ੍ਰਿਤਕ ਵਿਅਕਤੀ ਨੂੰ ਸਟ੍ਰੀਟ ਪਾਰ ਕਰਦੇ ਸਮੇਂ ਸੀਡਰ ਐਵੀਨਿਊ ਦੇ ਦੱਖਣ ਵੱਲ ਜਾ ਰਹੇ ਇੱਕ ਵਾਹਨ ਨੇ ਟੱਕਰ ਮਾਰ ਦਿੱਤੀ ਅਤੇ ਹਾਦਸੇ ਉਪਰੰਤ ਸ਼ੱਕੀ ਵਾਹਨ ਡਰਾਈਵਰ ਰੁਕਣ ਦੀ ਬਜਾਏ ਮੌਕੇ ਤੋਂ ਭੱਜ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ ਇਹ ਸਪਸ਼ਟ ਰੂਪ ਵਿੱਚ ਹਿੱਟ ਐਂਡ ਰਨ ਦਾ ਮਾਮਲਾ ਹੈ। ਇਹ ਸ਼ੱਕੀ ਵਾਹਨ ਸੰਭਾਵਿਤ ਤੌਰ ਤੇ ਹਰੇ ਜਾਂ ਨੀਲੇ ਐਸ ਯੂ ਵੀ ਜਾਂ ਟਰੱਕ ਵਜੋਂ ਦਰਸਾਇਆ ਗਿਆ ਹੈ ਅਤੇ ਫਰਿਜ਼ਨੋ ਪੁਲਿਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਟੈਕਸਾਸ ਵਿੱਚ 18ਵੀ ਸਦੀ ਨਾਲ ਸੰਬੰਧਿਤ ਦੁਰਲੱਭ ਸੋਨੇ ਦਾ ਸਿੱਕਾ 9.36 ਮਿਲੀਅਨ ਡਾਲਰ 'ਚ ਹੋਇਆ ਨਿਲਾਮ

**ਫਰਿਜ਼ਨੋ (ਕੈਲੀਫੋਰਨੀਆਂ), 23 ਜਨਵਰੀ 2021–** ਅਮਰੀਕਾ ਇੱਕ ਵਿਸ਼ਾਲ ਅਤੇ ਅਮੀਰ ਵਿਰਾਸਤ ਵਾਲਾ ਦੇਸ਼ ਹੈ। ਇੱਥੋਂ ਦੇ ਇਤਿਹਾਸ ਵਿੱਚ ਬਹੁਤ ਬੇਸ਼ਕੀਮਤੀ ਵਸਤਾਂ ਅਤੇ ਹੋਰ ਧਰੋਹਰਾਂ ਦਾ ਜਿਕਰ ਹੈ। ਅਜਿਹੀ ਹੀ ਇੱਕ ਇਤਿਹਾਸ ਨਾਲ ਸੰਬੰਧਿਤ ਧਰੋਹਰ ਦੇਸ਼ ਦੇ ਸੂਬੇ ਟੈਕਸਾਸ ਵਿੱਚ ਨਿਲਾਮੀ ਰਾਹੀਂ ਸਾਹਮਣੇ ਆਈ ਹੈ। ਇਹ ਕੀਮਤੀ ਚੀਜ਼ 18ਵੀ ਸਦੀ ਨਾਲ ਸੰਬੰਧਿਤ 1787 ਵਿੱਚ ਨਿਊਯਾਰਕ ਦੇ ਇੱਕ ਮਸ਼ਹੂਰ ਕਾਰੀਗਰ ਦੁਆਰਾ ਬਣਾਇਆ ਗਿਆ ਦੁਰਲੱਭ ਸੋਨੇ ਦਾ ਸਿੱਕਾ ਹੈ, ਜਿਸਨੂੰ ਡੱਲਾਸ 'ਚ ਵੀਰਵਾਰ ਨੂੰ ਇੱਕ ਨਿਲਾਮੀ ਦੌਰਾਨ 9.36



ਮਿਲੀਅਨ ਡਾਲਰ ਵਿੱਚ ਵੇਚਿਆ ਗਿਆ ਹੈ। ਡੱਲਾਸ ਵਿੱਚ ਇਸ ਵਿਰਾਸਤੀ ਨਿਲਾਮੀ ਵਿੱਚ ਸੰਯੁਕਤ ਰਾਜ ਦੇ ਸਿੱਕਿਆਂ ਦੀ ਨਿਲਾਮੀ ਦੇ ਹਿੱਸੇ ਵਜੋਂ ਵੀਰਵਾਰ ਸ਼ਾਮ ਨੂੰ ਨਿਊਯਾਰਕ ਸਟਾਈਲ ਦੇ ਇਸ ਸਿੱਕੇ ਬਰੈਸ਼ਰ ਡਬਲੂਨ ਦੀ ਪੇਸ਼ਕਸ਼ ਕੀਤੀ ਗਈ। ਨਿਲਾਮੀ ਸੰਸਥਾ ਨੇ ਦੱਸਿਆ ਕਿ ਇਸ ਸੋਨੇ ਦੇ ਸਿੱਕੇ ਲਈ ਸਭ ਤੋਂ ਵੱਧ ਰਕਮ ਅਦਾ ਕੀਤੀ ਗਈ ਹੈ ਜਦਕਿ ਖਰੀਦਦਾਰ ਦਾ ਨਾਮ ਗੁਮਨਾਮ ਰੱਖਿਆ ਗਿਆ ਹੈ। ਹੈਰੀਟੇਜ ਦੇ ਕਾਰਜਕਾਰੀ ਮੀਤ ਪ੍ਰਧਾਨ ਟੌਡ ਇਮਹੋਫ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਬਰੈਸ਼ਰ ਡਬਲੂਨ, ਸਿੱਕੇ ਇਕੱਠੇ ਅਤੇ ਸਿੱਕੇ ਜੁਟਾਉਣ ਵਾਲਿਆਂ ਲਈ ਇੱਕ ਪਵਿੱਤਰ ਸਿੱਕੇ ਦੀ ਕਿਸਮ ਹੈ । ਇਸਦੇ ਇਲਾਵਾ ਨਿਲਾਮ ਕੀਤਾ ਗਿਆ ਸਿੱਕਾ,ਇਸ ਤਰਾਂ ਦੇ ਮੌਜੂਦ ਸੱਤ ਸਿੱਕਿਆਂ ਵਿੱਚੋਂ ਇੱਕ ਸੀ ਜੋ ਕਿ ਨਿਊਯਾਰਕ ਦੇ ਬਿਜ਼ਨਸਮੈਨ ਡੋਨਾਲਡ ਜੀ ਪਾਰਟੈਰਿਕ ਦੇ ਸਿੱਕਾ ਸੰਗ੍ਰਹਿ ਤੋਂ ਆਇਆ ਹੈ, ਜਿਸਨੇ ਇਸਨੂੰ 1979 ਵਿੱਚ 725,000 ਡਾਲਰ ਵਿੱਚ ਖਰੀਦਿਆ ਸੀ।

ਸੰਯੁਕਤ ਰਾਜ ਦੇ ਟਕਸਾਲ ਨੇ 1793 ਤੱਕ ਸਿੱਕੇ ਜਾਰੀ ਕਰਨੇ ਸ਼ੁਰੂ ਨਹੀਂ ਕੀਤਾ ਸਨ। ਉਸ ਸਮੇਂ ਤੋਂ ਪਹਿਲਾਂ ਸਿੱਕੇ ਬਸਤੀਵਾਦੀ ਹੁੰਦੇ ਸਨ ਜਾਂ ਨਿੱਜੀ ਅਤੇ ਵਿਦੇਸ਼ੀ ਟਕਸਾਲਾਂ ਦੁਆਰਾ ਚਲਾਏ ਜਾਂਦੇ ਸਨ। ਇਸ ਸਿੱਕੇ ਬਾਰੇ ਇਮਹੋਫ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਊਯਾਰਕ ਦੇ ਇੱਕ ਸੋਨੇ ਨਾਲ ਸੰਬੰਧਿਤ ਕਾਰੀਗਰ ਇਫਰੈਮ ਬਰੈਸ਼ਰ ਜੋ ਕਿ ਉੱਚ ਗੁਣਵੱਤਾ ਵਾਲੀਆਂ ਚੀਜ਼ਾਂ ਤਿਆਰ ਕਰਨ ਲਈ ਜਾਣਿਆ ਜਾਂਦਾ ਸੀ ਨੇ ਬਰੈਸ਼ਰ ਡਬਲੂਨ ਨੂੰ ਬਣਾਇਆ ਸੀ ਅਤੇ ਇਸ ਸਿੱਕੇ ਉੱਤੇ ਵਿਖਾਏ ਗਏ ਤੱਤਾਂ ਵਿੱਚ ਇੱਕ ਬਾਜ਼ ਸ਼ਾਮਿਲ ਸੀ ਜੋ ਕਿ ਬਾਅਦ ਵਿੱਚ ਦੇਸ਼ ਦੇ ਸਿੱਕਿਆਂ ਦਾ ਹਿੱਸਾ ਬਣਿਆ ।

# ਐਰੀਜ਼ੋਨਾ ਵਿੱਚ ਪਲਟੀ ਟੂਰਿਸਟ ਬੱਸ, 1 ਦੀ ਮੌਤ 2 ਹੋਏ ਗੰਭੀਰ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆਂ), 23 ਜਨਵਰੀ 2021–** ਸੰਯੁਕਤ ਰਾਜ ਅਮਰੀਕਾ ਦੇ ਸੂਬੇ ਐਰੀਜ਼ੋਨਾ ਵਿੱਚ ਇੱਕ ਟੂਰਿਸਟ ਬੱਸ ਦੇ ਸੜਕ ਤੇ ਪਲਟ ਜਾਣ ਦਾ ਹਾਦਸਾ ਵਾਪਰਿਆ ਹੈ। ਇਸ ਹਾਦਸੇ ਸੰਬੰਧੀ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰੈਂਡ ਕੈਨਯੋਨ ਜਾ ਰਹੀ ਲਾਸ ਵੇਗਸ ਦੀ ਇੱਕ ਟੂਰ ਬੱਸ ਦੇ ਸ਼ੁੱਕਰਵਾਰ ਨੂੰ ਉੱਤਰ ਪੱਛਮੀ ਐਰੀਜ਼ੋਨਾ ਵਿੱਚ ਪਲਟ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਜਦਕਿ ਦੋ ਹੋਰ ਯਾਤਰੀ ਗੰਭੀਰ ਜ਼ਖਮੀ ਹੋਏ ਹਨ । ਮੋਹੇਵ ਕਾਉਂਟੀ ਸ਼ੈਰਿਫ ਦੇ ਦਫ਼ਤਰ ਦੀ ਬੁਲਾਰੀ ਅਨੀਤਾ ਮੋਰਟੇਨਸਨ ਅਨੁਸਾਰ ਸ਼ੁੱਕਰਵਾਰ ਦੁਪਹਿਰ ਦੇ ਆਸ ਪਾਸ ਬੱਸ ਨਾਲ ਵਾਪਰੀ ਇਸ ਘਟਨਾ ਦੇ ਕਾਰਨਾਂ ਦਾ ਫਿਲਹਾਲ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਇਹ ਵੀ ਸਪੱਸ਼ਟ ਨਹੀਂ ਹੋਇਆ ਹੈ ਕਿ ਇਸ ਹਾਦਸੇ ਵਿੱਚ ਕੋਈ ਹੋਰ ਵਾਹਨ ਵੀ ਸ਼ਾਮਿਲ ਸੀ ਜਾਂ ਨਹੀਂ। ਅਧਿਕਾਰੀਆਂ ਨੇ ਦੱਸਿਆ ਕਿ ਬੱਸ ਵਿੱਚ ਡਰਾਈਵਰ ਸਮੇਤ 48 ਲੋਕ ਸਵਾਰ ਸਨ।



ਇਸ ਹਾਦਸੇ ਤੋਂ ਬਾਅਦ 44 ਲੋਕਾਂ ਨੂੰ ਕਿੰਗਮੈਨ ਰਿਜ਼ਨਲ ਮੈਡੀਕਲ ਸੈਂਟਰ ਭੇਜਿਆ ਗਿਆ, ਜਿਹਨਾਂ ਵਿੱਚੋਂ ਦੋ ਗੰਭੀਰ ਜ਼ਖਮੀ ਯਾਤਰੀਆਂ ਨੂੰ ਮੈਡੀਕਲ ਹੈਲੀਕਾਪਟਰਾਂ ਦੁਆਰਾ ਹਸਪਤਾਲ ਲਿਜਾਇਆ ਗਿਆ। ਖੇਤਰੀ ਪੁਲਿਸ ਦੁਆਰਾ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕੀਤੀ ਗਈ ਹੈ। ਇਹ ਬੱਸ ਲਾਸ ਵੇਗਸ ਤੋਂ ਲੱਗਭਗ ਢਾਈ ਘੰਟੇ ਦੀ ਦੂਰੀ ਤੇ ਰਾਸ਼ਟਰੀ ਪਾਰਕ ਦੀ ਹੱਦ ਦੇ ਬਾਹਰ, ਗਰੈਂਡ ਕੈਨਯੋਨ ਵੈਸਟ ਵੱਲ ਜਾ ਰਹੀ ਸੀ। ਇਹ ਇੱਕ ਸੈਰ ਸਪਾਟਾ ਸਥਾਨ ਹੁਆਲਾਪਾਈ ਰਿਜ਼ਰਵੇਸ਼ਨ 'ਤੇ ਸਥਿਤ ਹੈ। ਕੋਰੋਨਾਂ ਵਾਇਰਸ ਮਹਾਂਮਾਰੀ ਤੋਂ ਪਹਿਲਾਂ, ਹਰ ਸਾਲ ਲੱਗਭਗ 10 ਲੱਖ ਲੋਕ ਗਰਾਂਡ ਕੈਨਯੋਨ ਵੈਸਟ ਦਾ ਦੌਰਾ ਕਰਦੇ ਸਨ ਅਤੇ ਜ਼ਿਆਦਾਤਰ ਟੂਰ ਲਾਸ ਵੇਗਸ ਤੋਂ ਆਉਂਦੇ ਸਨ। ਇਸ ਸਥਾਨ ਤੇ ਸਕਾਈਵਾਕ ਤੋਂ ਇਲਾਵਾ, ਹੈਲੀਕਾਪਟਰ ਯਾਤਰਾ, ਘੋੜ ਸਵਾਰੀ ਅਤੇ ਇਕ ਦਿਨ ਲਈ ਕੋਲੋਰਾਡੋ ਨਦੀ ਵਿੱਚ ਵਹਾਈਟ ਵਾਟਰ ਰਾਫਟਿੰਗ ਦੀ ਵੀ ਸਹੂਲਤ ਹੈ।

# ਜੋਅ ਬਾਈਡਨ ਦੀ ਟੀਮ ਵਿਚ ਭਾਰਤੀ ਮੂਲ ਦੇ ਅਧਿਕਾਰੀ


Sonia Aggarwal will occupy the key position of Senior Advisor for Climate Policy and Innovation in the Office of the Domestic Climate Policy at the White House. She has led America's Power Plan, bringing together 200 electricity policy experts.


Vinay Reddy is Biden's pick for Director of Speechwriting. He was the Senior Advisor and Speechwriter for the Biden-Harris Campaign.


A lawyer by training, Mala Adiga has been appointed as policy director of Jill Biden, the first lady of US. Her family hails from Kakkunje village in Kundapur taluk of Udupi district.


A senior fellow at the Centre for Security and Emerging Technology at Georgetown University, Tarun Chhabra, is appointed as Senior Director for Technology and National Security.



Kashmir-born Aisha Shah is Biden's pick for Partnership Manager in the White House Office of Digital Strategy



Son of Indian immigrants, Vidur Sharma, has been appointed as Policy Advisor for Testing for the White House Covid-19 Response Team. During the Obama administration, Sharma had served as a health policy advisor on the Domestic Policy Council.


Born in India, Gautam Raghavan, has been nominated as Deputy Director in Office of Presidential Personnel. He has served as an Advisor to the Biden Foundation, and as Vice President of Policy for the Gill Foundation.


Reema Shah is Biden's pick as Deputy Associate Counsel at the Office of the White House. She had served on the debate preparation team for Joe Biden on the Biden-Harris Campaign.



A senior policy advisor under the Obama govt. Sameera Fazili will occupy the key position of Deputy Director at the US National Economic Council (NEC) in the White House.


Incoming First Lady Jill Biden has named Indian-American Garima Verma as her digital director. She has previously worked in the entertainment space, at Paramount Pictures and at The Walt Disney Company's ABC Network.


Uzra Zeya, an Indian-American diplomat who quit her State Department job in protest against Trump administration's alleged racial and sexist bias, is Biden's pick as his Under Secretary for Civilian Security, Democracy, and Human Rights.



Biden named Shanthi Kalathil as Coordinator for Democracy and Human Rights in National Security Council. As a senior director of the International Forum for Democratic Studies at the National Endowment for Democracy, her work focuses on emerging challenges to democracy.


Neha Gupta, currently an attorney in the Office of the General Counsel for the Biden-Harris Transition, has been appointed as Associate Counsel at the Office of the White House.


Biden's pick for Associate Attorney General, Vanita Gupta has had an illustrious career as a civil rights litigator, serving as head of the civil rights division of justice department under Obama govt.


Kashmir-born Aisha Shah is Biden's pick for Partnership Manager in the White House Office of Digital Strategy


Indian origin Sumona Guha has been nominated as Senior Director for South Asia. She was co-chair of the South Asia foreign policy working group on the Biden-Harris campaign.


Having served as US Surgeon General under Obama govt, Dr Vivek Murthy will co-chair Biden's COVID-19 task force. His family hails from Karnataka.


Biden's pick for the White House Deputy Press Secretary, Sabrina Singh was Press Secretary to Kamala Harris on the Biden-Harris campaign. She became the first person of Indian origin to hold that portfolio for a major party.


Gujarat-born Vedant Patel is Biden's pick for Assistant Press Secretary to the President. He has been a part of the Biden campaign and has served as Regional Communications Director.

# ਨਨਕਾਣਾ ਸਾਹਿਬ ਵਿਖੇ ਬੀਬੀ ਭਾਨੀ ਜੀ ਦੇ ਜਨਮ ਦਿਹਾੜੇ ਅਤੇ ਚਾਬੀਆਂ ਦਾ ਮੋਰਚਾ ਫ਼ਤਿਹ ਦੀ ਯਾਦ 'ਚ ਸਮਾਗਮ

**ਨਨਕਾਣਾ ਸਾਹਿਬ (ਪਾਕਿਸਤਾਨ)–** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਕਾ ਨਨਕਾਣਾ ਸ਼ਤਾਬਦੀ ਦੀ ਯਾਦ ਵਿੱਚ ਪ੍ਰੋਗਰਾਮਾਂ ਦੀ ਲੜੀ ਤਹਿਤ ਚਾਬੀਆਂ ਦਾ ਮੋਰਚੇ ਦੀ ਫਤਿਹਯਾਬੀ ਅਤੇ ਬੀਬੀ ਭਾਨੀ ਜੀ ਦੇ ਜਨਮ ਦਿਹਾੜੇ ਦੀ ਯਾਦ ੋ'ਚ ਗੁਰਮਤਿ ਸਮਾਗਮ ਸ਼ੁਰੂ ਕਰ ਦਿੱਤੇ ਗਏ ਹਨ। ਇਸ ਸਾਕੇ ਨੂੰ ਸਮਰਪਿਤ ਪਹਿਲੇ ਸਮਾਗਮ ਦੇ ਮੌਕੇ 'ਤੇ ਬੋਲਦਿਆਂ ਗਿਆਨੀ ਜਨਮ ਸਿੰਘ ਨੇ ਸੰਗਤਾਂ ਨਾਲ ਵੀਚਾਰ ਸਾਂਝੇ ਕਰਦਿਆਂ ਕਿਹਾ ਕਿ ਬੀਬੀ ਭਾਨੀ ਜੀ ਇਕ ਐਸੀ ਇਤਿਹਾਸਕ ਮੂਰਤ ਹਨ ਜਿਹੜੇ ਹਮੇਸ਼ਾਂ ਰਜ਼ਾ ਵਿਚ ਰਹੇ। ਆਪ ਜੀ ਗੁਰੂ ਪੁੱਤਰੀ, ਗੁਰੂ ਪਤਨੀ ਅਤੇ ਗੁਰੂ–ਜਨਨੀ ਹੋਣ ਅਤੇ ਗੁਰ–ਸੇਵਕ ਹੋਣ ਦੇ ਨਾਤੇ ਉਹਨਾਂ ਦੇ ਅੰਗ ਅੰਗ ਵਿਚ ਹੁਕਮ ਤੇ ਟੁਰਨਾ, ਰਜ਼ਾ ਵਿਚ ਰਹਿਣਾ ਵਸਿਆ ਹੋਇਆ ਸੀ। ੧੯ ਜਨਵਰੀ, ੧੫੩੫ ਨੂੰ ਆਪ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਮਨਸਾ ਦੇਵੀ ਜੀ ਦੀ ਕੁਖੋਂ ਬਾਸਰਕੇ ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ।। ਅਗਰ ਮਾਤਾ ਮਨਸਾ ਦੇਵੀ ਜੀ ਨੇ ਗੁਰੂ ਅਮਰਦਾਸ ਜੀ ਨੂੰ ਕਿਹਾ ਕਿ ਧੀ ਭਾਨੀ ਲਈ ਵਰ ਢੂੰਡੀਏ ਤਾਂ ਗੁਰੂ ਜੀ ਨੇ ਪੁੱਛਿਆ, ਲੜਕਾ ਕੈਸਾ ਹੋਣਾ ਚਾਹੀਦਾ ਹੈ ਤਾਂ ਮਾਤਾ ਜੀ ਨੇ ਬੀਬੀ ਭਾਨੀ ਜੀ ਦੇ ਸੇਵਾ ਵਾਲਾ ਸੁਭਾਅ ਜਾਣਦੇ ਹੋਏ ਕਿਹਾ: ਉਸ ਵਰਗਾ ਜੋ ਦਿਨ ਰਾਤ ਸੇਵਾ ਵਿਚ ਜੁਟਿਆ ਰਹਿੰਦਾ ਹੈੋ ਤਾਂ ਗੁਰੂ ਅਮਰਦਾਸ ਜੀ ਕਹਿਣ ਲੱਗੇ: ਕਰਮਾਂ ਵਾਲੀਏ, ਉਹੋ ਜਿਹਾ ਤਾਂ ਉਹੀ ਹੈੋ ਬੀਬੀ ਮਨਸਾ ਦੇਵੀ ਜੀ ਦਾ ਇਸ਼ਾਰਾ ਗੁਰੂ ਰਾਮਦਾਸ ਜੀ ਵੱਲ ਸੀ ਤੇ ਗੁਰੂ ਜੀ ਜਾਣਦੇ ਸਨ ਕਿ ਉਹਨਾਂ ਵਰਗਾ ਦੋ ਜਹਾਨਾਂ ਵਿਚ ਨਹੀਂ ਹੈ।

ਗੁਰੂ ਅਮਰਦਾਸ ਜੀ ਨੇ ਕਿਹਾ: ਮਨ ਇਛਤ ਲੜਕਾ ਮਿਲ ਗਿਆ ਇਹ ਬਚਨ ਕੋਈ ਅਚਨਚੇਤ ਜਾਂ ਸੁਭਾਵਿਕ ਹੀ ਗੁਰੂ ਜੀ ਨੇ ਨਹੀਂ ਕਹੇ। ਗੁਰੂ ਅਮਰਦਾਸ ਜੀ ਤਾਂ ਬਹੁਤ ਸਮੇਂ ਤੋ ਦੇਖ ਰਹੇ ਸਨ ਭਾਈ ਜੇਠਾ ਜੀ ਕੈਸੇ ਸਾਧੂ ਸੁਭਾ ਵਾਲੇ ਸਨ ਜੋ ਬਾਸਰਕੇ ਵਿਖੇ ਤਲਾਬ ਨੇੜੇ ਘੁੰਗਣੀਆਂ ਦੇ ਥਾਲ ਜੋ ਵੇਚਣ ਲਈ ਲਿਆਂਦੇ ਸਨ, ਤਲਾਬ ਵਿਚ ਨਹਾ ਕੇ ਆਏ ਸਾਧੂਆਂ ਨੂੰ ਹੀ ਵੰਡਦਿਆਂ ਕਰਦੇ ਸਨ।

ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ੧੯ ਫਰਵਰੀ ੧੫੫੪ ਨੂੰ ਹੋਇਆ ਅਤੇ ਆਪ ਜੀ ਗੁਰੂ ਪਿਤਾ ਦੀ ਸੇਵਾ ਕਰਕੇ, ਸੋ ਦਾਨੀ ਰਹਿ ਗਈ ਭਾਨੀ ਪਾ ਗਈ। ਬੀਬੀ ਭਾਨੀ ਜੀ ਹਮੇਸ਼ਾਂ ਰਜ਼ਾ ਵਿਚ ਰਹੇ। ਮੱਤ ਦੀ ਕੋਈ ਹੱਦ ਹੈ, ਬੰਨਾ ਹੈ ਪਰ ਰਜ਼ਾ ਦੀ ਕੋਈ ਸੀਮਾ ਨਹੀਂ। ਮੱਤ ਕਿਧਰੇ ਨਾ ਕਿਧਰੇ ਜਾ ਕੇ ਖਲੋ ਜਾਂਦੀ ਹੈ। ਰਜ਼ਾ ਸਾਰੇ ਹੱਦ–ਬੰਨੇ ਟੱਪ ਕੇ ਵਾਹਿਗੁਰੂ




ਕੋਲ ਜਾ ਕੇ ਖੜਿਆ ਕਰਦੀ ਹੈ।

ਗਿਆਨੀ ਜੀ ਕਿਹਾ ਸੰਗਤ ਸਾਧਸੰਗਤ ਜੀ, ਬੀਬੀ ਭਾਨੀ ਜੀ ਨੇ ਸਭ ਤੋਂ ਪਹਿਲਾਂ ਪੁੱਤਰ ਗੁਰੂ ਅਰਜਨ ਦੇਵ ਜੀ, ਪੰਥ, ਗਰੰਥ, ਸੰਗਤ ਤੇ ਪੰਗਤ ਦੀ ਨੀਂਹ ਪੱਕੀ ਰਵੇ, ਕੁਰਬਾਨ ਕਰਵਾਇਆ। ਫਿਰ ਪੜਪੋਤੇ, ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਦੋ ਸਾਹਿਬਜ਼ਾਦੇ ਨੀਹਾਂ ਵਿਚ ਤੇ ਦੋ ਚਮਕੌਰ ਸਾਹਿਬ ਜੂਝ ਕੇ ਕੌਮ ਜਗਾ ਗਏ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਾ ਵਾਰਿਆ। ਸਭਨਾਂ ਸਭ ਕੁਝ ਲੁਟਾ ਦਿੱਤਾ ਪਰ ਸੀ ਤਕ ਨਾ ਕੀਤੀ।

ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ, ਹੀ ਆਖਿਆ। ਹਮੇਸ਼ਾਂ 'ਤੇਰਾ ਕੀਆ ਮੀਠਾ ਲਾਗੈ ਹੀ ਮੂੰਹੋ ਉਚਾਰਿਆ। ਇਹਨਾਂ ਸਭਨਾਂ ਦਾ ਕਾਰਨ ਇਹੀ ਹੈ ਕਿ ਉਹ ਸਭ ਭਾਨੀ ਦੇ ਜਾਏ ਸਨ ਤੇ ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਉਹਨਾਂ ਦੇ ਅੰਗ ਅੰਗ ਵਿਚ ਰਸਿਆ ਹੋਇਆ ਸੀ। ਉਹਨਾਂ ਕਿਹਾ ਅੱਜ ਦਾ ਦਿਨ ਬੀਬੀਆਂ ਲਈ ਸੇਧ ਲੈਣ ਦਾ ਦਿਨ ਹੈ, ਉਹਨਾਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਬੀਬੀ ਭਾਨੀ ਜੀ ਜਦ ਵੀ ਅਸੀਸ ਦਿੰਦੇ ਸਨ ਤਾਂ ਉਮਰ ਵੱਡੀ ਹੋਣ ਦੀ ਜਾਂ ਧੀ ਪੁੱਤਰਾਂ ਦੀ ਨਹੀਂ ਸਗੋਂ ਨਾਮ ਸਿਮਰਨ, ਸੇਵਾ ਦੀ ਹੀ ਅਸੀਸ ਦੇਂਦੇ। ਅੱਜ ਵੀ ਜੇ ਹਰ ਮਾਂ ਆਪਣੇ ਬੱਚੇ ਨੂੰ ਗੋਦੀ ਵਿਚ ਲੈ ਮਾਤਾ ਭਾਨੀ ਜਿਹੀ ਅਸੀਸ ਦੇਵੇ ਤਾਂ ਸ਼ਾਇਦ ਹੀ ਕੋਈ ਐਸਾ ਬੱਚਾ ਹੋਵੇ ਜਿਸ ਨੂੰ ਸੇਵਾ ਸਿਮਰਨ ਦੇ ਅਰਥ ਸਮਝਾਣੇ ਪੈਣ। ਉਹ ਤਾਂ ਉਸ ਨੂੰ ਵਿਰਾਸਤ ਵਿਚ ਹੀ ਮਿਲ ਜਾਣਗੇ।

19 ਜਨਵਰੀ 1922 ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਭਾਰੀ ਦੀਵਾਨ ਸਜਾਇਆ ਗਿਆ ਅਤੇ ਗੋਰੀ ਸਰਕਾਰ ਦੇ ਨੁਮਾਇੰਦੇ ਵੱਲੋਂ ਤੋਸ਼ੇਖ਼ਾਨੇ ਦੀਆਂ ਚਾਬੀਆਂ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ ਗਈਆਂ ਸਨ। ਚਾਬੀਆਂ ਦਾ ਮੋਰਚਾ ਸਿੰਘਾਂ ਕਿਵੇਂ ਫ਼ਤਿਹ ਕੀਤਾ ਅਤੇ ਬਾਬਾ ਖੜਕ ਸਿੰਘ ਜੀ ਦੇ ਜੀਵਨ ਤੇ ਵੀ ਪੰਛੀ ਝਾਤ ਪਾਈ ਗਈ।




ਸਟੇਜ ਦੀ ਸੇਵਾ ਮਾਸਟਰ ਬਲਵੰਤ ਸਿੰਘ ਜੀ ਨੇ ਨਿਭਾਈ। ਆਪ ਨੇ ਸੰਗਤਾਂ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੈਰ. ਸਤਵੰਤ ਸਿੰਘ, ਸੈਰ. ਅਮੀਰ ਸਿੰਘ (ਜਰਨਲ ਸਕੱਤਰ) ਅਤੇ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਸੈਰ. ਗੋਪਾਲ ਸਿੰਘ ਚਾਵਲਾ ਵੱਲੋਂ ਬੀਬੀ ਭਾਨੀ ਜੀ ਦੇ ਜਨਮ ਦਿਹਾੜੇ ਅਤੇ ਚਾਬੀਆਂ ਦਾ ਮੋਰਚਾ ਫ਼ਤਿਹ ਦਿਵਸ ਦੀਆਂ ਵਧਾਈਆਂ ਦਿੱਤੀਆਂ।ਭਾਰਤ ਵਿਚ ਚਲ ਰਹੇ ਕਿਸਾਨ ਮੋਰਚੇ ਦੇ ਸਮੂਹ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ ਅਤੇ ਕਿਸਾਨ ਮੋਰਚੇ ਦੀ ਫਤਿਹਯਾਬੀ ਲਈ ਅਰਦਾਸ ਤੋਂ ਉਪਰੰਤ ਹੁਕਮਨਾਮਾ ਸਾਹਿਬ ਦੀ ਸੇਵਾ ਭਾਈ ਹਰਿਮੰਦਰ ਸਿੰਘ ਜੀ ਵੱਲੋਂ ਕੀਤੀ ਗਈ।

**–ਬਾਬਰ ਜਲੰਧਰੀ**

# ਗਣਤੰਤਰ ਦਿਵਸ ਪਰੇਡ: ਝਾਕੀਆਂ, ਹਵਾਈ ਕਰਤੱਬਾਂ, ਫੌਜੀ ਦਸਤਿਆਂ ਦਾ ਵੱਡਾ ਮਾਰਚ

**ਨਵੀਂ ਦਿੱਲੀ (ਬਿਊਰੋ)–** ਗਣਤੰਤਰ ਦਿਵਸ ਗਣਤੰਤਰ ਦਿਵਸ ਪਰੇਡ ਦੌਰਾਨ ਰਾਜਪਥ 'ਤੇ ਕੁੱਲ 17 ਰਾਜਾਂ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੀਆਂ ਝਾਕੀਆਂ ਕੱਢੀਆਂ ਗਈਆਂ। ਇਹਨਾਂ ਵਿੱਚ ਦੇਸ਼ ਦੇ ਸਮਾਜਿਕ, ਧਾਰਮਿਕ ਤੇ ਵਿਰਾਸਤੀ ਦੀਦਾਰ ਕਰਵਾਏ ਗਏ। ਲੋਕਾਂ ਨੇ ਇਹਨਾਂ ਨੂੰ ਬੜੀ ਨੀਝ ਲਗਾ ਦੇ ਦੇਖਿਆ। ਕਰੋਨਾ ਦੇ ਮੱਦੇਨਜ਼ਰ ਸਰਕਾਰ ਪਰੇਡ ਦੇਖਣ





ਲਈ ਪਾਸ ਤੇ ਟਿਕਟਾਂ ਜਾਰੀ ਕੀਤੀਆਂ ਸਨ। ਪਰੇਡ ਦੌਰਾਨ ਸਮਾਜਿਕ ਦੂਰੀ ਦੀ ਪਾਲਣਾ ਕੀਤੀ ਗਈ ਤੇ ਕੋਵਿਡ–19 ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ। ਪਰੇਡ ਦੌਰਾਨ ਹਵਾਈ ਜਹਾਜ਼ਾਂ ਦੇ ਕਰਤੱਬਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਫੌਜੀ, ਪੁਲੀਸ ਤੇ ਨੀਮ ਫੌਜੀ ਦਸਤਿਆਂ ਦਾ ਮਾਰਚ ਦੇਖਣ ਯੋਗ ਸੀ। ਰੰਗ ਬਿਰੰਗੀਆਂ ਪੁਸ਼ਾਕਾਂ ਵਿੱਚ ਲੋਕ ਨਾਚ ਦਿਲ

# ਕਿਸਾਨ ਅੰਦੋਲਨ ਗੱਲਬਾਤ ਦਾ ਸਿਲਸਿਲਾ ਟੁੱਟਣਾ ਨੈਤਿਕ ਤੌਰ ਤੇ ਸਰਕਾਰ ਦੀ ਕਾਰਗੁਜ਼ਾਰੀ ਦੀ ਵੱਡੀ ਅਸਫਲਤਾ

## ਪੰਜਾਬ ਭਰ ਤੋਂ ਗਾਇਕਾਂ ਤੇ ਗੀਤਕਾਰਾਂ ਨਾਲ ਪਲੇਠੀ ਮੀਟਿੰਗ ਕਰਕੇ ਪਾਰਟੀ ਸਮਰਥਨ ਮਜ਼ਬੂਤ ਕਰਨ ਲਈ ਵਿਚਾਰਾਂ ਕੀਤੀਆਂ







**ਜਲੰਧਰ (ਬਿਊਰੋ)–** ਬਸਪਾ ਪੰਜਾਬ ਵੱਲੋਂ ਅੱਜ ਪਾਰਟੀ ਦੇ ਮਿਸ਼ਨਰੀ ਤੇ ਸਮਰਥਕ ਗਾਇਕਾਂ ਤੇ ਗੀਤਕਾਰਾਂ ਦੀ ਅਹਿਮ ਮੀਟਿੰਗ ਮੁੱਖ ਦਫ਼ਤਰ ਜਲੰਧਰ ਵਿਖੇ ਬੁਲਾਈ ਗਈ ਜਿਸ ਵਿੱਚ ਬਸਪਾ ਨੂੰ ਮਜ਼ਬੂਤ ਕਰਨ ਹਿਤ ਚਾਰ ਘੰਟੇ ਤੋਂ ਜਿਆਦਾ ਵਿਚਾਰਾਂ ਹੋਈਆਂ। ਇਸ ਮੌਕੇ ਬੋਲਦਿਆਂ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ 26 ਜਨਵਰੀ ਨੂੰ ਕਿਸਾਨਾਂ ਵਲੋਂ ਦਿੱਲੀ ਟਰੈਕਟਰ ਪਰੇਡ ਦੀ ਹਮਾਇਤ ਕਰਦਿਆਂ ਬਸਪਾ ਪੰਜਾਬ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਮੋਦੀ ਸਰਕਾਰ ਕਈ ਮਹੀਨਿਆਂ ਤੋਂ ਕਿਸਾਨਾਂ ਦਾ ਮਸਲਾ ਲਟਕਾ ਕੇ ਉਹਨਾਂ ਉਪਰ ਦੇਸ਼ ਵਿਰੋਧ ਦੇ ਝੂਠੇ ਦੋਸ਼ ਲਗਾਕੇ ਤੇ ਝੂਠੇ ਕੇਸਾਂ ਵਿਚ ਫਸਾਉਣ ਦੀਆਂ ਧਮਕੀਆਂ ਦੇ ਕੇ ਸੰਵਿਧਾਨ, ਜਮਹੂਰੀਅਤ ਤੇ ਮਨੁੱਖੀ ਅਧਿਕਾਰਾਂ ਦਾ ਅਪਮਾਨ ਕਰ ਰਹੀ ਹੈ। ਸ. ਗੜੀ ਨੇ ਕਿਹਾ ਕਿ ਅੰਦੋਲਨਕਾਰੀ ਕਿਸਾਨ ਆਗੂਆਂ ਤੇ ਸਰਕਾਰ ਵਿਚਕਾਰ ਗਿਆਰਾਂ ਗੇੜ ਦੀ ਗੱਲਬਾਤ ਵੀ ਕਿਸੇ ਤਣ–ਪੱਤਣ ਨਾ ਲੱਗਣ ਦਾ ਕਾਰਣ ਮੋਦੀ ਸਰਕਾਰ ਦਾ ਹੰਕਾਰੀ ਰਵੱਈਆ ਤੇ ਭਾਜਪਾ ਸਰਕਾਰ ਵਲੋਂ ਕਾਰਪੋਰੇਟ ਸੈਕਟਰ ਦਾ ਪਿੱਛਲੱਗੂਪਣ ਹੈ। ਉਹਨਾਂ ਕਿਹਾ ਕਿ ਕਿਸਾਨਾਂ ਵਿਚ ਵੱਡੀ ਪੱਧਰ 'ਤੇ ਭਾਜਪਾ ਪ੍ਰਤੀ ਫੈਲਿਆ ਰੋਸ ਤੇ ਜੋਸ਼ ਦਿੱਲੀ ਦੇ ਸਿੰਘੂ, ਟਿੱਕਰੀ, ਗਾਜ਼ੀਪੁਰ ਅਤੇ ਹੋਰ ਥਾਂਵਾਂ 'ਤੇ ਬੈਠੇ ਕਿਸਾਨਾਂ ਦੇ ਨਾਲ ਨਾਲ ਦੇਸ਼ ਵਿਚ ਥਾਂ ਥਾਂ 'ਤੇ ਹੋ ਰਹੇ ਕਿਸਾਨਾਂ ਦੇ ਮੁਜ਼ਾਹਰਿਆਂ ਤੋਂ ਉਜਾਗਰ ਹੁੰਦਾ ਹੈ। ਹਕੀਕਤ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਨੂੰ ਛੱਡ ਕੇ ਦੂਸਰੇ ਸੂਬਿਆਂ ਦੇ ਕਿਸਾਨਾਂ ਵਿਚ ਘੱਟੋ–ਘੱਟ ਸਮਰਥਨ ਮੁੱਲ ਬਾਰੇ ਜਾਗਰੂਕਤਾ ਹੁਣ ਆਉਣ ਲੱਗੀ ਹੈ। ਸ ਗੜੀ ਨੇ ਕੇਂਦਰੀ ਖੇਤੀ ਮੰਤਰੀ ਦੇ ਕਿਸਾਨਾਂ ਨੂੰ ਬਦਨਾਮ ਕਰਨ ਵਾਲੇ ਉਸ ਬਿਆਨ ਦੀ ਨਿਖੇਧੀ ਕੀਤੀ ਕਿ ਕੁਝ ਵਿਦੇਸ਼ੀ ਤਾਕਤਾਂ ਆਪਣੇ ਨਿੱਜੀ ਅਤੇ ਸਿਆਸੀ ਮੰਤਵਾਂ ਲਈ ਅੰਦੋਲਨ ਪੱਕੇ ਤੌਰ 'ਤੇ ਜਾਰੀ ਰੱਖਣਾ ਚਾਹੁੰਦੀਆਂ ਹਨ। ਸ ਗੜੀ ਨੇ ਕਿਹਾ ਕਿ ਕੇਂਦਰੀ ਮੰਤਰੀ ਦਾ ਇਹ ਬਿਆਨ ਕਿਸਾਨ ਤੇ ਕਿਰਤੀਆਂ ਨੂੰ ਬਦਨਾਮ ਕਰਨ ਵਾਲਾ ਤੇ ਗੈਰ ਜਿੰਮੇਵਾਰਾਨਾ ਹੈ। ਉਹਨਾਂ ਕਿਹਾ ਕਿ ਕਿਸਾਨ ਮੋਰਚੇ ਵਿਚੋਂ ਸਰਕਾਰੀ ਹਿੰਸਕ ਅਪਰਾਧੀਆਂ ਦਾ ਕਿਸਾਨਾਂ ਵਲੋਂ ਦਬੋਚ ਕੇ ਪੁਲੀਸ ਹਵਾਲੇ ਕਰਨਾ ਇਸ ਗਲ ਦਾ ਸਬੂਤ ਹੈ ਕਿ ਮੋਦੀ ਭਾਜਪਾ ਸਰਕਾਰ ਮਨੁੱਖੀ ਅਧਿਕਾਰਾਂ ਤੇ ਸੰਵਿਧਾਨਿਕ ਹੱਕਾਂ ਦੀ ਉਲੰਘਣਾ ਕਰ ਰਹੀ ਹੈ। ਭਾਜਪਾ ਸਰਕਾਰ ਵੱਲੋਂ ਚਾਣਕਿਆ ਨੀਤੀ ਤਹਿਤ ਇਹ ਝੂਠ ਬੋਲਿਆ ਜਾ ਰਿਹਾ ਕਿ ਇਸ ਮੋਰਚੇ ਵਿਚ ਦੇਸ ਵਿਰੋਧੀ ਅਨਸਰਾਂ ਦੀ ਘੁਸਪੈਠ ਹੈ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਦੇਸ ਵਿਰੋਧੀ ਕਹਿਕੇ ਬਦਨਾਮ ਕਰਨਾ ਤੇ ਗੱਲਬਾਤ ਦਾ ਸਿਲਸਿਲਾ ਤੋੜਨਾ ਨੈਤਿਕ ਅਤੇ ਸਿਆਸੀ ਦੋਹਾਂ ਪੱਖਾਂ ਤੋਂ ਮੋਦੀ ਸਰਕਾਰ ਦਾ ਜਿੱਥੇ ਗ਼ਲਤ ਫੈਸਲਾ ਹੈ ਉਥੇ ਹੀ ਸਰਕਾਰ ਦੀ ਕਾਰਗੁਜ਼ਾਰੀ ਦੀ ਵੱਡੀ ਅਸਫਲਤਾ ਹੈ। ਸਰਕਾਰ ਨੂੰ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ ਅਤੇ ਕਾਲੇ ਖੇਤੀ ਕਨੂੰਨ ਰੱਦ ਹੋਣ ਤੇ ਜਿਣਸਾਂ ਦਾ ਸਮਰਥਨ ਮੁੱਲ ਦਿੱਤਾ ਜਾਵੇ।

ਉਹਨਾਂ ਕਿਹਾ ਕਿ ਪਿਛਲੇ ਸੱਤਾਂ ਸਾਲਾਂ ਦਾ ਲੇਖਾ–ਜੋਖਾ ਕੀਤਾ ਜਾਵੇ ਤਾਂ ਮੋਦੀ ਸਰਕਾਰ ਨੇ ਸਿਰਫ਼ ਤੇ ਸਿਰਫ਼ ਕਾਰਪੋਰੇਟਾਂ ਨੂੰ ਲਾਭ ਦੇ ਰਹੀ ਹੈ ਤੇ ਕਿਰਤੀਆਂ ਦਾ ਘਾਣ ਕਰ ਰਹੀ ਹੈ। ਦੇਸ਼ ਦੇ ਸਮੁੱਚੇ ਖੇਤੀ ਖੇਤਰ ਨੂੰ ਆਪਣੇ ਚਹੇਤੇ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ।

ਇਸ ਮੌਕੇ ਮੁੱਖ ਪ੍ਰਬੰਧਕ ਤੇ ਸਟੇਜ ਚਲਾ ਰਹੇ ਸ਼ੈਰੀ ਗਾਇਕ ਰੂਪ ਲਾਲ ਧੀਰ ਤੋਂ ਇਲਾਵਾ ਹਾਜ਼ਰੀਨ ਵਿਚ ਲੇਖਕ ਸਤਪਾਲ ਸਾਹਲੋਂ, ਗੀਤਕਾਰ ਸ਼ੈਰੀ ਰੱਤੂ ਰੰਧਾਵਾ, ਗਾਇਕ ਹਰਨਾਮ ਸਿੰਘ ਬਹਿਲਪੁਰੀ, ਗਾਇਕ ਬਲਵਿੰਦਰ ਬਿਟੂ, ਗਾਇਕ ਵਿੱਕੀ ਬਹਾਦਰਕੇ, ਗਾਇਕ ਜੋਗਿੰਦਰ ਦੁਖੀਆਂ, ਗਾਇਕਾ ਮਨੀ ਮਾਲਵਾ, ਗਾਇਕਾ ਪੂਨਮ ਬਾਲਾ, ਗਾਇਕਾ ਪੈਰੇਮ ਲਤਾ, ਗਾਇਕਾ ਪੈਰੀਆ ਬੰਗਾ, ਗਾਇਕਾ ਰਾਣੀ ਅਰਮਾਨ, ਗਾਇਕਾ ਰੰਝਣਾ ਰੰਝਪਾਲ ਢਿੱਲੋਂ, ਗਾਇਕ ਰਮੇਸ਼ ਚੌਹਾਨ, ਗਾਇਕ ਕਮਲ ਤੱਲਣ, ਗਾਇਕ ਨਿਰਮਲ ਨਿੰਮਾ, ਗਾਇਕ ਰਣਜੀਤ, ਸੁਰਿੰਦਰ ਬੱਬੂ, ਰੇਖਾ ਫਗਵਾੜਾ, ਗੀਤਕਾਰ ਪੰਛੀ ਡੱਲੇਵਾਲੀਆ, ਗਾਇਕ ਕੁਲਦੀਪ ਚੁੰਬਰ, ਗਾਇਕ ਮਨਜੀਤ ਸੋਨੂੰ, ਗਾਇਕ ਮਲਕੀਤ ਬਬੇਲੀ, ਗਾਇਕ ਕਰਨੈਲ ਦਰਦੀ, ਲੇਖਕ ਮਹਿੰਦਰ ਸੰਧੂ, ਗਾਇਕ ਮਨਵੀਰ ਰਾਣਾ, ਲੇਖਕ ਕੇਵਲ ਬੁਰਜ, ਲੇਖਕ ਬੰਗੜ ਰਾਏਪੁਰੀ, ਲੇਖਕਾ ਪੰਮੀ ਰੁੜਕਾ, ਬਾਬਾ ਅਮਰਜੀਤ ਰਵਿਦਾਸੀਆ, ਗਾਇਕ ਰਣਜੀਤ ਰੰਧਾਵਾ, ਪਰਮਜੀਤ ਮੱਲ ਸੂਬਾ ਖਜਾਨਚੀ, ਵਿਜਯ ਯਾਦਵ ਜਿਲਾ ਪ੍ਰਧਾਨ, ਯੂਥ ਆਗੂ ਮਨੀ ਸਹੋਤਾ ਆਦਿ ਸਾਥੀ ਹਾਜ਼ਰ ਸਨ।

# ਲੋਕ- ਜਮੂਹੀਅਤ ਲਈ ਸਮਾਜ ਅੱਗੇ ਆਵੇ- ਵਕੀਲ ਰਾਜਿੰਦਰ ਸਿੰਘ ਚੀਮਾ

## ਕਾਨੂੰਨ ਰੱਦ ਕਰਾਉਣ ਲਈ ਸੰਘਰਸ਼ ਹੱਕੀ ਹੈ- ਡਾ.ਸੁਖਪਾਲ






**ਜਲੰਧਰ–** 'ਕਾਲ਼ੇ ਖੇਤੀ ਕਾਨੂੰਨ ਅਤੇ ਲੋਕ ਸੰਘਰਸ਼' ਵਿਸ਼ੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤੀ ਗੰਭੀਰ ਵਿਚਾਰ–ਚਰਚਾ ਨੇ ਇਹ ਪੱਖ ਉਭਾਰਿਆ ਕਿ ਜੇ ਕੇਂਦਰੀ ਭਾਜਪਾ ਹਕੂਮਤ ਦੇਸੀ–ਬਦੇਸੀ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ ਦੇਸ਼–ਵਿਰੋਧੀ ਕਾਨੂੰਨ ਧੱਕੇ ਨਾਲ ਮੜ੍ਹਨ ਲਈ ਬਜ਼ਿਦ ਹੈ। ਜਦ ਕਿ ਕਾਨੂੰਨ ਰੱਦ ਕਰਾਉਣ ਲਈ ਉੱਠੇ ਜਨ–ਅੰਦੋਲਨ ਵੱਲੋਂ ਮੋਰਚਾ ਫਤਿਹ ਕਰਨ ਤੋਂ ਬਿਨ੍ਹਾਂ ਪੈਰ ਪਿੱਛੇ ਨਾ ਪੁੱਟਣਾ ਬਿਲਕੁਲ ਜਾਇਜ਼ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਦੋਵੇਂ ਮੁੱਖ ਬੁਲਾਰੇ ਰਾਜਿੰਦਰ ਸਿੰਘ ਚੀਮਾ (ਸੀਨੀਅਰ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈਕੋਰਟ) ਅਤੇ ਡਾ. ਸੁਖਪਾਲ ਸਿੰਘ (ਪੰਜਾਬੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਵਿਚਾਰ–ਚਰਚਾ ਮੌਕੇ ਮੰਚ 'ਤੇ ਸਸ਼ੋਭਤ ਸਨ। ਡਾ. ਪਰਮਿੰਦਰ ਸਿੰਘ ਨੇ ਵਿਚਾਰ–ਚਰਚਾ ਦੇ ਸਾਰ–ਤੱਤ ਉਪਰ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਕਾਲ਼ੇ ਖੇਤੀ ਕਾਨੂੰਨਾਂ ਨੂੰ ਇਤਿਹਾਸਕ ਝਰੋਖੇ ਵਿਚੀਂ ਦੇਖਦੇ ਹੋਏ ਇਸਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਦੇ ਭਵਿੱਖ਼–ਮੁਖੀ ਸੁਲੱਖਣੇ ਲੋਕ–ਸੰਗਰਾਮ ਦੇ ਵਰਤਾਰੇ ਵਜੋਂ ਦੇਖ ਰਹੀ ਹੈ।

ਡਾ. ਸੁਖਪਾਲ ਨੇ ਕਿਹਾ ਕਿ ਧੱਕੇ ਨਾਲ ਕਿਸਾਨੀ ਦਾ ਫਾਇਦਾ ਕਰਨ ਦੇ ਨਾਂਅ ਹੇਠ ਜ਼ਬਰੀ ਕਾਨੂੰਨ ਠੋਸਣ ਖਿਲਾਫ਼ ਉੱਠਿਆ ਲੋਕ–ਰੋਹ, ਜਾਇਜ਼ ਅਤੇ ਹੱਕੀ ਹੈ। ਸਾਡੇ ਖੋਜਕਾਰਾਂ, ਇਤਿਹਾਸਕਾਰਾਂ, ਸਮਾਜ ਸਾਸ਼ਤਰੀ, ਵਿਗਿਆਨੀਆਂ ਨੂੰ ਦਿੱਲੀ ਮੋਰਚੇ ਅੰਦਰ ਧੜਕਦੀ ਜ਼ਿੰਦਗੀ ਤੋਂ ਸਿੱਖਣ ਦੀ ਲੋੜ ਹੈ।

ਉਹਨਾਂ ਕਿਹਾ ਕਿ ਮੁਲਕ ਦੇ ਲੋਕਾਂ ਨੂੰ ਚੌਤਰਫ਼ੇ ਆਰਥਕ, ਸਮਾਜਕ ਸੰਕਟ ਵਿੱਚ ਧੱਕਣ ਅਤੇ ਮੁੱਠੀ ਭਰ ਕਾਰਪੋਰਟਾਂ ਦੀ ਲੁੱਟ ਦੇ ਅੰਬਾਰ ਲਾਉਣ ਦੀਆਂ ਨੀਤੀਆਂ ਖਿਲਾਫ਼ ਚੱਲ ਰਿਹਾ ਸੰਘਰਸ਼, ਲੁੱਟ, ਅਨਿਆਂ, ਜ਼ਬਰ ਰਹਿਤ ਅਤੇ ਧਰਤੀ 'ਤੇ ਸਵਰਗ ਸਿਰਜਣ ਦਾ ਪ੍ਰਵੇਸ਼–ਦੁਆਰ ਹੈ। ਪੰਜਾਬ–ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਰਾਜਿੰਦਰ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੇ ਕਾਨੂੰਨ ਕਿਸਾਨਾਂ, ਮਜ਼ਦੂਰਾਂ ਦੀ ਮੌਤ ਦੇ ਵਰੰਟ ਹਨ, ਇਸ ਕਰਕੇ ਕਿਸਾਨਾਂ ਦਾ ਇਹ ਮੌਲਿਕ ਜਮਹੂਰੀ ਹੱਕ ਹੈ ਕਿ ਉਹ ਅਜੇਹੇ ਕਾਨੂੰਨ ਰੱਦ ਕਰਾਉਣ ਲਈ ਡਟਕੇ ਸੰਘਰਸ਼ ਦੇ ਮੈਦਾਨ 'ਚ ਡਟੇ ਰਹਿਣ। ਉਹਨਾਂ ਕਿਹਾ ਕਿ ਮੁਲਕ ਦੇ ਕਿਰਤੀ–ਕਿਸਾਨ ਅਸਲ 'ਚ ਜਮਹੂਰੀਅਤ ਭਰੇ ਸਿਹਤਮੰਦ ਸਮਾਜ ਦੀ ਜੱਦੋ ਜਹਿਦ ਲੜ ਰਹੇ ਹਨ, ਜਦੋਂ ਕਿ ਸੰਵਿਧਾਨ, ਕਾਨੂੰਨ ਦੇ ਰਾਖੇ ਹੋਣ ਦੇ ਦਾਅਵੇਦਾਰ ਅਖਵਾਉਣ ਵਾਲੇ ਹੁਕਮਰਾਨਾਂ ਕੋਲੋਂ ਜਮਹੂਰੀਅਤ ਨੂੰ ਗੰਭੀਰ ਖ਼ਤਰਾ ਹੈ। ਜੀਵਨ ਦੀਆਂ ਮੁੱਢਲੀਆਂ ਅਤੇ ਬੁਨਿਆਦੀ ਲੋੜਾਂ ਦੇ ਦਾਇਰੇ ਵਿਚੋਂ ਅਨਾਜ ਨੂੰ ਬਾਹਰ ਕੱਢਕੇ ਜਮ੍ਹਾਂਖੋਰੀ ਦਾ ਕਾਰਪੋਰੇਟ ਨੂੰ ਕਾਨੂੰਨੀ ਲਾਇਸੰਸ ਮੁਹੱਈਆ ਕਰਨਾ ਅਤੇ ਦੂਜੇ ਪਾਸੇ ਸਮਾਜ ਦੇ ਸਿਰਜਕਾਂ ਨੂੰ ਮੌਤ ਦੇ ਅੰਨ੍ਹੇ ਖੂਹ ਵਿੱਚ ਸੁੱਟਣ ਦਾ ਅਪਰਾਧਜਨਕ ਕਾਨੂੰਨ ਮੜ੍ਹਨਾ ਹੈ। ਸੀਨੀਅਰ ਵਕੀਲ ਰਾਜਿੰਦਰ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਹਿੰਦੂ ਫ਼ਿਰਕੂ ਫਾਸ਼ੀਵਾਦੀ ਰਾਜ ਸਥਾਪਤ ਕਰਨ ਦੀ ਅੰਨ੍ਹੀ ਦੌੜ ਦੌੜਦੀ ਹੋਈ ਗ਼ਦਰ, ਕਿਰਤੀ ਅਤੇ ਨੌਜਵਾਨ ਭਾਰਤ ਸਭਾ ਲਹਿਰ ਦੀ ਸਾਂਝੀ ਕੁਰਬਾਨੀਆਂ ਭਰੀ ਸ਼ਾਨਾਮੱਤੀ ਵਿਰਾਸਤ ਦਾ ਅਪਮਾਨ ਕਰਨਾ ਹੈ।

ਗੋਦੀ ਮੀਡੀਆ ਨੂੰ ਲੰਮੇ ਹੱਥੀਂ ਲੈਂਦਿਆਂ ਵਕੀਲ ਚੀਮਾ ਨੇ ਕਿਹਾ ਕਿ ਅਜ਼ਾਰੇਦਾਰ ਘਰਾਣਿਆਂ ਦੀ ਬੋਲੀ ਬੋਲਦਾ ਮੀਡੀਆ ਲੋਕਾਂ ਨਾਲ ਧ੍ਰੋਹ ਕਮਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਬੁੱਧੀਜੀਵੀ ਵਰਗ ਵੱਲੋਂ ਕਿਸਾਨੀ ਸੰਘਰਸ਼ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੇ ਹਉਮੈਂ 'ਚ ਮਦਹੋਸ਼ ਕੇਂਦਰੀ ਭਾਜਪਾ ਹੁਕਮਰਾਨਾ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਸਾਡੇ ਲਈ ਡਾਢਿਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਨ ਦਾ ਅਧਿਕਾਰ ਬਹਾਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦ੍ਰਿਸ਼ਟੀ ਤੋਂ ਘੋਖਿਆਂ ਅਤੇ ਮੁਲਅੰਕਣ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਨੈਤਿਕ ਤੌਰ 'ਤੇ ਕਿਸਾਨਾਂ ਨੇ ਮੋਰਚਾ ਜਿੱਤ ਲਿਆ ਹੈ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਉਪਰ ਕਰਾਰੀ ਸੱਟ ਮਾਰਨ ਵਾਲੇ ਅਜੋਕੇ ਅੰਦੋਲਨ ਦੇ ਅਮੀਰ ਮੁੱਲਾਂ ਨੂੰ ਵਡਿਆਉਂਦਿਆਂ ਵਕੀਲ ਚੀਮਾ ਨੇ ਕਿਹਾ ਕਿ ਲੋਕਾਂ ਨੇ ਆਪਣੇ–ਪਰਾਏ ਦੀ ਨਿਰਖ਼ ਕਰਨ ਦਾ ਇਮਤਿਹਾਨ ਅਵੱਲ ਦਰਜੇ 'ਚ ਪਾਸ ਕਰ ਲਿਆ ਹੈ। ਹਾਕਮ ਜਮਾਤੀ ਪੱਖੀ ਚੋਣ–ਪ੍ਰਣਾਲੀ ਉੱਪਰ ਤਿੱਖੀ ਚੋਟ ਕਰਦਿਆਂ ਸੀਨੀਅਰ ਵਕੀਲ ਨੇ ਕਿਹਾ ਕਿ ਜਮਹੂਰੀਅਤ ਜੋਰਾਵਰਾਂ ਨੇ ਅਗਵਾ ਕਰ ਲਈ ਹੈ ਇਸ ਲਈ ਹਕੀਕੀ ਜਮਹੂਰੀਅਤ ਦੀਆਂ ਨੀਹਾਂ ਅਤੇ ਇਮਾਰਤ ਪੱਕੀ ਕਰਨ ਲਈ ਲੋਕਾਂ ਨੂੰ ਖ਼ੁਦ ਲੋਕ–ਜਮਹੂਰੀਅਤ ਮਜ਼ਬੂਤ ਕਰਨ ਲਈ ਲੰਮਾ ਦਮ ਰੱਖਵੇਂ ਸੰਘਰਸ਼ ਦੇ ਰਾਹ ਅੱਗੇ ਵਧਣਾ ਪਵੇਗਾ।

ਵਿਚਾਰ–ਚਰਚਾ 'ਚ ਮਤੇ ਪਾਸ ਕੀਤੇ ਗਏ ਕਿ ਐਨ.ਆਈ.ਏ. ਵੱਲੋਂ ਲੋਕਾਂ ਨੂੰ ਕੇਸਾਂ 'ਚ ਫਸਾਉਣ ਅਤੇ ਸੂਬਿਆਂ ਅੰਦਰ ਸਿੱਧੀ ਦਖਲਅੰਦਾਜ਼ੀ ਕਰਨਾ ਬੰਦ ਕੀਤਾ ਜਾਏ। ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਜਮਹੂਰੀ ਕਾਮਿਆਂ ਨੂੰ ਬਿਨ੍ਹਾਂ ਸ਼ਰਤ ਫੌਰੀ ਰਿਹਾਅ ਕੀਤਾ ਜਾਏ। ਖੇਤੀ ਅਤੇ ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਉੱਠੇ ਸੰਘਰਸ਼ ਦੀ ਹਮਾਇਤ ਕਰਦਿਆਂ ਮੰਗ ਕੀਤੀ ਗਈ ਕਿ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਰੱਦ ਕੀਤੇ ਜਾਣ। ਆਈ.ਐਮ.ਐਫ਼. ਵੱਲੋਂ ਕਾਨੂੰਨਾਂ ਦੀ ਬੇਸ਼ਰਮੀ ਭਰੀ ਹਮਾਇਤ ਕਰਨ ਦੀ ਤਿੱਖੀ ਆਲੋਚਨਾ ਦਾ ਵੀ ਮਤਾ ਪਾਸ ਕੀਤਾ ਗਿਆ। ਦੋਵੇਂ ਮੁੱਖ ਬੁਲਾਰਿਆਂ ਨੂੰ ਕਿਤਾਬਾਂ ਦੇ ਸੈਟ ਭੇਂਟ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਨਮਾਨਤ ਕੀਤਾ। ਇਸ ਮੌਕੇ ਅਹੁਦੇਦਾਰਾਂ ਤੋਂ ਇਲਾਵਾ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ, ਹਰਮੇਸ਼ ਮਾਲੜੀ, ਵਿਜੈ ਬੰਬੇਲੀ ਅਤੇ ਪ੍ਰੋ. ਗੋਪਾਲ ਬੁੱਟਰ ਵੀ ਮੌਜੂਦ ਸਨ। ਸਮਾਗਮ 'ਤੇ ਸਮੇਟਵੀਂ ਟਿੱਪਣੀ ਅਤੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਦੋਵੇਂ ਬੁਲਾਰਿਆਂ ਦੇ ਅਮੁੱਲੇ ਵਿਚਾਰਾਂ ਨੂੰ ਲੜ ਬੰਨ੍ਹ ਦੇ ਹੋਏ ਸਾਨੂੰ ਚੱਲ ਰਹੇ ਅੰਦੋਲਨ ਤੋਂ ਸਿੱਖਣ ਅਤੇ ਇਸਨੂੰ ਭਰਵਾਂ ਸਮਰਥਨ ਦੇਣ ਲਈ ਅੱਗੇ ਆਉਣ ਦੀ ਲੋੜ ਹੈ। ਸਮਾਗਮ 'ਚ ਖੜ੍ਹੇ ਹੋ ਕੇ ਕਾਲ਼ੇ ਕਾਨੂੰਨ ਵਿਰੋਧੀ ਸੰਘਰਸ਼ ਦੌਰਾਨ ਜਾਨ ਵਾਰਨ ਵਾਲਿਆਂ ਨੂੰ ਯਾਦ ਕਰਦਿਆਂ ਸ਼ਰਧਾਂਜ਼ਲੀ ਦਿੱਤੀ ਗਈ ਅਤੇ ਸੀਨੀਅਰ ਪੱਤਰਕਾਰ, ਲੇਖਕ ਮਨੋਹਰ ਲਾਲ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਨੇ ਵਿਚਾਰ–ਚਰਚਾ ਦੌਰਾਨ ਮੰਚ ਸੰਚਾਲਨ ਕੀਤਾ।


Golden State Truck Sales Inc.



ਟਰੱਕ–ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

Dharminder Singh

## ਨਿਊਜ਼ੀਲੈਂਡ ਖਬਰਨਾਮਾ / ਹਰਜਿੰਦਰ ਸਿੰਘ ਬਸਿਆਲਾ

# ਔਕਲੈਂਡ ਅਤੇ ਵਲਿੰਗਟਨ ਵਿਖੇ ਹਾਈ ਕਮਿਸ਼ਨ ਵੱਲੋਂ ਗਣਤੰਤਰ ਦਿਵਸ ਮੌਕੇ ਤਿਰੰਗਾ ਝੰਡਾ ਲਹਿਰਾਇਆ









**ਆਕਲੈਂਡ–** ਭਾਰਤ ਦੇ ਇਤਿਹਾਸ ਦਿਨ 26 ਜਨਵਰੀ (ਗਣਤੰਤਰ ਦਿਵਸ) ਨੂੰ ਸਭ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਵਿਚ ਮਨਾਇਆ ਗਿਆ। ਜਿਸ ਵੇਲੇ ਭਾਰਤ ਦੇ ਵਿਚ ਅੱਜ ਮੰਗਲਵਾਰ ਚੜ੍ਹਨ ਤੋਂ ਬਾਅਦ ਸਿਰਫ 12.45 ਕੁ ਵਜੇ ਸਨ ਤਾਂ ਨਿਊਜ਼ੀਲੈਂਡ ਦੇ ਵਿਚ ਮੰਗਲਵਾਰ ਦੇ ਸਵੇਰੇ ਦੇ 8.15 ਹੋ ਚੁੱਕੇ ਸਨ।

ਇਸ ਵੇਲੇ ਔਕਲੈਂਡ ਦੇ ਆਨਰੇਰੀ ਕੌਂਸਿਲ ਸ੍ਰੀ ਭਵਦੀਪ ਸਿੰਘ ਢਿੱਲੋਂ ਦੀ ਰਿਹਾਇਸ਼ ਵਿਖੇ ਗਣਤੰਤਰ ਦਿਵਸ ਦੇ ਸਬੰਧ ਵਿਚ ਇਕ ਸਮਾਗਮ ਹੋ ਰਿਹਾ ਸੀ। ਸਭ ਤੋਂ ਪਹਿਲਾਂ ਭਾਰਤ ਦਾ ਤਿੰਰਗਾ ਝੰਡਾ ਲਹਿਰਾਇਆ ਗਿਆ। ਫਿਰ ਰਾਸ਼ਟਰੀ ਗੀਤ 'ਜਨ ਗਨ ਮਨ' ਵੀ ਸਮੂਹਿਰ ਰੂਪ ਵਿਚ ਗਾਇਨ ਕੀਤਾ ਗਿਆ। ਭਾਰਤ ਮਾਤਾ ਜੈ, ਵੰਦੇ-ਮਾਤਰਮ ਅਤੇ ਜੈ ਹਿੰਦ ਦੇ ਨਾਅਰੇ ਲਾਏ ਗਏ। ਇਸ ਤੋਂ ਬਾਅਦ ਇਕ ਛੋਟਾ ਸਮਾਗਮ ਰੱਖਿਆ ਗਿਆ ਸੀ, ਜਿਸ ਦੇ ਵਿਚ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ।

ਇਸ ਦੀ ਸ਼ੁਰੂਆਤ ਸ. ਸੁਰਜੀਤ ਸਿੰਘ ਸੱਚਦੇਵਾ ਨੇ ਦੋ ਦੇਸ਼ ਭਗਤੀ ਦੇ ਗੀਤ ਗਾ ਕੇ ਕੀਤੀ। ਇਸ ਮੌਕੇ ਸ੍ਰੀ ਭਵਦੀਪ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ ਦੇ ਵਿਚ ਭਾਰਤ ਦੇ ਅੰਗਰੇਜ਼ ਕਾਲ ਤੋਂ ਲੈ ਕੇ ਸੰਵਿਧਾਨ ਦੀ ਰੂਪ-ਰੇਖਾ ਤੱਕ ਦਾ ਸੰਖੇਪ ਇਤਿਹਾਸ ਦੱਸਿਆ। ਉਨ੍ਹਾਂ ਆਧੁਨਿਕ ਭਾਰਤ ਦੀ ਗੱਲ ਕਰਦਿਆਂ ਕੁਝ ਉਦਾਹਰਣਾ ਦਿੱਤੀਆਂ ਜੋ ਕਿ ਬਦਲਦੇ ਭਾਰਤ ਦੀ ਤਸਵੀਰ ਪੇਸ਼ ਕਰਦੀਆਂ ਸਨ। ਕਰੋਨਾ ਉਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਆਪਣੇ ਗੁਆਂਢੀ ਦੇਸ਼ਾਂ ਨੂੰ ਵੈਕਸੀਨ ਮੁਹੱਈਆ ਕਰ ਰਿਹਾ ਹੈ।

ਪੂਰਾ ਵਿਸ਼ਵ ਇਸ ਵੇਲੇ ਇਕ ਪਰਿਵਾਰ ਬਣਦਾ ਜਾ ਰਿਹਾ ਹੈ। ਉਨ੍ਹਾਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਸ੍ਰੀ ਰੌਸ਼ਨ ਨੌਹਰੀਆ, ਸ. ਕੰਵਲਜੀਤ ਸਿੰਘ ਬਖਸ਼ੀ (ਸਾਬਕਾ ਮੈਂਬਰ ਪਾਰਲੀਮੈਂਟ) ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ। ਪਹੁੰਚੇ ਮਹਿਮਾਨਾਂ ਵਾਸਤੇ ਚਾਹਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ। ਪੰਜਾਬੀ ਮੀਡੀਆ ਤੋਂ ਵੀ ਲਗਪਗ ਸਾਰੇ ਅਦਾਰੇ ਪਹੁੰਚੇ ਹੋਏ ਸਨ। ਇਸ ਸਮਾਗਮ ਦੇ ਵਿਚ ਇਕ ਗੱਲ ਜਰੂਰ ਚੁਭਵੀਂ ਰਹੀ ਕਿ ਕਿਸੇ ਨੇ ਵੀ ਕਿਸਾਨੀ ਸੰਘਰਸ਼ ਬਾਰੇ ਕੋਈ ਗੱਲ ਨਹੀਂ ਕੀਤੀ। ਕਿਸਾਨਾਂ ਦੀ ਹੋ ਰਹੀ ਪ੍ਰੇਡ ਬਾਰੇ ਜਾਂ ਉਨ੍ਹਾਂ ਦੀਆਂ ਮੰਗਾਂ ਬਾਰੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਕੁਝ ਵੀਰ ਜਰੂਰ ਹਰੀਆਂ ਪੱਗਾਂ ਅਤੇ ਡੱਬੀਆਂ ਵਾਲੇ ਪਰਨੇ ਨਾਲ ਪਹੁੰਚੇ ਹੋਏ ਸਨ।

# ਵੋਮੈਨ ਕੇਅਰ ਟ੍ਰਸਟ ਨਿਊਜ਼ੀਲੈਂਡ ਵੱਲੋਂ 'ਲੇਡੀਜ਼ ਕਲਚਰਲ ਨਾਈਟ' 'ਚ ਰੌਣਕਾਂ ਹੀ ਰੌਣਕਾਂ













**ਆਕਲੈਂਡ, 23 ਜਨਵਰੀ, 2020:**–ਵਿਦੇਸ਼ੀ ਵਸਦੇ ਪੰਜਾਬੀਆਂ ਦੀਆਂ ਨਜ਼ਰਾਂ ਅਤੇ ਫਿਕਰਾਂ ਭਾਰਤੀ ਕਿਸਾਨੀ ਸੰਘਰਸ਼ ਵੱਲ ਲੱਗੀਆਂ ਹੋਈਆਂ ਹਨ। ਵਿਦੇਸ਼ਾਂ ਦੇ ਵਿਚ ਹੁੰਦੇ ਸਭਿਆਚਾਰਕ ਸਮਾਗਮ ਵੀ ਕਿਸਾਨੀ ਸੰਘਰਸ਼ ਨੂੰ ਸਮਰਪਿਤ ਹੋ ਰਹੇ ਹਨ। ਅੱਜ ਨਿਊਜ਼ੀਲੈਂਡ ਦੇ ਵਿਚ 'ਵੋਮੈਨ ਕੇਅਰ ਟ੍ਰਸਟ' ਵੱਲੋਂ ਪੰਜਵੀਂ 'ਲੇਡੀਜ਼ ਕਲਚਰਲ ਨਾਈਟ' ਵੋਡਾਫੋਨ ਈਵੈਂਟ ਸੈਂਟਰ ਮੈਨੁਕਾਓ ਵਿਖੇ ਕਰਵਾਈ ਗਈ। ਟ੍ਰਸਟੀ ਅਤੇ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਪਰਮਜੀਤ ਕੌਰ (ਸੋਨੀ ਢੇਲ) ਅਤੇ ਮੈਡਮ ਆਭਾ ਖੰਨਾ ਨੇ ਇਸ ਸਭਿਆਚਾਰਕ ਨਾਈਟ ਨੂੰ ਕਿਸਾਨੀ ਸੰਘਰਸ਼ ਦੇ ਨਾਲ ਜੋੜ ਕੇ ਇਕ ਪੰਜਾਬੀ ਕਿਸਾਨਾਂ ਦੀ ਸਹਾਇਤਾ ਲਈ ਵੀ ਇਕੱਤਰ ਕੀਤੀ।

ਸਲਾਨਾ ਹੋਣ ਵਾਲੀ ਇਹ ਲੇਡੀਜ਼ ਕਲਚਰਲ ਨਾਈਟ ਨਿਊਜ਼ੀਲੈਂਡ ਵਸਦੀਆਂ ਭਾਰਤੀ ਮਹਿਲਾਵਾਂ ਦੇ ਲਈ 'ਮਹਿਲਾ ਮੇਲਾ' ਦੇ ਬਰਾਬਰ ਹੁੰਦੀ ਹੈ। ਇਸ ਵਾਰ ਇਸ ਮਹਿਲਾ ਮੇਲੇ ਦੇ ਵਿਚ ਭਾਰਤੀ ਕਿਸਾਨੀ ਸੰਘਰਸ਼ ਦੇ ਲਈ ਵੀ ਮੋਬਾਇਲਾਂ ਦੀਆਂ ਲਾਈਟਾਂ ਜਗਾ ਕੇ ਕਿਸਾਨੀ ਸ਼ੰਘਰਸ਼ ਦੇ ਵਿਚ ਜੋਸ਼ ਦੀਆਂ ਕਿਰਨਾਂ ਭਰੀਆਂ ਗਈਆਂ। ਸੱਤਾ ਵੈਰੋਵਾਲੀਆ ਦਾ ਗੀਤ ਇਸ ਮੌਕੇ ਵਜਾਇਆ ਗਿਆ।

ਇਸ ਮਹਿਲਾ ਮੇਲੇ ਦੀ ਸ਼ੁਰੂਆਤ ਵੋਮੇਨ ਕੇਅਰ ਦੀਆਂ ਮੈਂਬਰ ਬੀਬੀਆਂ ਨੇ ਸ਼ਬਦ ਗੁਰਬਾਣੀ ਨਾਲ ਕੀਤੀ। ਵੋਮੈਨ ਕੇਅਰ ਦੇ ਇਤਿਹਾਸ ਉਤੇ ਸੰਖੇਪ ਝਾਤ ਪਾਈ ਗਈ। ਪੰਜਾਬੀ ਹੈਰੀਟੇਜ ਕਲੱਬ ਦੇ ਬੱਚਿਆਂ ਨੇ ਭੰਗੜੇ ਨਾਲ ਸ਼ੁਰੂਆਤ ਕੀਤੀ। ਕਿਡਜ਼ ਰਾਈਜਿੰਗ ਸਟਾਰ ਦੇ ਬੱਚਿਆਂ ਨੇ ਵੀ ਖੂਬ ਰੰਗ ਬੰਨ੍ਹਿਆ। ਔਕਲੈਂਡ ਦੀਆਂ ਮਲਵਈਆਂ ਨੇ ਭੰਗੜਾ ਪਾਇਆ। ਇਸ ਤੋਂ ਬਾਅਦ ਸ੍ਰੀ ਲੰਕਨ ਡਾਂਸ ਵੀ ਵੱਖਰੀ ਪਹਿਚਾਣ ਛੱਡ ਗਿਆ। ਵਿਰਸਾ ਦੀਆਂ ਸ਼ੌਕੀਨ ਮੁਟਿਆਰਾਂ ਗਰੁੱਪ ਨੇ ਖੂਬ ਤਰਥੱਲੀ ਮਚਾਈ। ਪੁੱਕੀਕੋਹੀ ਦੀਆਂ ਪੰਜਾਬਣਾ ਨੇ ਪਹਿਲੀ ਵਾਰ ਵੱਡੀ ਸਟੇਜ ਉਤੇ ਪਰਫਾਰਮ ਕਰਕੇ ਭਵਿੱਖ ਦੇ ਹਰ ਮੇਲੇ ਵਿਚ ਪੁੱਜਣ ਦੀ ਟਿਕਟ ਕਟਵਾਈ।

ਤ੍ਰਿਝੰਣਾ ਗਰੁੱਪ ਦੀ ਵੀ ਵਧੀਆ ਪੇਸ਼ਕਾਰੀ ਰਹੀ। ਬਾਲੀਵੁੱਡ ਡਾਂਸ ਹੋਇਆ। ਗੋਲਡਨ ਗਰਲਜ਼ ਵਾਲੀਆਂ ਬੀਬੀਆਂ ਨੇ ਜਮਾ ਹੀ ਅਤਿ ਕਰਵਾਈ ਉਹ ਪੱਖੇ, ਬਾਲਟੀਆਂ ਅਤੇ ਹੋਰ ਕਾਫੀ ਕੁਝ ਲੈ ਕੇ ਸਟੇਜ ਉਤੇ ਛਾਈਆਂ ਰਹੀਆਂ। ਸਾਂਝ ਗਰੁੱਪ ਦੀਆਂ ਬੀਬੀਆਂ ਨੇ ਗਿੱਧੇ ਅਤੇ ਭੰਗੜੇ ਦੇ ਨਾਲ ਖੂਬ ਰੰਗ ਬੰਨ੍ਹਿਆ। ਪੰਜਾਬੀ ਹੈਰੀਟੇਜ ਅਤੇ ਗੁਰਪ੍ਰੀਤ ਸੈਣੀ ਦੀ ਅਕੈਡਮੀ ਦੇ ਬੱਚੇ ਵੀ ਛਾਏ ਰਹੇ। ਸਟੇਜ ਸੰਭਾਲਣ ਦੀ ਸੇਵਾ ਸੈਂਡੀ, ਕਸ਼ਿਕਾ, ਜੱਸੀ ਕੌਰ, ਮੋਨਿਕਾ ਸ਼ਰਮਾ ਅਤੇ ਹੋਰ ਕੁੜੀਆਂ ਵੱਲੋਂ ਸਾਂਝੇ ਰੂਪ ਵਿਚ ਕੀਤੀ ਗਈ। ਖੁੱਲ੍ਹੇ ਵਿਹੜੇ ਦੇ ਵਿਚ ਦਰਸ਼ਕ ਰੂਪ ਵਿਚ ਆਈਆਂ ਬੀਬੀਆਂ ਨੇ ਵੀ ਭੰਗੜਾ ਪਾ ਕੇ ਆਪਣਾ ਮਨ ਪਰਚਾਵਾ ਕੀਤਾ।

# ਰੇਡੀਓ ਪੇਸ਼ਕਾਰ ਹਰਨੇਕ ਸਿੰਘ ਉਤੇ ਹੋਏ ਹਮਲੇ ਸਬੰਧੀ 6 ਵਿਅਕਤੀਆਂ ਉਤੇ ਇਰਾਦਾ ਕਤਲ ਦੇ ਦੋਸ਼

**ਆਕਲੈਂਡ–** ਨਿਊਜ਼ੀਲੈਂਡ ਦੇ ਰੇਡੀਓ ਪੇਸ਼ਕਾਰ ਸ. ਹਰਨੇਕ ਸਿੰਘ (53) ਦੇ ਉਤੇ 23 ਦਸੰਬਰ 2020 ਨੂੰ ਉਨ੍ਹਾਂ ਦੇ ਘਰ ਪਹੁੰਚਣ ਵੇਲੇ ਰਾਤ 10.20 ਮਿੰਟ ਉਤੇ ਕੁਝ ਲੋਕਾਂ ਵੱਲੋਂ ਹਮਲਾ ਕੀਤਾ ਗਿਆ ਸੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋਏ ਅਤੇ ਐਂਬੂਲੈਂਸ ਰਾਹੀਂ ਉਨ੍ਹਾਂ ਨੂੰ ਮਿਡਲ ਮੋਰ ਹਸਪਤਾਲ ਵਿਖੇ ਇਲਾਜ ਲਈ ਪਹੁੰਚਾਇਆ ਗਿਆ ਸੀ। ਇਲਾਜ ਦੌਰਾਨ ਉਨ੍ਹਾਂ ਦੇ ਕਈ ਆਪ੍ਰੇਸ਼ਨ ਹੋਏ ਅਤੇ ਫਿਰ ਉਨ੍ਹਾਂ ਨੂੰ ਘਰ ਜਾਣ ਦੀ ਛੁੱਟੀ ਦਿੱਤੀ ਗਈ। ਪੁਲਿਸ ਉਦੋਂ ਤੋਂ ਲੈ ਕੇ ਹੁਣ ਤੱਕ ਹਰਨੇਕ ਸਿੰਘ ਉਤੇ ਹਮਲਾ ਕਰਨ ਵਾਲੇ ਵਿਅਕਤੀਆਂ ਨੂੰ ਭਾਲ ਕਰ ਰਹੀ ਸੀ। ਪੁਲਿਸ ਨੇ 27 ਦਸੰਬਰ ਨੂੰ ਭਾਈਚਾਰੇ ਨੂੰ ਵੀ ਅਪੀਲ ਕੀਤੀ ਸੀ ਕਿ ਉਹ ਦੋਸ਼ੀਆਂ ਦੀ ਭਾਲ ਵਿਚ ਸਹਿਯੋਗ ਕਰੇ। ਅੱਜ



ਪੁਲਿਸ ਵੱਲੋਂ ਜਾਰੀ ਸੂਚਨਾ ਮੁਤਾਬਿਕ ਪੁਲਿਸ ਨੇ ਪਹਿਲਾਂ ਦੁਪਹਿਰ 1 ਵਜ ਕੇ 35 ਮਿੰਟ ਉਤੇ ਪੰਜ ਵਿਅਕਤੀਆਂ ਦੇ ਗ੍ਰਿਫਤਾਰ ਹੁਣ ਦੀ ਪੁਸ਼ਟੀ ਕੀਤੀ ਅਤੇ ਫਿਰ 3 ਵਜੇ ਕੇ 25 ਮਿੰਟ ਉਤੇ ਛੇਵੇਂ ਵਿਅਕਤੀ ਦੀ ਗ੍ਰਿਫਾਤਰੀ ਦੀ ਖਬਰ ਸਾਂਝੀ ਕੀਤੀ। ਪੁਲਿਸ ਨੇ ਇਨ੍ਹਾਂ ਫੜੇ ਵਿਅਕਤੀਆਂ ਉਤੇ ਕਤਲ ਦੀ ਕੋਸ਼ਿਸ਼ (ਇਰਾਦਾ ਕਤਲ) ਦੋਸ਼ ਦਾਖਿਲ ਕੀਤੇ ਹਨ। ਇਨ੍ਹਾਂ ਸਾਰਿਆਂ ਦੀ ਉਮਰ 24 ਤੋਂ 39 ਸਾਲ ਹੈ। ਇਨ੍ਹਾਂ ਨੂੰ ਮੈਨੁਕਾਓ ਜ਼ਿਲ੍ਹਾ ਅਦਾਲਤ (ਔਕਲੈਂਡ) ਦੇ ਵਿਚ ਪੇਸ਼ ਕੀਤਾ ਗਿਆ। ਚਾਰ ਵਿਅਕਤੀਆਂ ਦੇ ਵਕੀਲ ਸ. ਰਣਬੀਰ ਸਿੰਘ ਸੰਧੂ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਫੜੇ ਚਾਰ ਵਿਅਕਤੀਆਂ ਨੂੰ ਮਾਣਯੋਗ ਅਦਾਲਤ ਨੇ ਨਿਆਂਇਕ ਹਿਰਾਸਤ ਦੇ ਵਿਚ ਭੇਜ ਦਿੱਤਾ ਹੈ। ਅੱਜ ਪੁਲਿਸ ਨੇ ਫਲੈਟ ਬੁੱਸ਼ ਅਤੇ ਪਾਪਾਟੋਏਟੋਏ ਖੇਤਰਾਂ ਦੇ ਵਿਚ ਸਰਚ ਵਾਰੰਟ ਲੈ ਕੇ ਗ੍ਰਿਫਤਾਰੀ ਕੀਤੀ ਹੈ। ਵਰਨਣਯੋਗ ਹੈ ਕਿ ਸ. ਹਰਨੇਕ ਸਿੰਘ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਪੁਲਿਸ ਨੇ ਹੋਰ ਗ੍ਰਿਫਤਾਰੀਆਂ ਹੋਣ ਸਬੰਧੀ ਅਜੇ ਸਪਸ਼ਟ ਨਹੀਂ ਕੀਤਾ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਮਰੀਕਾ ਦੇ ਟੀਵੀ ਹੋਸਟ ਲੈਰੀ ਕਿੰਗ ਦਾ 87 ਸਾਲ ਦੀ ਉਮਰ ਵਿੱਚ ਹੋਇਆ ਦਿਹਾਂਤ

**ਫਰਿਜ਼ਨੋ (ਕੈਲੀਫੋਰਨੀਆਂ), 24 ਜਨਵਰੀ 2021–** ਅਮਰੀਕਾ ਦੀ ਇੱਕ ਮਸ਼ਹੂਰ ਅਤੇ ਮਹਾਨ ਸ਼ਖਸੀਅਤ ਲੈਰੀ ਕਿੰਗ ਜੋ ਇੱਕ ਟੀਵੀ ਟਾਕ ਸ਼ੋਅ ਦੇ ਮੇਜ਼ਬਾਨ ਵੀ ਸਨ ,ਦੀ 87 ਸਾਲ ਦੀ ਉਮਰ ਵਿੱਚ ਸ਼ਨੀਵਾਰ ਸਵੇਰੇ ਲਾਸ ਏਂਜਲਸ ਦੇ ਸੀਡਰਸ ਸਿਨਾਈ ਮੈਡੀਕਲ ਸੈਂਟਰ ਵਿਖੇ ਮੌਤ ਹੋ ਗਈ ਹੈ।ਟੀਵੀ ਜਗਤ ਦੇ ਇਸ ਚਮਕਦੇ ਸਿਤਾਰੇ ਲੈਰੀ ਕਿੰਗ ਨੇ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕੀਤਾ, ਜਿਸ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਬਾਈਪਾਸ ਸਰਜਰੀ ਵੀ ਸ਼ਾਮਿਲ ਹੈ। ਇਸਦੇ ਇਲਾਵਾ 2017 ਵਿੱਚ ਫੇਫੜਿਆਂ ਦੇ ਕੈਂਸਰ ਕਾਰਨ ਕਿੰਗ ਦੀ ਸੀਡਰਸ ਸਿਨਾਈ ਹਸਪਤਾਲ ਵਿੱਚ ਸਰਜਰੀ ਵੀ ਹੋਈ। 2019 ਵਿੱਚ, ਉਸ ਨੂੰ ਇੱਕ ਦੌਰਾ ਪਿਆ ਜਿਸ ਕਾਰਨ ਲੈਰੀ ਆਪਣੇ ਖੱਬੇ ਪੈਰ ਦੁਆਰਾ ਤੁਰਨ ਤੋਂ ਅਸਮਰੱਥ ਹੋ ਗਿਆ ਸੀ।ਅਖੀਰ ਵਿੱਚ ਲੈਰੀ ਕਿੰਗ 2 ਜਨਵਰੀ ਨੂੰ ਲਾਸ ਏਂਜਲਸ ਦੇ ਸੀਡਰਸ ਸਿਨਾਈ ਮੈਡੀਕਲ ਸੈਂਟਰ ਵਿਖੇ ਕੋਵਿਡ -19 ਤੋਂ ਪੀੜਤ ਹੋ ਕੇ ਦਾਖਲ ਹੋਇਆ ਸੀ। ਬਰੂਕਲੇਨ ਦੇ ਲਾਰੈਂਸ ਹਾਰਵੇ ਜ਼ੀਗਰ ਵਿੱਚ 1933 ਨੂੰ ਜਨਮੇ ਲੈਰੀ ਇੱਕ ਛੋਟੀ ਉਮਰ ਤੋਂ ਹੀ ਰੇਡੀਓ 'ਤੇ ਜਾਣਾ ਚਾਹੁੰਦੇ ਸਨ।ਆਪਣੀ ਪੜਾਈ ਪੂਰੀ ਹੋਣ ਤੋਂ ਬਾਅਦ, ਉਸਨੇ 1950 ਦੇ ਦਹਾਕੇ ਵਿਚ ਫਲੋਰਿਡਾ ਵਿੱਚ ਆਪਣੀ ਪਹਿਲੀ ਰੇਡੀਓ ਦੀ ਨੌਕਰੀ ਪ੍ਰਾਪਤ ਕੀਤੀ। ਲੈਰੀ ਨੂੰ ਮਿਆਮੀ ਵਿੱਚ ਆਪਣਾ ਪਹਿਲਾ ਆਨ-ਏਅਰ ਦਾ ਮੌਕਾ ਮਿਲਿਆ ਅਤੇ ਉਹ ਲੈਰੀ ਕਿੰਗ ਦੁਆਰਾ ਜਾਣਿਆ ਜਾਣ ਲੱਗਾ, ਜੋ ਕਿ ਹੁਣ ਉਸਦਾ ਕਾਨੂੰਨੀ ਨਾਮ ਹੈ।1978 ਵਿੱਚ, ਉਸਨੇ ਮਿਉਚੁਅਲ ਬੈਰੋਡਕਾਸਟਿੰਗ ਸਿਸਟਮ ਉੱਤੇ ਇੱਕ ਰਾਸ਼ਟਰੀ ਰੇਡੀਓ ਪੈਰੋਗਰਾਮ 'ਦਿ ਲੈਰੀ ਕਿੰਗ ਸ਼ੋਅ' ਦੀ ਮੇਜ਼ਬਾਨੀ ਕਰਨੀ ਸ਼ੁਰੂ ਕੀਤੀ ਜੋ ਉਸਨੇ 1994 ਵਿੱਚ ਆਪਣਾ ਅਹੁਦਾ ਛੱਡਣ ਤੱਕ ਕੀਤੀ। ਇਸੇ ਸਮੇਂ ਦੌਰਾਨ ਲੈਰੀ ਨੇ ਟੀ ਵੀ ਜਗਤ 'ਚ



ਕਦਮ ਰਖਦਿਆਂ 1985 ਤੋਂ 2010 ਤੱਕ ਸੀ.ਐਨ.ਐਨ ਪੈਰੋਗਰਾਮ 'ਲੈਰੀ ਕਿੰਗ ਲਾਈਵ' ਦੀ ਮੇਜ਼ਬਾਨੀ ਕੀਤੀ।ਲੈਰੀ ਕਿੰਗ ਨੇ ਆਪਣੇ ਜੀਵਨ ਵਿੱਚ ਬਹੁਤ ਸਾਰੇ ਸਨਮਾਨ ਵੀ ਪ੍ਰਾਪਤ ਕੀਤੇ ਜਿਹਨਾਂ ਵਿੱਚ ਦੋ ਪੀਬੋਡੀ ਅਤੇ ਇੱਕ ਐਮੀ ਅਵਾਰਡ ਵੀ ਸ਼ਾਮਿਲ ਹੈ ਅਤੇ ਲੈਰੀ 1989 ਵਿੱਚ ਨੈਸ਼ਨਲ ਰੇਡੀਓ ਹਾਲ ਆਫ ਫੇਮ ਅਤੇ 1992 ਵਿਚ ਬੈਰੋਡਕਾਸਟਿੰਗ ਹਾਲ ਆਫ਼ ਫੇਮ ਵਿੱਚ ਵੀ ਸ਼ਾਮਿਲ ਹੋਇਆ ਸੀ। ਇਸਦੇ ਇਲਾਵਾ ਲੈਰੀ ਕਿੰਗ ਦੇ ਪੰਜ ਬੱਚੇ ਸਨ, ਜਿਹਨਾਂ ਵਿੱਚੋਂ ਦੋ ਦੀ ਮੌਤ ਹੋ ਗਈ ਅਤੇ ਹੁਣ ਲੈਰੀ ਕਿੰਗ ਆਪਣੇ ਪਿੱਛੇ ਉਸਦੇ ਤਿੰਨ ਪੁੱਤਰਾਂ, ਲੈਰੀ, ਚਾਂਸ ਅਤੇ ਕੈਨਨ ਦੇ ਨਾਲ ਨੌ ਪੋਤੇ-ਪੋਤੀਆਂ ਅਤੇ ਚਾਰ ਪੜਪ'ਤੇ-ਪੋਤੀਆਂ ਛੱਡ ਗਏ ਹਨ।

# ਦਸ ਦਿਨ ਪਹਿਲਾਂ ਲਾਪਤਾ ਹੋਈ ਔਰਤ ਦੀ 15 ਫੁੱਟ ਚਿੱਕੜ ਹੇਠਾਂ ਦੱਬੀ ਹੋਈ ਲਾਸ਼ ਹੋਈ ਬਰਾਮਦ

**ਫਰਿਜ਼ਨੋ (ਕੈਲੀਫੋਰਨੀਆਂ), 24 ਜਨਵਰੀ 2021–** ਅਮਰੀਕਾ ਦੇ ਸੂਬੇ ਓਰੇਗਨ ਵਿੱਚ ਤਕਰੀਬਨ ਦਸ ਦਿਨ ਪਹਿਲਾਂ ਲਾਪਤਾ ਹੋਈ ਔਰਤ ਦੀ ਲਾਸ਼ ਚਿੱਕੜ ਅਤੇ ਚਟਾਨਾਂ ਦੇ ਮਲਬੇ ਹੇਠ 15 ਫੁੱਟ ਦੇ ਕਰੀਬ ਦੱਬੀ ਹੋਈ ਮਿਲੀ ਹੈ। ਮਲਟਨੋਮਾਹ ਕਾਉਂਟੀ ਸ਼ੈਰਿਫ ਦੇ ਦਫ਼ਤਰ ਅਨੁਸਾਰ ਜੈਨੀਫਰ ਮੂਰ (50) ਨਾਮ ਦੀ ਔਰਤ ਨਾਲ ਇਹ ਘਟਨਾ 13 ਜਨਵਰੀ ਨੂੰ ਸਵੇਰੇ ਕਰੀਬ 1:15 ਵਜੇ ਡੋਡਸਨ ਵਿਖੇ ਕਾਰ ਚਲਾਉਣ ਦੌਰਾਨ ਸੜਕ ਤੋਂ ਪਾਸੇ ਚਿੱਕੜ ਵਿੱਚ ਕਾਰ ਸਮੇਤ ਡਿੱਗਣ ਨਾਲ ਵਾਪਰੀ। ਇਸ ਘਟਨਾ ਦੇ ਕਈ ਦਿਨਾਂ ਬਾਅਦ ਜਾਂਚ ਕਰਤਾਂਵਾਂ ਨੇ ਚਿੱਕੜ ਵਾਲੇ ਮਲਬੇ ਦੇ ਵਹਾਅ ਵਿੱਚ ਇੱਕ ਖੇਤਰ ਦੀ ਪਛਾਣ ਕੀਤੀ ਜਿੱਥੇ




ਕਿ ਮੂਰ ਦੀ ਗੱਡੀ ਜਾ ਸਕਦੀ ਸੀ। ਇਸਦੇ ਬਾਅਦ ਅਧਿਕਾਰੀਆਂ ਨੇ ਮਲਬਾ ਹਟਾਉਣ ਦੀ ਕਾਰਵਾਈ ਸ਼ੁਰੂ ਕੀਤੀ ਅਤੇ ਪੁਲਿਸ ਅਨੁਸਾਰ ਮੂਰ ਜੋ ਕਿ ਵਰੇਂਡੇਲ, ਓਰੇਗਨ ਤੋਂ ਇੱਕ ਰਜਿਸਟਰਡ ਨਰਸ ਸੀ, ਦਾ ਪਤਾ ਲਗਾਉਣ ਲਈ ਭਾਰੀ ਮਸ਼ੀਨਰੀ ਦੀ ਵਰਤੋਂ ਕਰਨੀ ਪਈ, ਜਿਸ ਵਿਚ ਫਰੰਟ ਲੋਡਰ ਅਤੇ ਡੰਪ ਟਰੱਕ ਸ਼ਾਮਲ ਸਨ। ਅਖੀਰ ਵਿੱਚ ਅਧਿਕਾਰੀਆਂ ਅਨੁਸਾਰ ਮੂਰ ਦੀ ਕਾਰ ਤਕਰੀਬਨ 15 ਫੁੱਟ ਇਸ ਚਿੱਕੜ, ਚਟਾਨਾਂ ਭਰੇ ਮਲਬੇ ਹੇਠ ਦੱਬੀ ਹੋਈ ਮਿਲੀ। ਇਸ ਕਾਰਵਾਈ ਦੌਰਾਨ ਇੱਕ ਪ੍ਰਾਈਵੇਟ ਠੇਕੇਦਾਰ ਨੇ ਕਾਰ ਦੀ ਸਹੀ ਸਥਿਤੀ ਦਾ ਪਤਾ ਕਰਨ ਲਈ ਇੱਕ ਤਾਕਤਵਰ ਮੈਟਲ ਡਿਟੈਕਟਰ ਦੀ ਵਰਤੋਂ ਕੀਤੀ।

ਅਧਿਕਾਰੀਆਂ ਅਨੁਸਾਰ ਕਿਸੇ ਨੂੰ ਵੀ ਮੂਰ ਨਾਲ ਇੰਨਾ ਭਿਆਨਕ ਹਾਦਸਾ ਵਾਪਰਣ ਦੀ ਉਮੀਦ ਨਹੀਂ ਸੀ ਪਰ ਉਸਦੀ ਲਾਸ਼ ਦੇ ਮਿਲਣ ਨਾਲ ਉਸਦੇ ਲਾਪਤਾ ਹੋਣ ਦੀ ਤਲਾਸ਼ ਖਤਮ ਹੋ ਗਈ ਹੈ।

# 7000 ਨੈਸ਼ਨਲ ਗਾਰਡ ਮੈਂਬਰ ਵਾਸ਼ਿੰਗਟਨ ਵਿੱਚ ਮਾਰਚ ਤੱਕ ਦੇਣਗੇ ਸੇਵਾਵਾਂ

**ਫਰਿਜ਼ਨੋ (ਕੈਲੀਫੋਰਨੀਆਂ), 24 ਜਨਵਰੀ 2021–** ਰਾਸ਼ਟਰਪਤੀ ਜੋਅ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਟਰੰਪ ਹਮਾਇਤੀਆਂ ਦੁਆਰਾ ਹਿੰਸਕ ਪ੍ਰਦਰਸ਼ਨ ਦੇ ਖ਼ਦਸ਼ੇ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਤਕਰੀਬਨ 25000 ਨੈਸ਼ਨਲ ਗਾਰਡ ਮੈਂਬਰ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਤਾਇਨਾਤੀ ਕੀਤੀ ਗਈ ਸੀ। ਪਰ ਹੁਣ ਇਸ ਸਮਾਗਮ ਦੇ ਬਾਅਦ ਵੀ ਤਕਰੀਬਨ 7000 ਨੈਸ਼ਨਲ ਗਾਰਡ ਮੈਂਬਰ ਮਾਰਚ ਮਹੀਨੇ ਦੇ ਅੱਧ ਤੱਕ ਸੁਰੱਖਿਆ ਕਾਰਨਾਂ ਕਰਕੇ ਰਾਜਧਾਨੀ ਵਿੱਚ ਤਾਇਨਾਤ ਰਹਿਣਗੇ। ਇਸ ਸੰਬੰਧੀ ਜਨਰਲ ਡੈਨੀਅਲ ਹੋਕਾਨਸਨ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਭਾਵਿਤ ਘਰੇਲੂ ਗੜਬੜੀਆਂ ਬਾਰੇ ਚਿੰਤਤ ਫੈਡਰਲ ਸੁਰੱਖਿਆ ਏਜੰਸੀਆਂ ਦੀ ਸਹਾਇਤਾ ਲਈ ਤਕਰੀਬਨ ਸੱਤ ਹੋਰ ਹਫਤਿਆਂ ਤੱਕ 7,000 ਰਾਸ਼ਟਰੀ ਗਾਰਡਨ ਵਾਸ਼ਿੰਗਟਨ ਵਿੱਚ ਰਹਿਣਗੇ। ਇਸ ਦੌਰਾਨ ਹੋਕਾਨਸਨ ਨੇ ਰਾਜਧਾਨੀ ਦੇ ਵਿਸ਼ਾਲ



ਕੈਪੀਟਲ ਵਿਜ਼ਟਰ ਸੈਂਟਰ ਵਿਖੇ ਇੰਡੀਆਨਾ ਅਤੇ ਵਰਜੀਨੀਆ ਦੇ ਗਾਰਡਾਂ ਨਾਲ ਮੁਲਾਕਾਤ ਕੀਤੀ ਅਤੇ ਅਰਾਮ ਕਰ ਰਹੇ ਸੈਨਿਕਾਂ ਦੀਆਂ ਜਰੂਰਤਾਂ ਬਾਰੇ ਵੀ ਜ਼ਾਇਆ ਲਿਆ। ਇਸਦੇ ਇਲਾਵਾ ਜਨਰਲ ਹੋਕਾਨਸਨ ਨੇ ਉਦਘਾਟਨ ਦਿਵਸ 'ਤੇ ਸੁਰੱਖਿਆ ਪ੍ਰਦਾਨ ਕਰਨ ਵਾਲੇ 25,000 ਰਾਸ਼ਟਰੀ ਗਾਰਡਾਂ ਵਿਚੋਂ 200 ਤੋਂ ਘੱਟ ਮੈਂਬਰਾਂ ਦੇ ਕੋਵਿਡ -19 ਪੀੜਤ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਲਾਗ ਵਾਲੇ ਗਾਰਡ ਮੈਂਬਰ ਵਾਸ਼ਿੰਗਟਨ ਵਿੱਚ ਹੀ ਰਹਿਣਗੇ ਜਦੋਂ ਕਿ ਉਦਘਾਟਨ ਦਿਵਸ ਮੌਕੇ ਸੇਵਾਵਾਂ ਦੇਣ ਵਾਲੇ 25,000 ਸੈਨਿਕਾਂ ਵਿਚੋਂ ਕੁੱਝ ਸ਼ਨੀਵਾਰ ਨੂੰ ਆਪਣੇ ਰਾਜਾਂ ਨੂੰ ਪਰਤਣੇ ਸ਼ੁਰੂ ਹੋ ਗਏ ਹਨ।

# ਇੰਡੀਆਨਾ ਵਿੱਚ ਪੀਜ਼ਾ ਹੱਟ ਡਲਿਵਰੀ ਮੈਨ ਨੂੰ ਟਿਪ 'ਚ ਮਿਲੀ ਨਵੀਂ ਕਾਰ

**ਫਰਿਜ਼ਨੋ (ਕੈਲੀਫੋਰਨੀਆਂ), 24 ਜਨਵਰੀ 2021–** ਜੇਕਰ ਕਿਸੇ ਵਿਅਕਤੀ ਵਿੱਚ ਆਪਣੇ ਕੰਮ ਪ੍ਰਤੀ ਲਗਨ ਅਤੇ ਵਿਸਵਾਸ਼ ਹੋਵੇ ਤਾਂ ਇੱਕ ਦਿਨ ਸਫਲਤਾ ਜਰੂਰ ਮਿਲਦੀ ਹੈ। ਅਜਿਹਾ ਹੀ ਇੱਕ ਵਾਕਿਆ ਇੰਡੀਆਨਾ ਦੇ ਟਿਪਟਨ ਵਿੱਚ ਇੱਕ ਪੀਜ਼ਾ ਡਿਲੀਵਰੀ ਕਰਨ ਵਾਲੇ ਕਰਮਚਾਰੀ ਨਾਲ ਹੋਇਆ ਹੈ। ਰਾਬਰਟ ਪੀਟਰਜ਼ ਨਾਮ ਦਾ ਇਹ ਪੀਜ਼ਾ ਹੱਟ ਦਾ ਕਰਮਚਾਰੀ ਜੋ 31 ਸਾਲਾਂ ਤੋਂ ਆਪਣਾ ਕੰਮ ਸਿੱਦਤ ਨਾਲ ਕਰ ਰਿਹਾ ਹੈ ਨੂੰ ਇਸ ਮਹੀਨੇ ਟਿਪ ਦੇ ਰੂਪ ਵਿੱਚ ਇੱਕ ਨਵੀਂ ਕਾਰ ਮਿਲੀ ਹੈ। ਰਾਬਰਟ ਪੀਟਰਜ਼ ਅਨੁਸਾਰ ਉਸਨੂੰ ਆਪਣੀ ਇਸ ਟਿਪ ਵਿੱਚ ਮਿਲੀ ਕਾਰ ਤੇ ਯਕੀਨ ਨਹੀਂ ਸੀ।

ਪਰ ਇਹ ਸੱਚ ਸੀ। ਇਸ ਸੰਬੰਧੀ ਪੀਜ਼ਾ ਹੱਟ ਨੇ ਦੱਸਿਆ ਕਿ ਰਾਬਰਟ ਉਹਨਾਂ ਦਾ ਸਭ ਤੋਂ ਲੰਬੇ ਸਮੇਂ ਤੋਂ ਕੰਮ ਕਰਨ ਵਾਲੇ ਡਿਲਿਵਰੀ ਵਾਲੇ ਲੋਕਾਂ ਵਿੱਚੋਂ ਇਕ ਹੈ ਜੋ ਆਪਣਾ



ਕੰਮ ਇਮਾਨਦਾਰੀ ਨਾਲ ਕਰਦਾ ਹੈ ਅਤੇ ਗ੍ਰਾਹਕਾਂ ਨੂੰ ਹਮੇਸ਼ਾਂ ਖੁਸ਼ ਰੱਖਦਾ ਹੈ। ਰਾਬਰਟ ਨੂੰ ਮਿਲੀ ਕਾਰ ਦੇ ਲਈ ਵੀ ਉਸਦੀ ਗਾਹਕ ਸੇਵਾ ਪ੍ਰਤੀ ਸ਼ਰਧਾ ਨੂੰ ਜੋੜਿਆ ਗਿਆ ਹੈ, ਜਿਸ ਕਰਕੇ ਪੀਟਰਜ਼ ਨੇ ਆਪਣੇ ਕਸਬੇ ਵਿੱਚ ਨਾਮਣਾ ਖੱਟਿਆ ਹੈ। ਇਸ ਟਿਪ ਵਾਲੀ ਕਾਰ ਦੇ ਮਾਮਲੇ ਵਿੱਚ ਇਸ ਪੀਜ਼ਾ ਹੱਟ ਦੇ ਇੱਕ ਨਿਯਮਤ ਗ੍ਰਾਹਕ ਟੈਨਰ ਲੈਂਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀਟਰਸ ਹਮੇਸ਼ਾ ਇਹ ਸੁਨਿਸ਼ਚਿਤ ਕਰਦਾ ਹੈ ਕਿ ਉਸਦੇ ਗ੍ਰਾਹਕਾਂ ਨੂੰ ਬਿੱਲ ਵਿਚਲੇ ਵਧੇ ਪੈਸਿਆਂ ਦੀ ਸਹੀ ਵਾਪਸੀ ਹੋਵੇ ਅਤੇ ਇਸ ਲਈ ਉਹ ਸਿਰਫ 15 ਸੈਂਟ ਵਾਪਿਸ ਕਰਨ ਲਈ ਵੀ 3 ਜਾਂ 4 ਮੀਲ ਦੀ ਤੱਕ ਖਰਾਬ ਮੌਸਮ ਵਿੱਚ ਵੀ ਜਾਵੇਗਾ। ਇਸ ਲਈ ਲੈਂਗਲੀ ਨੇ ਰਾਬਰਟ ਦੀ ਚੰਗੀ ਕਾਰਗੁਜ਼ਾਰੀ ਬਦਲੇ ਉਸਦੀ ਮਦਦ ਕਰਨ ਲਈ ਕਮਿਊਨੀਟੀ ਵਿੱਚ ਪਹੁੰਚ ਕਰਕੇ ਨਵੀਂ ਕਾਰ ਖਰੀਦਣ ਦੀ ਗੱਲ ਕੀਤੀ। ਇਸਦੇ ਬਾਅਦ ਸਿਰਫ ਦੋ ਦਿਨਾਂ ਵਿੱਚ, ਟਿਪਟਨ ਦੇ ਲੋਕਾਂ ਨੇ ਇੱਕ ਚਮਕਦਾਰ, ਲਾਲ ਚੈਵੀ ਮਾਲਿਬੂ ਕਾਰ ਲਈ ਸਹਾਇਤਾ ਦਿੱਤੀ, ਜਿਸ ਵਿੱਚ ਬੀਮਾ ਅਤੇ ਗੈਸ ਦੇ ਪੈਸੇ ਵੀ ਸ਼ਾਮਿਲ ਸਨ , ਜਿਹਨਾਂ ਦੀ ਕੁੱਲ ਕੀਮਤ 19,000 ਡਾਲਰ ਸੀ।

## ਅਜੋਕੀ ਗੱਲ

ਜਿਹੜੇ ਗੱਲ ਨਾ ਸੁਣਨੀ ਚਾਹੁੰਦੇ ਸੀ

ਅੱਜ ਖ਼ੁਦ ਮਨਜ਼ੂਰੀਆਂ ਦਿੰਦੇ ਨੇ ।

ਚੱਲ ਕੇ ਤਰਾਂ ਤਰਾਂ ਦੀਆਂ ਚਾਲਾਂ ਉਹ

ਸਾਨੂੰ ਮਸ਼ਹੂਰੀਆਂ ਦਿੰਦੇ ਨੇ।

ਅੱਧੀ ਰਾਤ ਨੂੰ ਉਠ ਉਠ ਸੋਚਦੇ ਨੇ

ਐਵੇਂ ਸੁੱਤੇ ਸ਼ੇਰ ਜਗਾ ਬੈਠੇ।

ਉਂਜ ਅੰਦਰੋਂ ਥਰ ਥਰ ਕੰਬਦੇ ਨੇ

ਐਪਰ ਬਾਹਰੋਂ ਘੂਰੀਆਂ ਦਿੰਦੇ ਨੇ।

**– ਮੂਲ ਚੰਦ ਸ਼ਰਮਾ ਪ੍ਰਧਾਨ**

**ਪੰਜਾਬੀ ਸਾਹਿਤ ਸਭਾ ਧੂਰੀ (ਪੰਜਾਬ)**

## ਅੰਨਦਾਤਿਆਂ ਦਾ ਇਤਿਹਾਸ

ਇੱਕ ਸੌ ਸੱਠ ਸ਼ਹੀਦ,

ਹੋ ਗਏ ਹੱਕਾਂ ਲਈ।

ਕਿੰਨੇ ਹੋਣਗੇ ਹੋਰ,

ਜ਼ਮੀਨੀਂ ਟੱਕਾਂ ਲਈ।

ਤੁਸੀਂ ਓਡਵਾਇਰ ਪੁੱਤੋ,

ਕਿਤੇ ਭੁੱਲ ਜਾਇਓ ਨਾ

ਇਹ ਤਾਂ ਸਕੇ ਭਾਈ ਨੂੰ,

ਮਾਰ ਦਿੰਦੇ ਨੇ ਵੱਟਾਂ ਲਈ ।

**–ਰੁਲਦੂ ਬੱਕਰੀਆਂ ਵਾਲ਼ਾ**

**ਪਿੰਡ ਰੰਚਣਾਂ, ਪੰਜਾਬ (ਭਾਰਤ)**

# ਕਿਸਾਨਾਂ ਦੇ ਪ੍ਰਦਰਸ਼ਨ ਤੋਂ ਬਾਅਦ ਸਰਕਾਰ ਨੇ ਦਿਖਾਈ ਸਖ਼ਤੀ

**ਨਵੀਂ ਦਿੱਲੀ–** ਗਣਤੰਤਰ ਦਿਵਸ 'ਤੇ ਕਿਸਾਨਾਂ ਨੇ ਪ੍ਰਦਰਸ਼ਨ ਤੇ ਦਿੱਲੀ 'ਚ ਸਥਿਤੀ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਚ ਪੱਧਰੀ ਬੈਠਕਾਂ ਦਾ ਦੌਰ ਜਾਰੀ ਹੈ। ਇਸ ਬੈਠਕ 'ਚ ਗ੍ਰਹਿ ਸਕੱਤਰ, ਦਿੱਲੀ ਪੁਲਿਸ ਦੇ ਅਧਿਕਾਰੀ ਤੇ ਹੋਰ ਅਧਿਕਾਰੀ ਸ਼ਾਮਲ ਹੋਏ। ਬੈਠਕ 'ਚ ਫੈਸਲਾ ਲਿਆ ਗਿਆ ਨੀਮ ਫ਼ੌਜੀ ਬਲਾਂ ਦੀਆਂ ਕੰਪਨੀਆਂ ਨੂੰ ਦਿੱਲੀ 'ਚ ਤਾਇਨਾਤ ਕੀਤਾ ਜਾਵੇਗਾ। ਇਹ ਉਹਨਾਂ 15 ਕੰਪਨੀਆਂ ਦੇ ਉਪਰ ਹੋਣਗੇ, ਜੋ ਕੱਲ ਭੇਜੀ ਗਈ ਸੀ। 5 ਕੰਪਨੀਆਂ ਅੱਜ ਸਟੈਂਡਬਾਏ 'ਤੇ ਸੀ। ਯਾਨੀ ਦਿੱਲੀ 'ਚ 1500 ਤੋਂ ਜ਼ਿਆਦਾ ਨੀਮ ਫ਼ੌਜੀ ਬਲਾਂ ਦੀ ਤਾਇਨਾਤੀ ਦੇ ਹੁਕਮ ਦਿੱਤੇ ਗਏ ਹਨ। ਜਿਥੇ ਮੰਗਲਵਾਰ ਨੂੰ ਹਿੰਸਾ ਹੋਈ ਹੈ। ਇਹ ਥਾਂ ਨਾਂਗਲੋਈ, ਆਈਟੀਓ ਤੇ ਗਾਜ਼ੀਪੁਰ ਹੈ। ਅੱਜ ਦੀ ਹਿੰਸਾ ਨਾਲ ਜੁੜੀ ਹਰ ਪਹਿਲੂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਹੁਣ ਤਕ ਤਿੰਨ ਅਹਿਮ ਬੈਠਕਾਂ ਹੋ ਚੁੱਕੀਆਂ ਹਨ। ਗ੍ਰਹਿ ਮੰਤਰਾਲੇ ਤੇ ਦਿੱਲੀ ਪੁਲਿਸ ਵੱਲੋਂ ਬਣਾਈ ਗਈ ਵਿਸ਼ੇਸ਼ ਟੀਮ ਦਿੱਲੀ-ਐੱਨਸੀਆਰ ਦੇ ਅਧਿਕਾਰੀਆਂ ਤੋਂ ਜਾਣਕਾਰੀ ਲਈ ਜਾ ਰਹੀ ਹੈ।



### ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਕਾਮਰੇਡ ਗੰਧਰਵ ਸੈਨ ਕੋਛੜ ਦੇ ਜਨਮ ਦਿਹਾੜੇ

# ਨੌਜਵਾਨਾਂ ਨੂੰ ਉਚੇਰੀ ਪਰਵਾਜ਼ ਭਰਨ ਦਾ ਦਿੱਤਾ ਸੁਨੇਹਾ





**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਮਰਹੂਮ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਮੌਕੇ ਹਰੀ ਹਰ ਮੰਦਰ ਦੇ ਹਾਲ ਨੂਰਮਹਿਲ ਵਿਖੇ ਯਾਦਗਾਰੀ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਆਗਾਜ਼ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਪ੍ਰਿੰ. ਰੀਨਾ ਸਹਿਜਪਾਲ ਦੇ ਸ਼ੁਰੂਆਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਨੇ ਨਵੇਂ ਆਦਾਜ਼ 'ਚ ਜਨਮ ਦਿਹਾੜਾ ਮਨਾਉਣ ਦੀ ਸ਼ਾਨਦਾਰ ਰਵਾਇਤ ਤੋਂ ਵਿਦਿਆਰਥੀਆਂ ਨੂੰ ਪ੍ਰੇਰਨਾ ਲੈਣ ਲਈ ਕਿਹਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਕਾਮਰੇਡ ਗੰਧਰਵ ਸੈਨ ਕੋਛੜ ਦੇ ਸੰਗਰਾਮੀ ਜੀਵਨ ਉਪਰ ਝਾਤ ਪਵਾਉਂਦਿਆਂ ਅਜੋਕੇ ਸਮਿਆਂ ਅੰਦਰ ਲੜਕੀਆਂ ਦੀ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਵੈ-ਮਾਣ ਭਰੀ ਜ਼ਿੰਦਗੀ ਵਿੱਚ ਨਵੇਂ ਰੰਗ ਭਰਨ ਲਈ ਸਮਾਜ ਨੂੰ ਅਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦਾ ਰਾਹ ਪੱਧਰਾ ਕਰਦੇ ਕਾਲ਼ੇ ਕਾਨੂੰਨਾਂ ਦਾ ਵਿਰੋਧ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਇਹ ਕਾਨੂੰਨ ਸਿਰਫ਼ ਖੇਤੀ ਅਤੇ ਕਿਸਾਨ ਵਿਰੋਧੀ ਨਹੀਂ ਸਗੋਂ ਲੋਕ ਅਤੇ ਸਮਾਜ ਵਿਰੋਧੀ ਵੀ ਹਨ, ਇਸ ਲਈ ਸਮੂਹ ਦੇਸ਼ ਵਾਸੀਆਂ ਨੂੰ ਲੰਮਾ ਦਮ ਰੱਖ ਕੇ ਘੋਲ ਦੇ ਸਮਰਥਨ ਲਈ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਨੇ ਸਨਅਤੀ ਕਾਮਿਆਂ ਵਿਰੋਧੀ ਬਣੇ ਤਾਜ਼ਾ ਕਾਨੂੰਨਾਂ ਨੂੰ ਵੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਡਾ. ਭੀਮ ਇੰਦਰ ਸਿੰਘ, ਡਾ. ਨਿਵੇਦਤਾ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ.ਸ਼ਕਤੀ ਮਹਿਦਰੂ, ਸੇਵਾ ਮੁਕਤ ਐਸ.ਐਮ.ਓ. (ਹੋਮਿਓਪੈਥਿਕ), ਪ੍ਰਿੰ. ਸੁਮਨ ਪਾਠਕ (ਸ਼ਿਵਾ ਪਬਲਿਕ ਸਕੂਲ, ਨੂਰਮਹਿਲ) ਨੇ ਸੰਬੋਧਨ ਕੀਤਾ।

ਸਮੂਹ ਬੁਲਾਰਿਆਂ ਨੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਨ੍ਹਾਂ ਦੇ ਭਵਿੱਖ ਅਗੇ ਬਹੁਤ ਹੀ ਚੌਤਰਫ਼ੀਆਂ ਤੇ ਤਿੱਖੀਆਂ ਚੁਣੌਤੀਆਂ ਖੜ੍ਹੀਆਂ ਹਨ, ਇਸ ਲਈ ਆਪਣੇ ਸਿਲੇਬਸਾਂ ਦੇ ਨਾਲ-ਨਾਲ ਸਮਾਜ ਅੰਦਰ ਵਾਪਰ ਰਹੇ ਗੰਭੀਰ ਵਰਤਾਰਿਆਂ ਨੂੰ ਸਮਝਣ, ਪੜ੍ਹਣ, ਅਨੁਭਵ ਅਤੇ ਅਧਿਐਨ ਕਰਦਿਆਂ ਆਪਣੇ ਆਉਣ ਵਾਲੇ ਕੱਲ੍ਹ ਦਾ ਨਵਾਂ ਵਰਕਾ ਲਿਖਣ ਲਈ ਚੇਤਨ ਹੋਣ ਦੀ ਲੋੜ ਹੈ। ਇਸ ਸਮਾਗਮ 'ਚ ਡਾ. ਪਦਮ ਕੁਮਾਰ ਕੋਹਲੀ, ਸ੍ਰੀਮਤੀ ਸਾਧਨਾ ਕੋਹਲੀ, ਰਾਜ ਕਿਸ਼ਨ ਓਹਰੀ, ਕਮਲ ਅਤੇ ਮਨਜੀਤ ਨੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ।

ਇਸ ਮੌਕੇ ਮਿਹਨਤਕਸ਼ ਪਰਿਵਾਰਾਂ ਅਤੇ ਜ਼ਿੰਦਗੀ ਦੀ ਨਵੀਂ ਪਰਵਾਜ਼ ਭਰਨ ਜਾ ਰਹੇ ਵਿਦਿਆਰਥੀਆਂ, ਨੌਜਵਾਨਾਂ ਨੂੰ ਜ਼ਿੰਦਗੀ ਜ਼ਿੰਦਾਬਾਦ ਯਾਦਗਾਰੀ ਚਿੰਨ੍ਹਾਂ, ਕਿਤਾਬਾਂ ਅਤੇ ਸਹਾਇਤਾ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ 'ਚ ਧਰਮਿੰਦਰ ਮਸਾਣੀ, ਨਰਗਿਸ ਨਗਰ, ਸੁਪਰੀਤ ਰਾਏਪੁਰ ਡੱਬਾ, ਕੁਲਦੀਪ ਜਲੂਰ, ਰਵਿੰਦਰ, ਦੀਪਕ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਕਿਰਨ, ਕੋਮਲ ਅਤੇ ਸਮ੍ਰਿਤੀ (ਨੂਰਮਹਿਲ) ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਡਾ. ਨਿਵੇਦਤਾ ਸਿੰਘ, ਧਰਮਿੰਦਰ ਮਸਾਣੀ, ਕੁਲਦੀਪ ਜਲੂਰ ਅਤੇ ਨਰਗਿਸ ਨਗਰ ਦੇ ਗੀਤਾਂ ਨੇ ਸਰੋਤਿਆਂ ਨੂੰ ਕੀਲ ਲਿਆ।

# ਨਾਮਵਰ ਸ਼ਾਇਰ ਮਦਨ ਵੀਰਾ ਜੀ ਦਾ ਸਨਮਾਨ



**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਅੱਜ ਸਭਾ ਦੇ ਪ੍ਰਧਾਨ ਸ਼ਾਇਰ ਮਦਨ ਵੀਰਾ ਨੂੰ ਸਿੱਖਿਆ ਵਿਭਾਗ ਵਿਚ ਸ਼ਾਨਾਮੱਤੀ ਸੇਵਾਵਾਂ ਨਿਭਾਉਣ ਉਪਰੰਤ ਸੇਵਾ-ਮੁਕਤੀ ਤੇ ਸਨਮਾਨਿਤ ਕਰਨ ਲਈ ਸਮਾਗਮ ਰਚਾਇਆ ਜਿਸ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ ਨੇ ਕੀਤੀ।ਸਮਾਗਮ ਦੇ ਸ਼ੁਰੂਆਤ 'ਚ ਦਿੱਲੀ ਦੇ ਬਾਰਡਰ ਤੇ ਕੜਾਕੇ ਦੀ ਠੰਡ ਵਿਚ ਦੋ ਮਹੀਨੇ ਤੋਂ ਚੱਲ ਰਹੇ ਕਿਸਾਨ-ਮਜ਼ਦੂਰ ਅੰਦੋਲਨ ਦੌਰਾਨ 150 ਦੇ ਕਰੀਬ ਸ਼ਹੀਦੀ ਪ੍ਰਪਤ ਕਰ ਗਏ ਅੰਦੋਲਨਕਾਰੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਉਪਰੰਤ ਕਿਸਾਨ-ਮਜ਼ਦੂਰ ਸੰਘਰਸ਼ ਦੇ ਹੱਕ ਵਿਚ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਤਿੰਨੋ ਖੇਤੀ ਵਿਰੋਧੀ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ।

ਸਨਮਾਨਿਤ ਕੀਤੇ ਜਾ ਰਹੇ ਸ਼ਾਇਰ ਮਦਨ ਵੀਰਾ ਦੀ ਸ਼ਖ਼ਸੀਅਤ ਤੇ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਡਾ. ਕਰਮਜੀਤ ਸਿੰਘ, ਡਾ. ਮਨਮੋਹਨ ਸਿੰਘ ਤੀਰ ਅਤੇ ਡਾ. ਜਸਵੰਤ ਰਾਏ ਨੇ ਚਰਚਾ ਕਰਦਿਆਂ ਕਿਹਾ ਕਿ ਸੰਘਰਸ਼ਮਈ ਜ਼ਿੰਦਗੀ 'ਚੋਂ ਨਿਕਲਣ ਕਰਕੇ ਮਦਨ ਵੀਰਾ ਦੀ ਕਵਿਤਾ ਵੀ ਤਲਖ਼ ਹਕੀਕਤਾਂ 'ਚੋਂ ਪੈਦਾ ਹੋਈ ਹੈ।ਸ਼ਬਦਾਂ ਦੇ ਘਾੜੇ ਮਦਨ ਵੀਰਾ ਨੇ ਆਪਣੀ ਕਵਿਤਾ ਵਿਚ ਹਾਸ਼ੀਏ ਤੇ ਪਈ ਧਿਰ ਦੇ ਰੋਹ ਤੇ ਵਿਦਰੋਹ ਦਾ ਵਰਨਣ ਬੜੇ ਭਾਵਪੂਰਤ ਢੰਗ ਨਾਲ ਕੀਤਾ ਹੈ।ਉਹ ਸਮਤਾ ਸਮਾਨਤਾ ਵਾਲੇ ਸਮਾਜ ਦਾ ਹਾਮੀ ਹੈ ਤੇ ਮਾਨਵਵਾਦੀ ਕਦਰਾਂ ਕੀਮਤਾਂ ਦਾ ਮੁਦਈ।ਉਸ ਦੀ ਕਵਿਤਾ ਪੰਜਾਬ ਤੇ ਪੰਜਾਬ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਵਿਚ ਵੀ ਅਧਿਐਨ ਵਿਸ਼ਲੇਸ਼ਣ ਦਾ ਅੰਗ ਬਣੀ ਹੈ।ਮਦਨ ਦੀ ਕਵਿਤਾ ਨੇ ਦੇਸੀ ਤੇ ਵਿਦੇਸ਼ੀ ਜ਼ੁਬਾਨਾਂ ਵਿਚ ਅਨੁਵਾਦ ਹੋ ਕੇ ਪਾਠਕਾਂ ਦਾ ਘੇਰਾ ਵਿਸ਼ਾਲ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਤ੍ਰਿਪਤਾ ਕੇ ਸਿੰਘ ਅਤੇ ਸਤੀਸ਼ ਕੁਮਾਰ ਨੇ ਵੀ ਮਦਨ ਵੀਰਾ ਤੇ ਉਸਦੀ ਸਿਰਜਣ ਪ੍ਰਕਿਰਿਆ ਬਾਰੇ ਚਰਚਾ 'ਚ ਹਿੱਸਾ ਲਿਆ।ਅੰਤ ਵਿਚ ਸਭਾ ਵਲੋਂ ਮਦਨ ਵੀਰਾ ਤੇ ਉਨ੍ਹਾਂ ਦੀ ਧਰਮ ਪਤਨੀ ਮੈਡਮ ਪਰਮਜੀਤ ਕੌਰ ਹੁਰਾਂ ਨੂੰ ਲੋਈ, ਸ਼ਾਲ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।ਮਦਨ ਵੀਰਾ ਨੇ ਸਭਾ ਦਾ ਧੰਨਵਾਦ ਕਰਦਿਆਂ ਬਹੁਤ ਸਾਰੇ ਨਿੱਜੀ ਤਜਰਬੇ ਅਤੇ ਦਿੱਲੀ ਦੀਆਂ ਸਾਹਿਤਕ ਯਾਦਾਂ ਸਾਂਝੀਆਂ ਕੀਤੀਆਂ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।ਰਚਨਾਵਾਂ ਦੇ ਦੌਰ ਵਿਚ ਸਾਹਿਤਕ ਦੋਸਤਾਂ ਨੇ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਿੰਸੀਪਲ ਦਾਸ ਭਾਰਤੀ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਜੀਤ ਸਿੰਘ ਜੱਬਲ, ਰਾਜ ਕਾਮਰ ਘਾਸੀਪੁਰੀਆ, ਪਰਵੀਨ, ਸੁਰਿੰਦਰ ਸੱਲ੍ਹਣ, ਸੁਰਜੀਤ ਸਿੰਘ,ਹਰਵਿੰਦਰ ਸਾਬੀ, ਹਰਜਿੰਦਰ ਹਰਗੜ੍ਹੀਆ, ਕੁਲਵੰਤ ਸਿੰਘ, ਗਗਨ ਕੁਮਾਰ ਆਦਿ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
**ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ**
**(91-98158-25999)**

# ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ



ਪੰਜਾਬੀ ਸਾਹਿਤ ਸਭਾ ਖੰਨਾ (ਰਜਿ:) ਦੀ ਮਾਸਿਕ ਇਕੱਤਰਤਾ ਸਰਦਾਰ ਪੰਛੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਤੋਂ ਬਾਅਦ ਕਿਸਾਨੀ ਸੰਘਰਸ਼ ਨੂੰ ਸਮਰਪਿਤ ਮਾਰਚ ਵੀ ਕੱਢਿਆ ਗਿਆ ਜੋ ਕਿ ਪ੍ਰਿ ਤਰਸੇਮ ਬਾਹੀਆ ਦੀ ਭੁੱਖ ਹੜਤਾਲ ਵਾਲੇ ਸਥਾਨ 'ਤੇ ਪਹੁੰਚਿਆ।

ਸਭਾ ਦੀ ਕਾਰਵਾਈ ਗੁਰੀ ਤੁਰਮਰੀ ਨੇ ਚਲਾਈ। ਰਚਨਾਵਾਂ ਦੇ ਦੌਰ ਵਿੱਚ ਦਰਸ਼ਨ ਸਿੰਘ ਗਿੱਲ ਨੇ ਵਿਅੰਗ ਗੀਤ 'ਦੇਸ਼ ਵੇਚਦਾ ਗੇ', ਮਨਜੀਤ ਕੌਰ ਜੀਤ ਨੇ ਕਵਿਤਾ 'ਹਾਕਮ ਦਾ ਈਮਾਨ', ਗੁਰਜੰਟ ਸਿੰਘ ਮਰਾੜ ਨੇ ਕਵਿਤਾ 'ਕੰਮ ਕਿਸੇ ਆ ਜਾਵਾਂ', ਨਰਿੰਦਰ ਮਣਕੂ ਨੇ ਗਜ਼ਲ, ਸੁਖਦੇਵ ਸਿੰਘ ਕੁੱਕੂ ਨੇ ਮਿੰਨੀ ਕਹਾਣੀ 'ਘੁੰਗਰੂਆਂ ਵਾਲਾ ਪ੍ਰਾਹੁਣਾ', ਜਗਦੇਵ ਸਿੰਘ ਘੁੰਗਰਾਲੀ ਨੇ ਖੁੱਲ੍ਹੀ ਕਵਿਤਾ 'ਅਸੀਂ ਬਗਾਵਤ ਕਰਾਂਗੇ', ਧਰਮਿੰਦਰ ਸ਼ਾਹਿਦ ਨੇ ਗਜ਼ਲ, ਜਿੰਮੀ ਅਹਿਮਦਗੜ੍ਹ ਨੇ ਗੀਤ 'ਦਿੱਲੀਏ', ਹਰਬੰਸ ਸਿੰਘ ਸ਼ਾਨ ਨੇ ਕਵਿਤਾ 'ਦੰਗੇਬਾਜ਼', ਗੁਰਵਿੰਦਰ ਸਿੰਘ ਸੰਧੂ ਨੇ ਕਵਿਤਾ 'ਮੈਂ ਤੀਰ ਨਿਸ਼ਾਨਾ ਲਾਉਣਾ ਹੈ', ਭਗਵੰਤ ਸਿੰਘ ਲਿੱਟ ਨੇ ਗੀਤ 'ਦਿੱਲੀ ਵੱਲ ਮੁੱਖ ਮੋੜਦੋ', ਗੁਰਵਰਿੰਦਰ ਗਰੇਵਾਲ ਨੇ ਗੀਤ 'ਬਿੱਲ ਰੱਦ ਕਰਵਾਉਣੇ', ਨੇਤਰ ਸਿੰਘ ਮੁੱਤੋਂ ਨੇ ਮਿੰਨੀ ਕਹਾਣੀ 'ਲਾਹਨਤ', ਮਨਜੀਤ ਸਿੰਘ ਧੰਜਲ ਨੇ ਮਿੰਨੀ ਕਹਾਣੀ 'ਐਬ', ਅਵਤਾਰ ਸਿੰਘ ਉਟਾਲਾਂ ਨੇ ਕਵਿਤਾ 'ਸੁੱਕਾ ਹੇਜ', ਗੁਰੀ ਤਰਮਰੀ ਨੇ ਕਵਿਤਾ 'ਕਸਵੱਟੀ', ਵਰਿੰਦਰ ਖੰਨਾ ਨੇ ਕਵਿਤਾ 'ਸ਼ਹੀਦੀਆਂ ਦੀ ਰੁੱਤ', ਜੰਗ ਚਾਪੜਾ ਨੇ ਗੀਤ 'ਕੌਣ ਜ਼ਿੰਮੇਵਾਰ', ਗੁਰਦੀਪ ਮਹੌਣ ਨੇ ਮਿੰਨੀ ਕਹਾਣੀ 'ਵਿੰਡ' ਅਤੇ ਉੱਘੇ ਗਜ਼ਲਗੋ ਸਰਦਾਰ ਪੰਛੀ ਨੇ ਗਜ਼ਲ ਦੀ ਸਾਂਝ ਪਾਈ। ਸਾਰੀਆਂ ਰਚਨਾਵਾਂ 'ਤੇ ਭਰਵੀਂ ਵਿਚਾਰ ਚਰਚਾ ਹੋਈ।

**– ਤਸਵਿੰਦਰ ਸਿੰਘ ਬੜੈਚ**
**91-75279-31887**

# ਨਵੇਂ ਅਮਰੀਕੀ ਰਾਸ਼ਟਰਪਤੀ ਲਈ ਚੁਣੌਤੀਆਂ ਭਰਪੂਰ ਹੋਵੇਗਾ ਕਾਰਜਕਾਲ

**(ਸਫਾ 1 ਦੀ ਬਾਕੀ)**

ਤੇ ਹੋਰ ਨਸਲਾਂ ਦੇ ਲੋਕ ਆਪਣੇ ਆਪ ਨੂੰ ਅਲੱਗ ਥਲੱਗ ਹੋਇਆ ਮਹਿਸੂਸ ਕਰ ਰਹੇ ਹਨ। ਜੋਅ ਬਾਇਡੇਨ ਨੇ ਆਪਣੀ ਚੋਣ ਮੁਹਿੰਮ ਦੌਰਾਨ ਅਮਰੀਕੀਆਂ ਵਿਚ ਪਈ ਇਸ ਵੰਡ ਨੂੰ ਮੁੱਖ ਤੌਰ 'ਤੇ ਉਭਾਰਿਆ ਤੇ ਇਸ ਦਾ ਵਿਰੋਧ ਕਰਦਿਆਂ ਡੋਨਲਡ ਟਰੰਪ ਦਾ ਇਕਜੁੱਟ ਹੋ ਕੇ ਮੁਕਾਬਲਾ ਕਰਨ ਤੇ ਉਸ ਨੂੰ ਗੱਦੀ ਤੋਂ ਲਾਹੁਣ ਦਾ ਸੱਦਾ ਦਿੱਤਾ ਸੀ। ਇਸ ਲਈ ਕਾਲੇ ਲੋਕਾਂ ਤੋਂ ਇਲਾਵਾ ਗੋਰਿਆਂ ਨੇ ਵੀ ਟਰੰਪ ਦੀਆਂ ਸਮਾਜ ਵਿਚ ਫੁਟ ਪਾਊ ਨੀਤੀਆਂ ਦੇ ਵਿਰੋਧ 'ਚ ਵੱਡੀ ਤਾਦਾਦ ਵਿਚ ਬਾਇਡੇਨ ਦੇ ਹੱਕ ਵਿਚ ਵੋਟਾਂ ਪਾਈਆਂ। ਪਰ ਇਸ ਦੇ ਬਾਵਜੂਦ 47% ਤੋਂ ਵਧ ਅਮਰੀਕੀ ਜੋ ਟਰੰਪ ਦੇ ਹੱਕ ਵਿਚ ਭੁਗਤੇ ਹਨ, ਅੱਜ ਵੀ ਟਰੰਪ ਦੇ ਨਾਲ ਖੜੇ ਹਨ। ਉਹਨਾਂ ਵਿਚੋਂ ਜ਼ਿਆਦਾਤਰ ਦਾ 'ਗੋਰਿਆਂ ਦੀ ਸੁਪਰਮੇਸੀ' ਵਿਚ ਵਿਸ਼ਵਾਸ ਹੈ। ਇਹਨਾਂ ਲੋਕਾਂ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਕਰਨਾ ਬਾਈਡਨ ਲਈ ਇਕ ਮੁਸ਼ਕਿਲਾਂ ਭਰਿਆ ਕੰਮ ਹੈ। ਅਹੁੱਦਾ ਛੱਡਣ ਤੋਂ ਬਾਅਦ ਟਰੰਪ ਨੇ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਿਲ ਨਾ ਹੋ ਕੇ ਇਹ ਸੰਕੇਤ ਦਿੱਤਾ ਹੈ ਕਿ ਉਹ ਆਪਣੀ ਅਮਰੀਕਾ/ਅਮਰੀਕਨ ਫਸਟ ਦੀ ਨੀਤੀ ਤਹਿਤ ' ਗੋਰਿਆਂ ਦੀ ਸੁਪਰਮੇਸੀ' ਵਾਲੀ ਪਹੁੰਚ ਵਿਚ ਤਬਦੀਲੀ ਕਰਨ ਵਾਲੇ ਨਹੀਂ ਹਨ। ਬੇਸ਼ੱਕ ਉਹ ਅਹੁੱਦਾ ਛੱਡਣ ਲਈ ਮਜਬੂਰ ਹੋਏ ਹਨ ਪਰ ਸੋਚ ਛੱਡਣ ਲਈ ਉਹਨਾਂ ਨੂੰ ਕੋਈ ਵੀ ਮਜਬੂਰ ਨਹੀਂ ਕਰ ਸਕਦਾ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਉਹ ਸਮੇਂ ਸਮੇਂ 'ਤੇ ਆਪਣੇ ਸਮਰਥਕਾਂ ਨੂੰ ਉਕਸਾਉਂਦੇ ਰਹਿਣਗੇ ਜਿਸ ਨਾਲ ਸਮਾਜਿਕ ਤਣਾਅ ਬਣੇ ਰਹਿਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਸਮਾਜਿਕ ਵੰਡ ਤੇ ਤਣਾਅ ਨਾਲ ਬਾਇਡੇਨ ਕਿਸ ਤਰਾਂ ਨਜਿੱਠਦੇ ਹਨ ਇਹ ਵੇਖਣ ਵਾਲੀ ਗੱਲ ਹੋਵੇਗੀ। ਹਾਲਾਂ ਕਿ ਬਾਇਡੇਨ ਨੇ ਸਹੁੰ ਚੁੱਕਣ ਤੋਂ ਪਹਿਲਾਂ ਆਪਣੇ ਪ੍ਰਸ਼ਾਸਨ ਵਿਚ ਹਰ ਨਸਲ ਦੇ ਲੋਕਾਂ ਨੂੰ ਸ਼ਾਮਿਲ ਕਰਕੇ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹਨਾਂ ਲਈ ਸਭ ਬਰਾਬਰ ਹਨ। ਕੋਈ ਸੁਪਰ ਨਹੀਂ ਹੈ ਤੇ ਨਾ ਹੀ ਕੋਈ ਲੋਅਰ ਹੈ। 20 ਦੇ ਕਰੀਬ ਭਾਰਤੀ ਮੂਲ ਦੇ ਅਮਰੀਕੀਆਂ ਦੀਆਂ ਵੀ ਬਾਈਡੇਨ ਨੇ ਆਪਣੇ ਪ੍ਰਸ਼ਾਸ਼ਨ ਵਿਚ ਉੱਚ ਅਹੁਦਿਆਂ ਉਪਰ ਨਿਯੁਕਤੀਆਂ ਕੀਤੀਆਂ ਹਨ। ਹਾਲਾਂ ਕਿ ਉਹਨਾਂ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਵੀ ਸਮੁੱਚੇ ਅਮਰੀਕੀਆਂ ਨੂੰ ਇਕਜੁੱਟ ਹੋਣ ਤੇ ਬੀਤੇ ਵਿਚ ਜੋ ਕੁਝ ਵਾਪਰਿਆ ਹੈ ਉਸ ਨੂੰ ਭੁਲਾ ਦੇਣ ਦਾ ਸੱਦਾ ਦਿੱਤਾ ਹੈ ਪਰ ਇਸ ਇਕਜੁੱਟਤਾ ਵਿਚ ਟਰੰਪ ਜੋ ਅੜਿੱਕੇ ਖੜੇ ਕਰਨਗੇ ਉਸ ਨੂੰ ਕਿਸੇ ਵੀ ਤਰਾਂ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਬਾਈਡੇਨ ਦੇ ਰਾਸ਼ਟਰਪਤੀ ਬਣਨ ਨਾਲ ਕੌਮਾਂਤਰੀ ਪੱਧਰ ਉਪਰ ਬਹੁਤ ਕੁਝ ਉਲਟਾ ਫੇਰ ਹੋਣ ਦੀ ਸੰਭਾਵਨਾ ਹੈ। ਭਾਰਤ ਨਾਲ ਸਬੰਧ ਮਜ਼ਬੂਤ ਹੋਣ ਦੀ ਪੂਰੀ ਸੰਭਾਵਨਾ ਤੇ ਆਸ ਹੈ। ਬਾਈਡੇਨ ਇਸ ਸਬੰਧੀ ਸੰਕੇਤ ਦੇ ਚੁੱਕੇ ਹਨ। ਇਰਾਨ ਬਾਰੇ ਅਮਰੀਕੀ ਨੀਤੀ ਵਿਚ ਤਬਦੀਲੀ ਆ ਸਕਦੀ ਹੈ।

ਇਰਾਨ ਨੂੰ ਆਸ ਹੈ ਕਿ ਪਰਮਾਣੂ ਨੀਤੀ ਬਾਰੇ ਅਮਰੀਕਾ ਦੀ ਪਹੁੰਚ ਬਦਲੇਗੀ। ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਬਾਈਡੇਨ ਵੱਲੋਂ ਸਹੁੰ ਚੁੱਕਣ ਉਪਰੰਤ ਆਪਣੇ ਪ੍ਰਤੀਕਰਮ ਵਿਚ ਕਿਹਾ ਹੈ ' ਇਕ ਜਾਲਮ ਦਾ ਯੁੱਗ ਖਤਮ ਹੋ ਗਿਆ ਹੈ, ਅੱਜ ਇਸ ਰਾਜ ਦਾ ਆਖਰੀ ਅਸ਼ੁਭ ਦਿਨ ਸੀ।'' ਬਾਇਡੇਨ ਅਗਲੇ ਕੁਝ ਦਿਨਾਂ ਵਿਚ ਵਾਤਾਵਰਣ, ਵਿਸ਼ਵ ਸਿਹਤ ਸੰਗਠਨ ਤੇ ਇਮੀਗਰੇਸ਼ਨ ਨਾਲ ਸਬੰਧਤ 20 ਦੇ ਕਰੀਬ ਅਜਿਹੇ ਆਦੇਸ਼ਾਂ ਉਪਰ ਦਸਤਖਤ ਕਰਨ ਵਾਲੇ ਹਨ ਜਿਹਨਾਂ ਨਾਲ ਸਾਬਕਾ ਰਾਸ਼ਟਪਤੀ ਟਰੰਪ ਵੱਲੋਂ ਲਏ ਵਿਵਾਦਤ ਫੈਸਲੇ ਉਲਟਾ ਦਿੱਤੇ ਜਾਣਗੇ।

## ਹੁਸ਼ਿਆਰਪੁਰ ਖਬਰਨਾਮਾ / ਕੁਲਦੀਪ ਚੁੰਬਰ

# ਗੁਰਦੁਆਰਾ ਸ਼ਹੀਦਾਂ ਧੁਦਿਆਲ ਵਿਖੇ ਦਸਮ ਪਿਤਾ ਦਾ ਆਗਮਨ ਪੁਰਬ ਮਨਾਇਆ




**ਹੁਸ਼ਿਆਰਪੁਰ/ ਸ਼ਾਮਚੁਰਾਸੀ** – ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਆਗਮਨ ਪੁਰਬ ਨਨਕਾਣਾ ਸਾਹਿਬ ਦੇ ਗੁਰਦੁਆਰਾ ਸ਼ਹੀਦਾਂ ਧੁਦਿਆਲ ਵਿਖੇ ਸ਼ਰਧਾ ਤੇ ਧੂਮਧਾਮ ਨਾਲ ਸਮੂਹ ਸੰਗਤ ਵਲੋਂ ਮਨਾਇਆ ਗਿਆ। ਇਸ ਮੌਕੇ ਪਹਿਲਾਂ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੀ ਬਾਣੀ ਦੇ ਭੋਗ ਪਾਏ ਗਏ, ਉਪਰੰਤ ਕੀਤਰਨ ਦੀਵਾਨ ਸਜਾਏ ਗਏ। ਹੈਡ ਗ੍ਰੰਥੀ ਭਾਈ ਸਰਵਣ ਸਿੰਘ ਵਲੋਂ ਸੰਗਤ ਨੂੰ ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਕਵੀਸ਼ਰੀ ਜਥਾ ਬੀਬੀ ਸੁਪਿੰਦਰ ਕੌਰ, ਬੀਬੀ ਸੁਖਮੀਤ ਕੌਰ, ਬੀਬੀ ਕਰਮਨ-ਜੋਤ ਕੌਰ ਅਤੇ ਰਾਗੀ ਭਾਈ ਗੁਰਪ੍ਰੀਤ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਸੰਗਤ ਨੂੰ ਕੀਰਤਨ ਬਾਣੀ ਅਤੇ ਕਵੀਸ਼ਰੀ ਸਰਵਣ ਕਰਵਾਈ। ਪ੍ਰਬੰਧਕ ਕਮੇਟੀ ਸੁਖਵਿੰਦਰ ਸਿੰਘ ਸੋਢੀ, ਸੁਰਿੰਦਰ ਪਾਲ ਸਿੰਘ ਸ਼ਿੰਦੂ, ਬਲਵਿੰਦਰ ਸਿੰਘ ਬਿੰਦੀ, ਦਲਜੀਤ ਸਿੰਘ ਗੋਲਡੀ, ਹਰਵਿੰਦਰ ਸਿੰਘ ਹੈਪੀ ਵਲੋਂ ਆਏ ਬੁਲਾਰੇ ਅਤੇ ਰਾਗੀ ਸਿੰਘਾਂ ਨੂੰ ਸਿਰੋਪਾਓ ਦਿੱਤੇ ਗਏ। ਇਸ ਮੌਕੇ ਭਾਈ ਗੁਰਚੇਤਨ ਸਿੰਘ ਜੀ ਦੇ ਪਰਿਵਾਰ ਵਲੋਂ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਕਰਵਾਈ ਗਈ।

ਤਿੰਨੋਂ ਦਿਨ ਸਵ. ਭਾਈ ਨਿਰਮਲ ਸਿੰਘ ਡਿਪਟੀ ਦੇ ਪਰਿਵਾਰ ਵਲੋਂ ਸੰਗਤਾਂ ਨੂੰ ਗੁਰੂ ਦੇ ਲੰਗਰਾਂ ਦੀ ਸੇਵਾ ਕਰਵਾ ਕੇ ਵੱਡਾ ਪੁੰਨ ਖੱਟਿਆ।

# ਧੁਦਿਆਲ ਦੀ ਫੁੱਟਬਾਲ ਟੀਮ ਕਰ ਰਹੀ ਚੰਗੀ ਖੇਡ ਦਾ ਪ੍ਰਦਰਸ਼ਨ - ਕੋਚ ਕੋਮਲ ਦੂਹੜਾ

**ਹੁਸ਼ਿਆਰਪੁਰ/ ਸ਼ਾਮਚੁਰਾਸੀ–** ਪਿੰਡ ਧੁਦਿਆਲ ਦੀ ਫੁੱਟਬਾਲ ਟੀਮ ਚੰਗੀ ਖੇਡ ਦਾ ਪ੍ਰਦਰਸ਼ਨ ਕਰਦਿਆਂ




ਦਿਨ ਪੁਰ ਦਿਨ ਪਿੰਡ ਦਾ ਨਾਮ ਉੱਚਾ ਕਰ ਰਹੀ ਹੈ। ਇਹ ਵਿਚਾਰ ਫੁੱਟਬਾਲ ਕੋਚ ਅਤੇ ਪੰਜਾਬ ਲੀਗ ਦੇ ਰੇਫਰੀ ਸ਼੍ਰੀ ਕੋਮਲ ਦੂਹੜਾ ਨੇ ਇਕ ਮੁਲਾਕਾਤ ਦੌਰਾਨ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਪਿੰਡ ਦੇ ਨੌਜਵਾਨਾਂ ਵਿਚ ਫੁੱਟਬਾਲ ਦੀ ਖੇਡ ਲਈ ਕਾਫ਼ੀ ਉਤਸ਼ਾਹ ਹੈ ਅਤੇ ਉਹ ਪੂਰੀ ਤਨਦੇਹੀ ਨਾਲ ਰੋਜ਼ਾਨਾ ਗਰਾਊਂਡ ਵਿਚ ਪ੍ਰੈਕਟਿਸ ਕਰਨ ਲਈ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਫੁੱਟਬਾਲ ਦੀ ਚੰਗੀ ਖੇਡ ਲਈ ਵਧੀਆ ਕੋਚਿੰਗ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿੰਡ ਦੇ ਹੀ ਪ੍ਰਵਾਸੀ ਭਾਰਤੀ ਕੁਲਵੰਤ ਸਿੰਘ ਯੂ ਕੇ ਵਾਲਿਆਂ ਵਲੋਂ ਪਹਿਲਾਂ ਫੁੱਟਬਾਲ ਟੂਰਨਾਮੈਂਟ ਪਿੰਡ ਦੇ ਹੀ ਉਤਸ਼ਾਹਿਤ ਨੌਜਵਾਨਾਂ ਵਲੋਂ ਰਲਮਿਲ ਕੇ ਕਰਵਾਇਆ ਗਿਆ। ਫੁੱਟਬਾਲ ਖਿਡਾਰੀ ਮਨਿੰਦਰ ਲੱਕੀ ਨੇ ਦੱਸਿਆ ਕਿ ਸੁਖਵੀਰ ਸਿੰਘ ਸਹਾਇਕ ਕੋਚ ਵਲੋਂ ਵੀ ਉਨ੍ਹਾਂ ਨੂੰ ਚੰਗੀ ਖੇਡ ਲਈ ਗਾਇਡ ਲਾਈਨ ਦਿੱਤੀ ਗਈ। ਜਿਸ ਦੀ ਬਦੌਲਤ ਅੱਜ ਪਿੰਡ ਵਿਚ ਤਿੰਨ ਦਰਜ਼ਨ ਤੋਂ ਵੱਧ ਖਿਡਾਰੀ ਫੁੱਟਬਾਲ ਟੀਮ ਦੇ ਵਿਚ ਸ਼ਾਮਿਲ ਹਨ। ਇਸ ਤੋਂ ਇਲਾਵਾ ਹਾਕੀ ਦੀ ਟੀਮ ਦੇ ਵੀ ਆਪਣੀ ਦਿਨ ਰਾਤ ਮੇਹਨਤ ਕਰਕੇ ਕਾਮਯਾਬ ਹੋ ਰਹੀ ਹੈ।

# "ਸਤਿਗੁਰਾਂ ਦੀ ਕਿਰਪਾ" ਨਾਲ ਨੀਰੂ ਜੱਸਲ ਕਰੇਗੀ ਪੰਜਾਬੀ ਗਇਕੀ ਵਿੱਚ ਪ੍ਰਵੇਸ਼



**ਬੰਗਾ–** ਪ੍ਰਤੀਲਿੱਪੀ ਰਾਹੀਂ ਪੰਜਾਬੀ ਲੇਖਿਕਾ ਵਜੋਂ ਨਾਮ ਬਣਾ ਚੁੱਕੀ ਕੰਪਿਊਟਰ ਅਧਿਆਪਕਾ ਨੀਰੂ ਜੱਸਲ ਜਲਦ ਹੀ ਧਾਰਮਿਕ ਗੀਤ ''ਸਤਿਗੁਰਾਂ ਦੀ ਕਿਰਪਾ'' ਨਾਲ਼ ਪੰਜਾਬੀ ਗਇਕੀ ਦੇ ਖੇਤਰ ਵਿੱਚ ਪੈਰ ਪਾਉਣ ਜਾ ਰਹੀ ਹੈ। ਹੈਪੀ ਡੱਲੀ ਦੁਆਰਾ ਲਿਖੇ ਅਤੇ ਕੇ ਪੀ ਕ੍ਰੀਏਸ਼ਨ ਦੀ ਇਸ ਪੇਸ਼ਕਾਰੀ ਨੂੰ ਆਪਣੀ ਆਵਾਜ਼ ਵਿੱਚ ਪਰੋਣ ਉਪਰੰਤ ਨੀਰੂ ਜੱਸਲ ਨੇ ਪ੍ਰੈਸ ਨੂੰ ਦੱਸਿਆ ਕਿ ਐਚ ਏ ਕੇ ਰਿਕਾਰਡਜ਼ ਵੱਲੋਂ ਇਹ ਗੀਤ ਸ਼੍ਰੈਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਗੁਰਪੁਰਬ ਲਈ ਉਚੇਚੇ ਤੌਰ 'ਤੇ ਤਿਆਰ ਕੀਤਾ ਗਿਆ ਹੈ। ਇਸ ਗੀਤ ਸੰਬੰਧੀ ਮਨਦੀਪ ਕੇ ਬੀ ਵੱਲੋਂ ਤਿਆਰ ਕੀਤਾ ਗਿਆ ਪੋਸਟਰ ਜਲਦ ਹੀ ਰਲੀਜ਼ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਸੰਗੀਤ ਸਾਬ ਸਿੰਘ ਨੇ ਦਿੱਤਾ ਹੈ ਅਤੇ ਵੀਡਿਓਗ੍ਰਾਫ਼ੀ ਨਿਸ਼ੂ ਕਸ਼ਅਪ ਵੱਲੋਂ ਕੀਤੀ ਗਈ ਹੈ। ਨੀਰੂ ਜੱਸਲ ਅਨੁਸਾਰ ਇਸ ਧਾਰਮਿਕ ਨਾਲ਼ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰੀ ਉਪਰੰਤ ਉਹ ਜਲਦ ਹੀ ਸਾਹਿਤਕ ਅਤੇ ਸੱਭਿਆਚਾਰਕ ਗੀਤ ਲੈ ਕੇ ਵੀ ਸਰੋਤਿਆਂ ਦੀ ਕਚਹਿਰੀ ਵਿੱਚ ਹਾਜ਼ਰ ਹੋਵੇਗੀ।ਇਸ ਧਾਰਮਿਕ ਗੀਤ ਲਈ ਸਮੁੱਚੀ ਟੀਮ ਨੂੰ ਲੋਕਾਂ ਦਾ ਭਰਪੂਰ ਪਿਆਰ ਮਿਲਣ ਦੀਆਂ ਉਮੀਦਾਂ ਹਨ।

# ਕਿਸਾਨ ਅੰਦੋਲਨ ਤੋਂ ਬਾਅਦ ਸਖਤੀ --

(ਸਫਾ 3 ਦੀ ਬਾਕੀ)

ਨੁਕਸਾਨ ਦਾ ਜਾਇਜ਼ਾ ਲਿਆ। ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਕੱਲ ਦੀ ਘਟਨਾ ਦੇ ਸੰਬੰਧ ਵਿੱਚ ਇੱਕ ਮੀਟਿੰਗ ਵੀ ਚੱਲ ਰਹੀ ਹੈ। ਸੀ ਆਰ ਪੀ ਐਫ ਦੇ ਡੀਜੀ ਬੁੱਧਵਾਰ ਸਵੇਰੇ ਗ੍ਰਹਿ ਮੰਤਰਾਲੇ ਪਹੁੰਚੇ, ਜਿਥੇ ਉਹ ਗ੍ਰਹਿ ਸਕੱਤਰ ਅਜੈ ਭੱਲਾ ਨੂੰ ਲਾਲ ਕਿਲੇ ਵਿਚ ਵਾਪਰੀ ਘਟਨਾ ਦੀ ਜਾਣਕਾਰੀ ਦਿੱਤੀ।



**ਸੁਪਰੀਮ ਕੋਰਟ 'ਚ ਪਟੀਸ਼ਨ**

ਰਾਸ਼ਟਰੀ ਰਾਜਧਾਨੀ ਵਿੱਚ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਹੈ। ਦਿੱਲੀ 'ਚ ਹੋਈ ਹਿੰਸਾ ਦੇ ਖਿਲਾਫ਼ ਦਾਇਰ ਪਟੀਸ਼ਨ 'ਚ ਲਾਲ ਕਿਲੇ 'ਚ ਦੂਸਰਾ ਝੰਡਾ ਲਾਉਣ ਦੀ ਮੰਗ ਕੀਤੀ ਗਈ ਹੈ। ਇਸਦੇ ਨਾਲ ਹੀ ਹਿੰਸਾ 'ਤੇ ਵੀ ਧਿਆਨ ਰੱਖਣ ਦੀ ਬੇਨਤੀ ਕੀਤੀ ਗਈ ਹੈ। ਐਡਵੋਕੇਟ ਵਿਸ਼ਾਲ ਤਿਵਾੜੀ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਇੱਕ ਸੇਵਾਮੁਕਤ ਐਸ ਸੀ ਜੱਜ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਪਹਿਲਾਂ ਇੱਕ ਕਾਨੂੰਨ ਦੇ ਵਿਦਿਆਰਥੀ ਨੇ ਚੀਫ਼ ਜਸਟਿਸ ਆਫ਼ ਇੰਡੀਆ ਐਸਏ ਬੋਬਡੇ ਨੂੰ ਇੱਕ ਪੱਤਰ ਵੀ ਲਿਖਿਆ ਸੀ ਜਿਸ ਵਿੱਚ ਲਾਲ ਕਿਲੇ ਵਿੱਚ ਇੱਕ ਹੋਰ ਭਾਈਚਾਰੇ ਦਾ ਝੰਡਾ ਲਹਿਰਾਉਣ ਵਾਲੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਸਵੈ-ਸੰਵੇਦਨਾ ਦੀ ਮੰਗ ਕੀਤੀ ਗਈ ਸੀ।

**ਕਿਸਾਨ ਸੰਗਠਨਾਂ ਨੇ ਪੱਲਾ ਝਾੜਿਆ**

ਕਿਸਾਨਾਂ ਦੀ ਦਿੱਲੀ ਵਿਚ ਗਣਤੰਤਰ ਦਿਵਸ ਪਰੇਡ ਦੌਰਾਨ ਲਾਲ ਕਿਲੇ 'ਤੇ ਹੋਈ ਘਟਨਾ ਤੋਂ ਬਾਅਦ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਖ਼ਿਲਾਫ਼ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਸਿੰਘੂ ਸਰਹੱਦ ਦੀ ਸਟੇਜ ਤੋਂ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਵਲੋਂ ਉਕਸਾਉਣ ਤੋਂ ਬਾਅਦ ਹੀ ਇਹਨਾਂ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ ਹੈ। ਕਿਸਾਨ ਆਗੂਆਂ ਨੇ ਆਖਿਆ ਕਿ ਉਹਨਾਂ ਪਹਿਲਾਂ ਹੀ ਸ਼ਾਂਤ ਮਈ ਪਰੇਡ ਦੀ ਕਾਲ ਦਿੱਤੀ ਸੀ ਪਰ ਇਹਨਾਂ ਵਲੋਂ ਜਾਣ ਬੁੱਝ ਕੇ ਅਜਿਹੀਆਂ ਕਾਰਵਾਈਆਂ ਕੀਤੀਆਂ ਗਈਆਂ, ਜਿਸ ਨਾਲ ਕਿਸਾਨ ਅੰਦੋਲਨ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਹੋਈ। ਸਟੇਜ 'ਤੇ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਕਿਤੇ ਵੀ ਕੋਈ ਅਜਿਹਾ ਬਿਆਨ ਨਹੀਂ ਦਿੱਤਾ ਗਿਆ, ਜਿਸ ਵਿਚ ਕਿਸਾਨ ਜਥੇਬੰਦੀਆਂ ਵਲੋਂ ਇਹ ਗੱਲ ਆਖੀ ਗਈ ਹੋਵੇ ਕਿ ਪਰੇਡ ਦੌਰਾਨ ਲਾਲ ਕਿਲੇ ਵੱਲ ਕੂਚ ਕਰਨੀ ਹੋਵੇ। ਜਦਕਿ ਇਸ ਤੋਂ ਉਲਟ ਕੁਝ ਤਾਕਤਾਂ ਵਲੋਂ ਜਾਣ ਬੁੱਝ ਕੇ ਕਿਸਾਨ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਇਹਨਾਂ ਕਾਰਵਾਈਆਂ ਨੂੰ ਅੰਜਾਮ ਦਿੱਤਾ, ਜਿਹਨਾਂ ਦੀ ਸੰਯੁਕਤ ਕਿਸਾਨ ਮੋਰਚਾ ਨੰਦਾ ਕਰਦਾ ਹੈ। ਖ਼ਬਰ ਵਿਚ ਦਿੱਤੀ ਵੀਡੀਓ ਵਿਚ ਤੁਸੀਂ ਕਿਸਾਨ ਲੀਡਰਾਂ ਦੀ ਪੂਰੀ ਸਪੀਚ ਸੁਣ ਸਕਦੇ ਹੋ।

# ਜਸਵੀਰ ਜੱਸੀ ਤੇ ਹੁਸਨਪ੍ਰੀਤ ਹੰਸ ਦਾ ਟਰੈਕ 'ਜਨਮ ਦਿਹਾੜਾ' ਰਿਲੀਜ਼




**ਹੁਸ਼ਿਆਰਪੁਰ/ਸ਼ਾਮ-ਚੁਰਾਸੀ** – ਦੋਗਾਣਾ ਜੋੜੀ ਜਸਵੀਰ ਜੱਸੀ ਅਤੇ ਹੁਸ-ਨਪ੍ਰੀਤ ਹੰਸ ਦਾ ਪਲੇਠਾ ਟਰੈਕ 'ਜਨਮ ਦਿਹਾੜਾ ਰਵਿਦਾਸ ਗੁਰੂ ਦਾ' ਹਾਲ ਹੀ ਵਿਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕਰਕੇ ਰਿਲੀਜ਼ ਕੀਤਾ ਗਿਆ। ਜਿਸ ਦੀ ਜਾਣਕਾਰੀ ਦਿੰਦਿਆਂ ਉਕਤ ਗਾਇਕ ਜੋੜੀ ਨੇ ਦੱਸਿਆ ਕਿ ਇਸ ਟਰੈਕ ਦੀ ਸੂਟਿੰਗ ਗੁਰੂ ਰਵਿਦਾਸ ਧਾਮ ਬੂਟਾ ਮੰਡੀ ਵਿਖੇ ਦੀਪਕ ਕਸ਼ਅਪ ਅਤੇ ਵਿੱਕੀ ਦੀਪ ਵਲੋਂ ਕੀਤੀ ਗਈ ਹੈ। ਦੁਵਿੰਦਰ ਜੇ ਡੀ ਵਲੋਂ ਇਸ ਦਾ ਸੰਗੀਤ ਤਿਆਰ ਕੀਤਾ ਗਿਆ ਹੈ। ਦੀਪ ਗਿੱਲ ਅਤੇ ਹੋਰ ਸਹਿਯੋਗੀਆਂ ਦਾ ਗਾਇਕ ਜੋੜੀ ਵਲੋਂ ਇਸ ਟਰੈਕ ਲਈ ਤਹਿ ਦਿਲ ਤੋਂ ਧੰਨਵਾਦ ਕੀਤਾ ਹੈ। ਸ਼ੋਸ਼ਲ ਮੀਡੀਆਂ ਰਾਹੀਂ ਇਸ ਟਰੈਕ ਦੇ ਪੋਸਟਰ ਅਤੇ ਗੀਤ ਨੂੰ ਲਾਂਚ ਕਰ ਦਿੱਤਾ ਗਿਆ ਹੈ।

# ਗੁਰਮੇਜ ਸਹੋਤਾ ਲੈ ਕੇ ਹਾਜ਼ਰ ਹੋਇਆ 'ਸਾਡੇ ਹੱਕ'




**ਹੁਸ਼ਿਆਰਪੁਰ/ਸ਼ਾਮਚੁਰਾਸੀ** –ਵਾਈਟ ਨੋਟ ਮਿਊਜ਼ਿਕ ਕੰਪਨੀ ਵਲੋਂ ਗਾਇਕ ਗੁਰਮੇਜ ਸਹੋਤਾ ਦਾ ਕਿਸਾਨੀ ਸੰਘਰਸ਼ ਨੂੰ ਸਮਰਪਿਤ ਟਰੈਕ 'ਸਾਡੇ ਹੱਕ' ਰਿਲੀਜ ਕੀਤਾ ਗਿਆ। ਇਸ ਟਰੈਕ ਦੀ ਜਾਣਾਕਰੀ ਦਿਦਿਆਂ ਗਾਇਕ ਗੁਰਮੇਜ ਸਹੋਤਾ ਨੇ ਦੱਸਿਆ ਕਿ ਇਸ ਦਾ ਸੰਗੀਤ ਵਾਈਟ ਨੋਟ ਵਲੋਂ ਦਿੱਤਾ ਗਿਆ ਹੈ। ਜਦਕਿ ਇਸ ਦੇ ਲੇਖਕ ਮੱਖਣ ਭੈਣੀਵਾਲ ਹਨ। ਜਿੰਦਾ ਨਾਗੋਕੇ ਅਤੇ ਵਾਈਟ ਨੋਟ ਮਿਊਜਿਕ ਦਾ ਗਾਇਕ ਗੁਰਮੇਜ ਸਹੋਤਾ ਨੇ ਧੰਨਵਾਦ ਕੀਤਾ ਜਿੰਨ੍ਹਾਂ ਦੀ ਬਦੌਲਤ ਉਕਤ ਟਰੈਕ ਉਹ ਮਾਰਕੀਟ ਵਿਚ ਲਾਂਚ ਕਰਨ ਵਿਚ ਕਾਮਯਾਬ ਹੋਇਆ।

# ਰਮੇਸ਼ ਚੌਹਾਨ ਅਤੇ ਰਾਣੀ ਅਰਮਾਨ ਲੈ ਕੇ ਹਾਜ਼ਰ ਹੋਏ ਟਰੈਕ 'ਤਖਤ ਦਿੱਲੀ ਦਾ'




**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** –ਪਾਲ ਇੰਟਰਟੇਨਮੈਂਟ ਵਲੋਂ ਹਾਲ ਹੀ ਵਿਚ 'ਤਖਤ ਦਿੱਲੀ ਦਾ'ਟਰੈਕ ਗਾਇਕ ਰਮੇਸ਼ ਚੌਹਾਨ ਅਤੇ ਰਾਣੀ ਅਰਮਾਨ ਦੀ ਅਵਾਜ਼ ਵਿਚ ਰਿਲੀਜ਼ ਕੀਤਾ ਗਿਆ। ਇਸ ਟਰੈਕ ਦੀ ਦਿੰਦਿਆਂ ਪ੍ਰੋਜੈਕਟਰ ਗੋਰਾ ਢੇਸੀ ਅਤੇ ਵਿਜੇ ਗੁਣਾਚੌਰ ਨੇ ਦੱਸਿਆ ਕਿ ਇਸ ਦੇ ਪ੍ਰੋਡਿਊਸਰ ਮਾ. ਸਾਧੂ ਰਾਮ ਜੱਖੂ ਅਤੇ ਪ੍ਰਵੀਨ ਬੰਗਾ ਹਨ, ਜਦਕਿ ਇਸ ਨੂੰ ਕਲਮਬੱਧ ਮਨਮੋਹਨ ਜੱਖੂ ਜਰਮਨ ਨੇ ਕੀਤਾ ਹੈ। ਇਸ ਦਾ ਸ਼ਾਨਦਾਰ ਸੰਗੀਤ ਬੀ ਆਰ ਡਿਮਾਣਾ ਵਲੋਂ ਤਿਆਰ ਕੀਤਾ ਗਿਆ ਅਤੇ ਵੀਡੀਓ ਡਾਇਰੈਕਟਰ ਮੁਨੀਸ਼ ਠੁਕਰਾਲ ਹਨ। ਕੈਮਰੇ ਦੀ ਭੂਮਿਕਾ ਪ੍ਰਸਿੱਧ ਕੈਮਰਾਮੈਨ ਸ਼ੰਕਰ ਦੇਵਾ ਨੇ ਨਿਭਾਈ ਹੈ। ਵਿਜੇ ਗੁਣਾਚੌਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਉਹ ਬਸਪਾ ਦੀ ਲਾਮਬੰਦੀ ਲਈ ਕਈ ਨਵੇਂ ਮਿਸ਼ਨਰੀ ਟਰੈਕ ਰਿਲੀਜ਼ ਕਰ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਰਕਾਰ ਕਿਸਾਨਾਂ ਦੀਆਂ ਜਾਇਜ ਮੰਗਾਂ ਮੰਨਣ ਦੀ ਥਾਂ ਅੜ੍ਹੀ, ਅੰਬਾਨੀ ਤੇ ਅਡਾਨੀ ਸਰਕਾਰ ਤੇ ਭਾਰੂ!



ਜੱਗ ਸਿੰਘ
91-94170-95965

ਸਰਕਾਰ ਤੇ ਕਿਸਾਨਾਂ ਵਿਚਕਾਰ 26 ਜਨਵਰੀ ਨੂੰ ਹੋਣ ਵਾਲੀ ਕਿਸਾਨ ਪਰੇਡ ਤੋਂ ਪਹਿਲਾਂ ਚਲ ਰਿਹਾ ਮੀਟਿੰਗਾਂ ਦਾ ਸਿਲਸਿਲਾ ਸਿਰੇ ਨਾ ਲਗਣ ਕਾਰਨ ਦੋਵੇਂ ਧਿਰਾਂ ਆਹਮੋ ਸਾਹਮਣੇ ਆ ਗਈਆਂ ਹਨ। ਉਨਾਂ ਵਿੱਚ ਮੀਟਿੰਗਾਂ ਦਾ ਚੱਲ ਰਿਹਾ ਦੌਰ ਵੀ ਹਾਲ ਦੀ ਘੜ੍ਹੀ ਬੰਦ ਹੋ ਗਿਆ ਹੈ ਸਰਕਾਰ ਨੇ ਕਿਸਾਨਾਂ ਨੂੰ ਇਹ ਕਹਿ ਦਿੱਤਾ ਹੈ ਕਿ ਉਸ ਵਲੋਂ ਦੋ ਸਾਲਾਂ ਤਕ ਕਾਨੂੰਨਾਂ ਨੂੰ ਸਸਪੈਂਡ ਕਰਨ ਤੋਂ ਬਿਨਾ ਹੋਰ ਉਹ ਕੁਝ ਨਹੀਂ ਕਰ ਸਕਦੇ।ਪੁਲੀਸ ਨੇ ਵੀ ਕਿਸਾਨਾਂ ਨੂੰ ਕਹਿ ਦਿੱਤਾ ਹੈ ਕਿ ਉਹ ਕਿਸਾਨਾਂ ਨੂੰ ਰਿੰਗ ਰੋਡ ਤੇ 'ਕਿਸਾਨ ਪਰੇਡ' ਕੱਢਣ ਦੀ ਆਗਿਆ ਨਹੀਂ ਦੇਵੇਗੀ। ਦੂਸਰੀ ਤਰਫ ਕਿਸਾਨਾਂ ਨੇ ਵੀ ਆਪਣਾ ਦੋ ਟੁੱਕ ਫੈਸਲਾ ਸੁਣਾਉਂਦੇ ਪੁਲੀਸ ਨੂੰ ਕਹਿ ਦਿੱਤਾ ਹੈ, ਜੇ ਕਰ ਉਹ ਪਰੇਡ ਕਰਨਗੇ ਤਾਂ ਦਿੱਲੀ ਵਿੱਚ ਰਿੰਗ ਰੋਡ ਤੇ ਹੀ ਕਰਨਗੇ। ਹੁਣ ਤਕ ਦੀ ਮੀਟਿੰਗਾਂ ਨੇ ਇਹ ਪ੍ਰਤੱਖ ਰੂਪ ਵਿੱਚ ਦਸ ਦਿੱਤਾ ਹੈ ਕਿ ਸਰਕਾਰ ਨਾ ਤਾਂ ਕਿਸਾਨਾਂ ਦੀਆਂ ਜਾਇਜ ਤੇ ਹੱਕੀ ਮੰਗਾਂ ਪ੍ਰਵਾਨ ਕਰੇਗੀ ਤੇ ਨਾ ਹੀ ਪੁਲੀਸ ਦਿੱਲੀ ਵਿਖੇ ਰਿੰਗ ਰੋਡ ਤੇ ਕਿਸਾਨਾਂ ਨੂੰ ਪਰੇਡ ਕਰਨ ਦੀ ਆਗਿਆ ਦੇਵੇਗੀ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਦਾ ਰਵਈਆ ਪੂਰਨ ਰੂਪ ਵਿੱਚ ਤਾਨਾਸ਼ਾਹੀ ਵਾਲਾ ਹੈ ਤੇ ਉਹ ਦੇਸ਼ ਵਿੱਚ ਉਹ ਕੁਝ ਕਰੇਗੀ ਜੋ ਉਸ ਨੂੰ ਚੰਗਾ ਲਗਦਾ ਹੈ । ਸਰਕਾਰ ਦੇ ਇਸ ਰਵਈਏ ਨੇ ਇਹ ਵੀ ਪ੍ਰਭਾਵ ਦਿੱਤਾ ਹੈ ਕਿ ਸਰਕਾਰ ਨੂੰ ਚਲਾਉਣ ਵਾਲੇ ਅੰਬਾਨੀ , ਅਡਾਨੀ ਹਨ ਤੇ ਦੇਸ਼ ਵਿੱਚ ਜੋ ਕੁਝ ਹੋਵੇਗਾ ਉਹ ਅਜਾਰੇਦਾਰਾਂ ਦੇ ਮੁਤਾਬਿਕ ਹੀ ਹੋਵੇਗਾ। ਜਦੋਂ ਤੋਂ ਇਹ ਅੰਦੋਲਨ ਸ਼ੁਰੂ ਹੋਇਆ ਹੈ ਸਰਕਾਰ ਉਦੋਂ ਤੋਂ ਹੀ ਨਿੱਤ ਦਿਨ ਕੋਹਝੀਆਂ ਚਾਲਾਂ ਚਲ ਕੇ ਇਸ ਸੰਘਰਸ਼ ਨੂੰ ਤਾਰਪੀਡੋ ਕਰਨਾ ਚਾਹੁੰਦੀ ਹੈ। ਤਾਜਾ ਵਾਪਰੀ ਘਟਨਾ ਤਹਿਤ ਕਿਸਾਨ ਵਲੰਟੀਅਰਾਂ ਨੇ ਕੁਝ ਨੌਜੁਆਨ ਫੜ੍ਹੇ ਹਨ । ਉਨਾਂ ਨੇ ਪ੍ਰੈਸ ਦੇ ਸਾਹਮਣੇ ਜਿਹੜੇ ਖੁਲਾਸੇ ਕੀਤੇ ਹਨ ਉਹ ਬੜੇ ਹੀ ਦਿੱਲ ਕੰਬਾਊ ਹਨ।ਜਿਸ ਵਿਚ ਫੜੇ ਗਏ ਨੌਜੁਆਨਾਂ ਨੇ ਦਸਿਆ ਹੈ ਕਿ ਉਨਾਂ ਦੀ ਟੀਮ ਵਿੱਚ ਦਸ ਮੈਂਬਰ ਹਨ ਜਿਨਾਂ ਵਿੱਚ ਦੋ ਲੜਕੀਆਂ ਵੀ ਸ਼ਾਮਲ ਹਨ। ਜਿਹੜੀ ਏਜੰਸੀ ਇਨਾਂ ਪਿੱਛੇ ਕੰਮ ਕਰ ਰਹੀ ਹੈ ਉਨਾਂ ਨੇ ਕਿਸਾਨ ਪਰੇਡ ਤੋਂ ਪਹਿਲਾਂ ਕੁਝ ਕਿਸਾਨ ਲੀਡਰਾਂ ਨੂੰ ਮਾਰਨਾ ਸੀ,ਖਾਲਸਿਤਾਨੀ ਝੰਡੇ ਝੁਲਾਉਣੇ ਸਨ ਵਗੈਰਾ ਵਗੈਰਾ।ਇਹ ਕੰਮ ਸਿੱਖ ਦਸਤਾਰ ਧਾਰੀ ਨੌਜੁਆਨਾਂ ਰਾਹੀਂ ਕਰਾਉਣਾ ਸੀ ਤਾਂ ਕਿ ਸਰਕਾਰ ਇਹਨਾਂ ਨੂੰ ਖਾਲਿਸਤਾਨੀ, ਵੱਖਵਾਦੀ, ਅਤਿਵਾਦੀ ਤੇ ਹੋਰ ਜਿਹੜੇ ਨਾਂ ਦੇਂਦੀ ਹੈ, ਇਸ ਅੰ-ਦੋਲਨ ਵਿੱਚ ਵੜ੍ਹੇ ਹੋਏ ਦੱਸ ਕੇ ਕਿਸਾਨਾਂ ਤੇ ਦਮਨ ਕਰਨ ਦਾ ਮੌਕਾ ਮਿਲੇ ਤੇ ਉਹ ਇਸ ਅੰਦੋਲਨ ਨੂੰ ਕੁਚੱਲ ਸਕੇ। ਇਸ ਸਾਰੇ ਘਟਨਾ ਕਰਮ ਦਾ ਇਹ ਪ੍ਰਭਾਵ ਵੀ ਦੇਣਾ ਸੀ ਕਿ ਪੰਜਾਬ, ਹ-ਰਆਣਾ ਤੇ ਹੋਰ ਪ੍ਰਾਂਤਾਂ ਤੋਂ ਆਉਣ ਵਾਲੇ ਕਿਸਾਨਾਂ ਵਿੱਚ ਦਹਿਸ਼ਤ ਪੈਦਾ ਹੋ ਜਾਵੇ ਤੇ ਉਹ ਇਸ ਕਿਸਾਨ ਪਰੇਡ ਵਿੱਚ ਸ਼ਾਮਲ ਹੋਣ ਲਈ ਨਾ ਆਉਣ। ਫੜੇ ਗਏ ਨੌਜੁਆਨ ਨੇ ਇਹ ਵੀ ਦਸਿਆ ਹੈ ਕਿ ਅਜਿਹੀਆਂ ਦਸ ਟੀਮਾਂ ਹੋਰ ਬਣਾਈਆਂ ਗਈਆਂ ਹਨ, ਜਿਨਾਂ ਦੇ ਜ਼ਿੰਮੇ ਵੱਖ ਵੱਖ ਕੰਮ ਲਗਾਏ ਹੋਏ ਹਨ। ਇਕ ਟੀਮ ਨੇ ਕੀ ਕਰਨਾ ਹੈ? ਇਸ ਦਾ ਦੂਸਰੀ ਕਿਸੇ ਟੀਮ ਨੂੰ ਪਤਾ ਨਹੀਂ ਹੁੰਦਾ। ਉਸ ਨੇ ਇਹ ਵੀ ਖੁਲਾਸਾ ਕੀਤਾ ਦਸਿਆ ਜਾਂਦਾ ਹੈ ਕਿ ਇਸ ਕੰਮ ਲਈ ਗਰੀਬ ਨੌਜੁਆਨਾਂ ਨੂੰ ਚੁੱਣਿਆ ਹੋਇਆ ਹੈ ਤੇ ਉਨਾਂ ਨੂੰ ਪੈਸੇ ਦੇ ਕੇ ਇਹ ਕੰਮ ਰ ਸ ਸ ਕਰਵਾ ਰਹੀ ਹੈ। ਪਾ ਕੇ ਅੱਗ ਲਗਾਉਣੀ , ਕਿਸਾਨ ਆਗੂਆਂ ਵਲੋਂ ਵਿ-ਗਆਨ ਭਵਨ ਵਿੱਚ ਮੀਟਿੰਗ ਕਰਨ ਜਾਂਦੇ ਸਮੇਂ ਪੁਲੀਸ ਵਲੋਂ ਕਿਸਾਨ ਆਗੂਆਂ ਨਾਲ ਬਦਕਲਾਮੀ ਕਰਨੀ ਤੇ ਕਿਸਾਨ ਆਗੂ ਰੁਲਦੂ ਸਿੰਘ ਦੀ ਗੱਡੀ ਦੇ ਪੁਲੀਸ ਵਲੋਂ ਸ਼ੀਸ਼ੇ ਭੰਨਣੇ, ਮੰਤਰੀਆਂ ਦਾ ਮੀਟਿੰਗ ਵਿੱਚ ਰੋਸਾ ਕਰਨਾ, ਪੁਲੀਸ ਵਲੋਂ ਕਿਸਾਨ ਆਗੂ ਨਾਲ ਮਾੜਾ ਵਰਤਾਉ ਕਰਦੇ ਗੱਡੀ ਦੇ ਸ਼ੀਸ਼ੇ ਭੰਨਣੇ, ਮੰਤਰੀਆਂ ਦਾ ਮੀਟਿੰਗ ਵਿੱਚ ਸਿਰਫ ਅੱਧਾ ਘੰਟਾ ਗੱਲ ਕਰਨਾ, ਬੇਰੁੱਖੀ ਦਸਣਾ ਇਹ ਸਾਰੀਆਂ ਕੜ੍ਹੀਆਂ ਦਸ ਰਹੀਆਂ ਹਨ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਣਾ ਚਾਹੁੰਦੀ। ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਸ੍ਰ ਬਲਬੀਰ ਸਿੰਘ ਰਾਜੇਵਾਲ, ਡਾ ਦਰਸ਼ਨ ਪਾਲ, ਸ੍ਰੀ ਯੋਗਿੰਦਰ ਯਾਦਵ ਆਦਿ ਸਰਕਾਰ ਨੂੰ ਕਈ ਦਿਨ ਪਹਿਲਾਂ ਸਪਸ਼ਟ ਤੌਰਤੇ ਦੱਸ ਚੁੱਕੇ ਹਨ ਕਿ ਕਿਸਾਨਾਂ ਵਲੋਂ 26 ਜਨਵਰੀ ਨੂੰ ਦਿੱਲੀ ਵਿੱਚਲੇ ਰਿੰਗ ਰੋਡ ਉਤੇ ਅੱਟਲ ਰੂਪ ਵਿੱਚ ਅਮਨ ਸ਼ਾਂਤੀ ਨਾਲ 'ਕਿਸਾਨ ਪਰੇਡ' ਕੀਤੀ ਜਾਵੇਗੀ। ਉਨਾਂ ਨੇ ਇਹ ਵੀ ਦਸਿਆ ਹੈ ਕਿ ਕਿਸਾਨਾਂ ਦਾ ਅਜਿਹਾ ਕੋਈ ਮੰਤਵ ਨਹੀਂ ਕਿ ਉਹ ਸਰਕਾਰ ਵਲੋਂ ਗਣਤੰਤਰ ਦਿਵਸ ਦੇ ਮੌਕੇ ਤੇ ਕੀਤੀ ਜਾਣ ਵਾਲੀ ਪਰੇਡ ਵਿੱਚ ਕਿਸੇ ਕਿਸਮ ਦੀ ਕੋਈ ਰੁਕਾਵਟ ਜਾਂ ਖਲੱਲ ਪਾਵੇ।ਪਰ ਇਸ ਦੇ ਬਾਵਜੂਦ ਦਿੱਲੀ ਦੀ ਪੁਲੀਸ ਨੇ ਸੁਪਰੀਮ ਕੋਰਟ ਵਿੱਚ ਕਈ ਰਿੱਟ ਪਟੀਸ਼ਨਾਂ ਦਾਖਲ ਕਰਾਈਆਂ ਸਨ। ਜਿਸ ਵਿੱਚ ਉਸ ਨੇ ਬੇਨਤੀਆਂ ਕੀਤੀਆਂ ਸਨ ਕਿ ਕਿਸਾਨਾਂ ਨੂੰ ਦਿੱਲੀ ਵਿਖੇ 'ਕਿਸਾਨ ਪਰੇਡ' ਕਰਨ ਤੋਂ ਰੋਕਿਆ ਜਾਵੇ। ਸੁਪਰੀਮ ਕੋਰਟ ਨੇ ਦਿੱਲੀ ਪੁਲੀਸ ਵਲੋਂ ਪਾਈਆਂ ਰਿੱਟਾਂ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਹੈ ਕਿ ਸੁਪਰੀਮ ਕੋਰਟ ਇਸ ਮਸੱਲੇ ਵਿੱਚ ਦੱਖਲ ਅੰਦਾਜੀ ਨਹੀਂ ਕਰ ਸਕਦੀ ਕਿਉਂਕਿ ਇਹ ਮਸੱਲਾ ਨਿਰੋਲ ਤੌਰ ਤੇ ਪੁਲੀਸ ਨਾਲ ਸਬੰਧਤ ਅਮਨ ਸ਼ਾਂਤੀ ਦਾ ਹੈ। ਇਹ ਉਸ ਨੇ ਵੇਖਣਾ ਹੈ ਕਿ ਦਿੱਲੀ ਵਿੱਚ ਕਿਵੇਂ ਸ਼ਾਂਤੀ ਕਾਇਮ ਰਖਣੀ ਹੈ? ਪੁਲੀਸ ਵਲੋਂ ਸੁਪਰੀਮ ਕੋਰਟ ਵਿੱਚ ਬਾਰ ਬਾਰ ਰਿੱਟ ਪਟੀਸ਼ਨਾਂ ਪਾ ਕੇ ਜੋ ਉਸ ਦਾ ਮੰਤਵ ਸੀ ਉਹ ਲਗ ਭਗ ਪੂਰਾ ਹੋ ਗਿਆ ਹੈ। ਉਸ ਨੇ ਪੁਲੀਸ ਨੂੰ ਸਪਸ਼ਟ ਤੌਰਤੇ ਕਹਿ ਦਿੱਤਾ ਹੈ।ਅਮਨ ਸ਼ਾਂਤੀ ਬਹਾਲ ਰੱਖਣ ਦੀ ਜ਼ਿੰਮੇਵਾਰੀ ਪੁਲੀਸ ਦੀ ਹੈ ਕਿ ਉਸ ਨੇ ਕਿਵੇਂ ਰੱਖਣੀ ਹੈ? ਹੁਣ ਗੱਲ ਤਾਂ ਚਿੱਟੇ ਦਿਨ ਵਾਗੂੰ ਸਪਸ਼ਟ ਹੋ ਗਈ ਹੈ ਕਿ ਫੜ੍ਹੇ ਗਏ ਨੌਜੁਆਨ ਵਲੋਂ ਕੀਤੇ ਖੁਲਾਸੇ ਅਨੁਸਾਰ ਰ.ਸ.ਸ. ਨੇ ਹਿੰਸਾ ਫੈਲਾਉਣ ਲਈ ਜਿਹੜੀਆਂ ਉਕੱਤ ਦੱਸੀਆਂ ਜਾ ਚੁੱਕੀਆਂ ਟੀਮਾਂ ਬਣਵਾਈਆਂ ਹਨ ਜਿਸ ਵਿੱਚ ਹਰਿਆਣੇ ਦੇ ਇਕ ਐਸ. ਐਚ. ਓ.ਦਾ ਨਾਂ ਵੱਜ ਰਿਹਾ ਹੈ। ਉਨਾਂ ਨੇ 26 ਜਨਵਰੀ ਨੂੰ ਪੁਲੀਸ ਵਰਦੀ ਪਹਿਨ ਕੇ ਹਥਿਆਰਾਂ ਦੀ ਵਰਤੋਂ ਕਰਕੇ ਅਹਿੰਸਾ ਫੈਲਾਉਣੀ ਸੀ। ਹਾਲੇ ਇਹ ਵੀ ਪਤਾ ਨਹੀਂ ਲਗ ਸਕਿਆ ਇਨਾਂ ਟੀਮਾਂ ਨੇ ਹੋਰ ਕਿਹੜੇ ਕਿਹੜੇ ਅਹਿੰਸਾ ਫੈਲਾਉਣ ਦੇ ਕਾਰਨਾਮੇ ਕਰਨੇ ਹਨ। ਇਹ ਕਿਸਾਨ ਆਗੂਆਂ ਲਈ ਸੋਚਣ ਤੇ ਵਿਚਾਰਣ ਵਾਲੀ ਗੱਲ ਹੈ।ਹਾਲਾਂ ਕਿ ਕਿਸਾਨ ਆਗੂ ਕਈ ਵਾਰੀ ਇਸ ਨਿਕਲਣ ਵਾਲੀ ਪਰੇਡ ਬਾਰੇ ਸਪਸ਼ਟ ਕਰ ਚੁੱਕੇ ਹਨ ਕਿ ਉਨਾਂ ਦੀ ਪਰੇਡ ਪੂਰਨ ਸ਼ਾਂਤਮਈ ਹੋਵੇਗੀ। ਜੇਕਰ ਸ਼ਾਂਤੀ ਭੰਗ ਹੁੰਦੀ ਹੈ ਤਾਂ ਉਹ ਪੁਲੀਸ ਦੇ ਨਾਲ ਸਰਕਾਰ ਦੀਆਂ ਇਨਾਂ ਏਜੰਸੀਆਂ ਦੀ ਹੋਵੇਗੀ। ਸਰਕਾਰ ਕਈ ਤਰਾਂ ਦੀਆਂ ਘਿਣਾਉਣੀਆਂ ਚਾਲਾਂ ਚੱਲ ਰਹੀ ਹੈ ਤਾਂ ਕਿ ਕਿਸਾਨ ਅੰਦੋਲਨ ਨੂੰ ਫੇਲ੍ਹ ਕੀਤਾ ਜਾ ਸਕੇ। ਕਿਸਾਨਾਂ ਨੂੰ ਚੌਕਸ ਰਹਿਣ ਦੀ ਜਰੂਰਤ ਹੈ। ਸਰਕਾਰ ਦੀ ਨੀਯਤ ਹੁਣ ਤਕ ਦੀਆਂ ਹੋਈਆਂ ਮੀਟਿੰਗਾਂ ਤੋਂ ਸਪਸ਼ਟ ਹੋ ਚੁੱਕੀ ਹੈ ਕਿ ਉਹ ਕਿਸੇ ਵੀ ਤਰਾਂ ਇਹ ਕਿਸਾਨ ਵਿਰੋਧੀ ਬਿੱਲ ਵਾਪਿਸ ਲੈਣ ਨੂੰ ਤਿਆਰ ਨਹੀਂ। ਦੂਜੀ ਤਰਫ ਕਿਸਾਨ ਵੀ ਇਸ ਗੱਲ ਤੇ ਅੜ੍ਹੇ ਹੋਏ ਹਨ ਕਿ ਉਹ ਤਿੰਨੇ ਕਾਨੂੰਨ ਰੱਦ ਕਰਵਾ ਕੇ, ਐਮ.ਐਸ.ਪੀ.ਦੀ ਕਾਨੂੰਨੀ ਗਰੰਟੀ ਲੈ ਕੇ ਹੀ ਅੰਦੋਲਨ ਨੂੰ ਬੰਦ ਕਰਨਗੇ। ਕਿਸਾਨ ਸਮਝਦੇ ਹਨ ਕਿ ਜੇ ਉਹ ਸੋਧਾਂ ਕਰਵਾ ਕੇ ਆਪਣੇ ਅੰਦੋਲਨ ਨੂੰ ਖਤਮ ਕਰ ਦੇਂਦੇ ਹਨ।ਉਹ ਇਕ ਤਰਾਂ ਕੇਂਦਰ ਦੀ ਸਰਕਾਰ ਨੂੰ ਸੂਬੇ ਦੇ ਅਧਿਕਾਰਾਂ ਤੇ ਕਾਨੂੰਨ ਬਣਾਉਣ ਦੀ ਆਗਿਆ ਦੇ ਰਹੇ ਹੋਣਗੇ।ਸਰਕਾਰ ਦਾ ਇਹ ਮੂੰਹ ਵੀ ਪੈ ਜਾਵੇਗਾ ਕਿ ਉਹ ਜਿਸ ਵਿਸ਼ੇ ਤੇ ਜਦੋਂ ਮਰਜੀ ਚਾਹੇ ਕਾਨੂੰਨ ਬਣਾ ਲਵੇ।ਕਿਸਾਨ ਇਸ ਗੈਰ ਵਿਧਾਨਿਕ ਪਿਰਤ ਨੂੰ ਇਕੋ ਹੱਲੇ ਹੀ ਮੁਕਾਉਣਾ ਚਾਹੁੰਦੇ ਹਨ ਤਾਂ ਕਿ ਰੋਜ ਰੋਜ ਦਾ ਰੇੜ੍ਹਕਾ ਹੀ ਨਾ ਰਹੇ। ਮੋਦੀ ਸਰਕਾਰ ਬਿੱਲਾਂ ਸਬੰਧੀ ਅੜ੍ਹੀ ਧਾਰਨ ਕਰਕੇ ਆਪਣਾ ਵਕਾਰ ਨਹੀਂ ਬਣਾ ਰਹੀ ਬਲਕਿ ਆਪਣੀ ਮੂਰਖਤਾਈ ਨਾਲ ਜੱਗ ਹਸਾਈ ਵੀ ਕਰਾ ਰਹੀ ਹੈ। ਸੰਸਾਰ ਭਰ ਵਿੱਚ ਇਸ ਸਰਕਾਰ ਨੇ ਭਾਰਤ ਦਾ ਸਿਰ ਨੀਵਾਂ ਕਰਕੇ ਰੱਖ ਦਿੱਤਾ ਹੈ।ਅਸਲ ਵਿੱਚ ਸਰਕਾਰ ਕਿਸਾਨਾਂ ਦੇ ਸੰਘਰਸ਼ ਤੋਂ ਪੂਰੀ ਤਰਾਂ ਘਬਰਾ ਚੁੱਕੀ ਹੈ। ਉਸ ਨੂੰ ਰਤੀ ਭਰ ਵੀ ਇਹ ਆਸ ਨਹੀਂ ਸੀ ਕਿ ਇਤਨੇ ਵੱਡੇ ਦੇਸ਼ ਵਿਆਪੀ ਕਿਸਾਨੀ ਸੰਘਰਸ਼ ਨਾਲ ਉਸ ਦਾ ਵਾਹ ਵਾਸਤਾ ਪੈ ਜਾਵੇਗਾ ਤੇ ਉਹ ਸਿਰਫ ਭਾਰਤ ਦਾ ਹੀ ਨਹੀਂ ਬਲਕਿ ਸੰਸਾਰ ਦੇ ਹਰ ਵਰਗ ਦੀ ਹਮਦਰਦੀ ਹਾਸਲ ਕਰਕੇ ਵਿਸ਼ਵ ਦਾ ਜਨ ਅੰਦੋਲਨ ਹੋ ਨਿਬੜੇਗਾ। ਸਰਕਾਰ ਸਿਰਫ ਆਪਣੇ ਫੋਕੇ ਹੰਕਾਰ ਤੇ ਟੈਂ ਨੂੰ ਪੁਗਾਉਣ ਵਿੱਚ ਲਗੀ ਹੋਈ ਹੈ। ਸਰਕਾਰ ਨੂੰ ਚੰਗੀ ਤਰਾਂ ਪਤਾ ਹੋਣਾ ਚਾਹੀਦਾ ਹੈ ਕਿ ਉ ਲੋਕਾਂ ਨੇ ਸਰਕਾਰ ਨੂੰ ਚੁਣਿਆ ਹੈ, ਨਾ ਕਿ ਸਰਕਾਰ ਨੇ ਲੋਕਾਂ ਨੂੰ ''। ਸਰਕਾਰ ਦੇ ਇਸ ਸਾਰੇ ਵਰਤਾਰੇ ਪਿਛੇ ਈ. ਵੀ .ਐਮ. ਦਾ ਹੰਕਾਰ ਵੀ ਛੁਪਿਆ ਹੋਇਆ ਵੀ ਨਜਰੀਂ ਪੈਂਦਾ ਹੈ। ਸਰਕਾਰ ਹੰਕਾਰ ਦੀ ਇਸ ਖੁਸ਼ਫਹਿਮੀ ਨੂੰ ਛੱਡ ਕੇ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ, ਗੈਰ ਵਿਧਾਨਿਕ ਢੰਗ ਨਾਲ ਬਣਾਏ ਕਿਸਾਨ ਵਿਰੋਧੀ ਬਿੱਲਾਂ ਦੀ ਗਲਤੀ ਵਿੱਚ ਸੁਧਾਰ ਕਰੇਗੀ ਅਤੇ ਕਿਸਾਨਾਂ ਦੀਆ ਮੰਗਾਂ ਪ੍ਰਵਾਨ ਕਰਕੇ ਆਪਣੀ ਪੁਜੀਸ਼ਨ ਨੂੰ ਹੋਰ ਮਿੱਟੀ ਵਿੱਚ ਮਿਲਾਉਣ ਤੋਂ ਵੀ ਗੁਰੇਜ ਕਰੇਗੀ। ਸਰਕਾਰ ਨੂੰ ਇਹ ਖੌਫ ਵੀ ਸਤਾ ਰਿਹਾ ਹੈ ਕਿ ਜੇ ਕਿਸਾਨਾਂ ਵਲੋਂ ਦਿੱਲੀ ਵਿਖੇ ਕੀਤੀ ਜਾਣ ਵਾਲੀ ਪਰੇਡ ਜਿਸ ਵਿੱਚ ਦੇਸ਼ ਦੇ ਕਿਸਾਨਾਂ ਤੋਂ ਬਿਨਾ ਡਾਕਟਰਾਂ, ਇੰਜੀਨੀਅਰਾਂ, ਵਕੀਲਾਂ, ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਮੁਲਾਜਮਾਂ, ਦੁਕਾਨਦਾਰਾਂ, ਆੜਤੀਆਂ, ਪੱਲੇਦਾਰਾਂ ਹਰ ਵਰਗ ਦੀਆਂ ਔਰਤਾਂ, ਫੌਜ ਦੇ ਸਾਬਕਾ ਜਨਰਲਾਂ ਤੋਂ ਲੈ ਕੇ ਸਾਧਾਰਣ ਫੌਜੀਆਂ ਤਕ ਨੇ ਵਰਦੀਆਂ ਪਾ ਕੇ ਮੈਡਲਾਂ ਸਮੇਤ ਹਜਾਰਾਂ ਵੱਖ ਵੱਖ ਕਿਸਾਨ ਝਾਕੀਆਂ ਨਾਲ ਸਰਕਾਰ ਦੇ ਬਰਾਬਰ "ਕਿਸਾਨ ਪਰੇਡ" ਕੱਢ ਦਿੱਤੀ ਤਾਂ ਭਾਰਤ ਦੀ ਸਰਕਾਰ ਜਿਸ ਦੀ ਅਗਵਾਈ ਸ੍ਰੀ ਨਰਿੰਦਰ ਮੋਦੀ ਕਰ ਰਹੇ ਹਨ ਉਨਾਂ ਦਾ ਸੰਸਾਰ ਵਿੱਚ ਪੂਰੀ ਤਰਾਂ ਮਜਾਕ ਬਣ ਜਾਵੇਗਾ ਤੇ ਵਿਸ਼ਵ ਦੇ ਲੋਕਾਂ ਨੂੰ ਪਤਾ ਲਗ ਜਾਵੇਗਾ ਕਿ ਭਾਰਤ ਦੇਸ਼ ਦੇ 70% ਲੋਕਾਂ ਦੀ ਪ੍ਰਤੀਨਿਧੱਤਾ ਕਰਦੇ ਕਿਸਾਨਾਂ ਨੂੰ ਹੱਕੀ ਮੰਗਾਂ ਪ੍ਰਵਾਨ ਪ੍ਰਵਾਨ ਕਰਾਉਣ ਲਈ ਇਤਨਾ ਵੱਡਾ ਸੰਘਰਸ਼ ਕਰਨ ਦੇ ਨਾਲ ਉਨਾਂ ਨੂੰ ਵੱਖਰੀ ਪਰੇਡ ਕਰਕੇ ਸੰਸਾਰ ਦੇ ਲੋਕਾਂ ਅੱਗੇ ਆਪਣਾ ਦੁੱਖ ਦੱਸਣਾ ਪੈ ਰਿਹਾ ਹੈ। ਸਰਕਾਰ ਨੇ ਇਸੇ ਡਰ ਕਾਰਨ ਕਿਸਾਨ ਸੰਘਰਸ਼ ਦੀ ਹਮਾਇਤ ਕਰ ਰਹੇ ਵਿਦੇਸ਼ੀ ਪੰਜਾਬੀਆਂ, ਕਲਾਕ-ਾਰਾਂ, ਸਹਿਯੋਗੀ ਜਥੇਬੰਦੀਆਂ, ਟੈਂਟਾਂ ਵਾਲਿਆਂ, ਪੈਟਰੋਲ ਤੇ ਡੀਜਲ ਮਾਲਕਾਂ, ਲਿਖਾਰੀਆਂ, ਵਕੀਲਾਂ, ਪੱਤਰਕਾਰਾਂ ਆਦਿ ਕਈ ਹੋਰ ਹਮਾਇਤੀਆਂ ਨੂੰ ਐਨ .ਆਈ .ਏ. ਵਲੋਂ ਨੋਟਿਸ ਜਾਰੀ ਕਰਵਾਏ ਹਨ। ਸਰਕਾਰ ਇਸ ਪਰੇਡ ਤੋਂ ਕਿੰਨਾ ਘਬਰਾ ਰਹੀ ਹੈ ਕਿ ਉਹ ਹਰ ਹੋਛੇ ਤੋਂ ਹੋਛਾ ਹਥਿਆਰ ਵਰਤ ਕੇ ਇਸ ਸੰਘਰਸ਼ ਨੂੰ ਡੰਡੇ ਦੇ ਜੋਰ ਨਾਲ ਦਬਾਉਣਾ ਚਾਹੁੰਦੀ ਹੈ। ਪਰ ਇਸ ਕਾਰਵਾਈ ਨਾਲ ਸਰਕਾਰ ਦਾ ਅਕਸ ਹੋਰ ਖਰਾਬ ਹੋ ਗਿਆ ਹੈ ਤੇ ਕਿਸਾਨਾਂ ਤੇ ਆਮ ਲੋਕਾਂ ਵਿੱਚ ਸਰਕਾਰ ਪ੍ਰਤੀ ਗੁੱਸਾ ਇਨਾ ਪ੍ਰਬਲ ਹੋ ਗਿਆ ਹੈ ਕਿ ਦੇਸ਼ ਭਰ ਦੇ ਲਾ ਮਿਸਾਲ ਗਿਣਤੀ ਵਿੱਚ ਕਿਸਾਨ ਇਸ ਪਰੇਡ ਵਿੱਚ ਸ਼ਾਮਲ ਹੋਣ ਲਈ ਟਰੈਕਟਰ ਟਰਾਲੀਆਂ ਲੈ ਕੇ ਦਿੱਲੀ ਵੱਲ ਨੂੰ ਰਵਾਨਾ ਹੋਣਾ ਸ਼ੁਰੂ ਹੋ ਗਏ ਹਨ। ਪ੍ਰਾਪਤ ਤਾਜੀ ਸੂਚਨਾ ਅਨੁਸਾਰ ਇਕੱਲੇ ਪੰਜਾਬ ਤੋਂ ਇਕ ਲੱਖ ਤੋਂ ਵਧੇਰੇ ਟਰੈਕਟਰ ਭਾਰੀ ਗਿਣਤੀ ਵਿੱਚ ਕਿਸਾਨਾਂ ਨਾਲ ਦਿੱਲੀ ਲਈ ਰਵਾਨਾ ਹੋ ਚੁੱਕੇ ਹਨ।ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਥਾਂ ਤੇ ਹੁਣ ਤਕ ਇਹ ਅੰਦੋਲਨ ਪੁੱਜ ਚੁੱਕਾ ਹੈ, ਇਹ ਰੁੱਕਣ ਵਾਲਾ ਨਹੀਂ ਇਹ ਹੋਰ ਤੇ ਹੋਰ ਬੁਲੰਦੀਆ ਨੂੰ ਛੋਹੇਗਾ ਤੇ ਸਰਕਾਰ ਜਿਨੀ ਦੇਰੀ ਕਿਸਾਨ ਮੰਗਾਂ ਨੂੰ ਮੰਨਣ ਵਿੱਚ ਕਰਦੀ ਜਾਵੇਗੀ। ਉਨਾ ਇਹ ਰੋਹ ਹੋਰ ਪ੍ਰਚੰਡ ਹੁੰਦਾ ਜਾਵੇਗਾ। ਸਰਕਾਰ ਕਿੰਨੀ ਜਾਲਮ ਬਣ ਗਈ ਹੈ,ਕਿ ਉਹ ਹੁਣ ਤਕ ਡੇਢ ਸੋ ਤੋਂ ਵਧੇਰੇ ਕਿਸਾਨਾਂ ਦੀ ਅਹੂਤੀ ਲੈ ਚੁੱਕੀ ਹੈ, ਪਤਾ ਨਹੀਂ ਉਹ ਹੋਰ ਕਿੰਨੇ ਕਿਸਾਨਾਂ ਦੀਆਂ ਬੱਲੀਆਂ ਲੈਣਾ ਚਾਹੁੰਦੀ ਹੈ? ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਬਜੁਰਗ ਕਿਸਾਨਾਂ ਦੇ ਦਿੱਲ ਦੇ ਰੋਗਾਂ ਵਿੱਚ ਵਾਧਾ, ਬਲੱਡ ਸ਼ੂਗਰ ਵੱਧਣ, ਸਾਹ ਦੀਆਂ ਬਿਮਾਰੀਆਂ, ਬਲੱਡ ਪਰੈਸ਼ਰ, ਜੋੜਾਂ ਦੇ ਦਰਦ ਅਤੇ ਹੋਰ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਕਿਉਂਕਿ ਜਿਨਾਂ ਹਾਲਤਾਂ ਵਿੱਚ ਇਹ ਬਜੁਰਗ ਕਿਸਾਨਾਂ ਨੂੰ ਦਿੱਲੀ ਬਾਰਡਰਾਂ ਤੇ ਜੂਝਣਾ ਪੈ ਰਿਹਾ,ਇਹ ਹਾਲਤਾਂ ਉਨਾਂ ਦੀਆਂ ਉਮਰਾਂ ਦੇ ਮੁਤਾਬਿਕ ਬਿਲਕੁਲ ਅਨੁਕੂਲ ਨਹੀਂ? ਕੀ ਸਰਕਾਰ ਨੂੰ ਇਸ ਦਾ ਰਤੀ ਜਿਨਾਂ ਵੀ ਅਹਿਸਾਸ ਨਹੀਂ ਕਿ ਜਿਹੜੇ ਕਿਸਾਨ ਇਨੀ ਮਾੜੀਆਂ ਹਾਲਤਾਂ ਵਿੱਚ ਘਰਾਂ ਨੂੰ ਛੱਡ ਕੇ ਬੈਠੇ ਹਨ।ਇਹ ਤਿੰਨੇ ਬਿੱਲ ਉਨਾਂ ਲਈ ਇੰਨੇ ਮਾੜੇ ਹਨ ਕਿ ਉਹ ਆਪਣੇ ਜੀਵਨਾਂ ਨੂੰ ਦਾਅ ਤੇ ਲਗਾ ਕੇ ਬਾਰਡਰਾਂ ਤੇ ਕਕਰੀਲੀਆਂ ਰਾਤਾਂ ਵਿੱਚ ਬੈਠਣ ਲਈ ਮਜਬੂਰ ਹੋ ਕੇ ਸੰਘਰਸ਼ ਕਰ ਰਹੇ ਹਨ। "ਕੋਈ ਮਰੇ ਕੋਈ ਜੀਵੇ, ਸੁੱਥਰਾ ਘੋਲ ਪਤਾਸੇ ਪੀਵੇ" ਸਰਕਾਰ ਨੂੰ ਇਸ ਦਾ ਕੋਈ ਅਹਿਸਾਸ ਨਹੀਂ। ਕਿੱਡੀ ਸ਼ਰਮ ਵਾਲੀ ਗੱਲ ਹੈ ਕਿ ਇਸ ਸਰਕਾਰ ਨੇ ਹੁਣ ਤਕ ਇਕ ਵੀ ਹਮਦਰਦੀ ਭਰਿਆ ਲਫਜ ਉਨਾਂ ਕਿਸਾਨਾਂ ਪ੍ਰਤੀ ਨਹੀਂ ਬੋਲਿਆ ਜੋ ਇਸ ਸੰਘਰਸ਼ ਵਿੱਚ ਜਹਾਨੋਂ ਕੂਚ ਕਰ ਗਏ ਹਨ। ਇਹ ਹੈ ਸਤਿਕਾਰ ਹੈ ਦੇਸ਼ ਦੇ ਲੋਕਾਂ ਪ੍ਰਤੀ ਸਰਕਾਰ ਦਾ। ਸਾਰੇ ਵਿਸ਼ਵ ਵਿੱਚ ਭਾਜਪਾ ਸਰਕਾਰ ਵਿਸ਼ੇਸ਼ ਕਰਕੇ "ਸ੍ਰੀ ਨਰਿੰਦਰ ਮੋਦੀ "ਦੀ ਹਾਲਤ ਦਿਨ ਬ ਦਿਨ ਪਤੱਲੀ ਹੁੰਦੀ ਜਾ ਰਹੀ ਹੈ।ਇਹ ਵੀ ਚਰਚਾਵਾਂ ਹਨ ਕਿ ਭਾਰਤੀ ਜਨਤਾ ਪਾਰਟੀ ਤੇ ਸਰਕਾਰ ਵਿੱਚ ਕਿਸਾਨੀ ਮੁੱਦੇ ਤੇ ਕਾਫੀ ਭੁਚਾਲ ਆਉਣ ਦੇ ਨਾਲ ਗ੍ਰਹਿ ਯੁੱਧ ਵੀ ਸ਼ੁਰੂ ਹੋ ਚੁੱਕਾ ਹੈ। ਇੰਝ ਲਗਣ ਲਗ ਪਿਆ ਹੈ ਕਿ ਜਿਵੇਂ ਭਾਰਤੀ ਜੰਨਤਾ ਪਾਰਟੀ ਦੇ ਕੁਝ ਆਗੂ ਹੀ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਹਾਲਤ ਇਥੋਂ ਤਕ ਖਰਾਬ ਕਰ ਦੇਣਾ ਚਾਹੁੰਦੇ ਹਨ। ਭਾਰਤੀ ਜੰਨਤਾ ਪਾਰਟੀ ਨੂੰ ਹੀ ਇਹ ਕਹਿਣ ਲਈ ਮਜਬੂਰ ਹੋਣਾ ਪੈ ਜਾਵੇ ਕਿ ਇਸ ਪ੍ਰਧਾਨ ਮੰਤਰੀ ਨੇ ਭਾਜਪਾ ਸਰਕਾਰ ਤੇ ਪਾਰਟੀ ਦੀ ਹਾਲਤ ਪਾਣੀ ਤੋਂ ਪੱਤਲੀ ਕਰ ਦਿੱਤੀ ਹੈ।

ਮੌਜੂਦਾ ਹਾਲਾਤ ਵੀ ਉਸ ਭਿਆਨਕ ਸਥਿੱਤੀ ਵਲ ਤੇਜੀ ਨਾਲ ਵੱਧਦੇ ਦਿਖਾਈ ਦੇ ਰਹੇ ਹਨ। ਕਿਸਾਨ ਆਗੂਆਂ ਨੇ ਸਰਕਾਰ ਨਾਲ ਹੋਈ ਤਾਜਾ ਮੀਟਿੰਗ ਵਿੱਚ ਉਸ ਵਲੋਂ ਬਦਲਾ ਲਊ ਭਾਵਨਾ ਤਹਿਤ ਵੱਖ ਵੱਖ ਵਰਗਾਂ ਦੇ ਲੋਕਾਂ ਨੂੰ ਜਾਰੀ ਕੀਤੇ ਐਨ. ਆਈ. ਏ, ਨੋਟਿਸਾਂ ਦਾ ਗੰਭੀਰ ਨੋਟਿਸ ਲੈਂਦਿਆ, ਇਸ ਨੂੰ ਤੁਰੰਤ ਵਾਪਿਸ ਲੈਣ ਦੀ ਮੰਗ ਕੀਤੀ ਹੈ। ਉਨਾਂ ਨੇ ਸਖਤ ਲਹਿਜੇ ਵਿੱਚ ਸਰਕਾਰ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਉਹ ਉਨਾਂ ਨੂੰ ਗਲਤ ਦਿਸ਼ਾ ਵੱਲ ਜਾਣ ਲਈ ਮਜਬੂਰ ਨਾ ਕਰੇ।ਇਹ ਉਹ ਹੀ ਸਰਕਾਰ ਹੈ ਜਿਹੜੀ ਕਾਨੂੰਨ ਵਿੱਚ ਸੋਧਾਂ ਕਰਾਉਣ ਦੀ ਗੱਲ ਕਰਦੀ ਨਹੀਂ ਸੀ ਥੱਕਦੀ, ਹੁਣ ਉਸ ਦੀ ਇਤਨੀ ਤਰਸਯੋਗ ਹਾਲਤ ਬਣ ਗਈ ਹੈ ਕਿ ਉਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਤੁਸੀ ਆਪਣਾ ਅੰਦੋਲਨ ਵਾਪਿਸ ਲੈ ਲਓ, ਸਰਕਾਰ ਦੋ ਸਾਲ ਤਕ ਇਨਾਂ ਕਾਨੂੰਨਾਂ ਨੂੰ ਸਸਪੈਂਡ ਕਰ ਦੇਂਦੀ ਹੈ। ਐਮ. ਐਸ. ਪੀ. ਬਾਰੇ ਵੀ ਵਿਚਾਰ ਕਰਨ ਲਈ ਸਹਿਮਤ ਹੈ।ਇਸ ਸਬੰਧ ਵਿੱਚ ਉਹ ਸੁਪਰੀਮ ਕੋਰਟ ਵਿੱਚ ਐਫੀਡੇਵਿਟ ਵੀ ਦੇ ਦੇਂਦੇ ਹਨ।

ਪਰ ਕਿਸਾਨ ਮੋਰਚੇ ਦੇ ਆਗੂਆਂ ਨੂੰ ਇਸ ਸਰਕਾਰ ਦੇ ਪਿਛੋਕੜ੍ਹ ਦੇ ਇਤਿਹਾਸ ਬਾਰੇ ਭਲੀਭਾਂਤ ਪਤਾ ਹੈ ਕਿ ਇਹ ਸਿਖਰਾਂ ਦੀ ਝੂਠੀ ਸਾਬਤ ਹੋ ਚੁੱਕੀ ਹੈ, ਜੇਕਰ ਉਹ ਹੁਣ ਸਰਕਾਰ ਦੀਆਂ ਗੱਲਾਂ ਤੇ ਇਤਬਾਰ ਕਰਕੇ ਅੰਦੋਲਨ ਵਾਪਿਸ ਲੈ ਲੈਂਦੇ ਹਨ , ਕੀ ਪਤਾ ਸਰਕਾਰ ਕਦੋਂ ਇਸ ਨੂੰ ਜੁਮੱਲਾ ਦਸ ਕੇ ਆਪਣਾ ਪੱਲਾ ਝਾੜ੍ਹ ਦੇਵੇ।ਫਿਰ ਉਹ ਕਿਹੜ੍ਹੀ ਮਾਂ ਨੂੰ ਮਾਸੀ ਕਹਿਣਗੇ, ਇਸ ਕਰਕੇ ਉਨਾਂ ਨੇ ਸਰਕਾਰ ਦੀ ਇਸ ਤਜਵੀਜ ਨੂੰ ਮੂਲੋਂ ਰੱਦ ਕਰਦਿਆਂ ਕਿਹਾ ਹੈ ਕਿ ਉਹ ਤਿੰਨੇ ਕਾਲੇ ਕਾਨੂੰਨਾਂ ਨੂੰ ਪਹਿਲਾਂ ਵਾਪਿਸ ਲਵੇ, ਐਮ .ਐਸ. ਪੀ. ਸਬੰਧੀ ਕਾਨੂੰਨੀ ਗਰੰਟੀ ਦੇਵੇ।

ਕਿਸਾਨਾਂ ਤੇ ਸਰਕਾਰ ਦੋਹਾਂ ਵਿੱਚ ਡੈਡ ਲਾਕ" ਹੋਣ ਕਾਰਨ ਇਸ ਸਮੇਂ ਦੇਸ਼ ਦਾ ਮਾਹੌਲ ਬੜੇ ਖਤਰਨਾਕ ਮੋੜ ਤੇ ਪੁੱਜ ਚੁੱਕਾ ਹੈ। ਸਰਕਾਰ ਦੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਿਆਣਪ ਤੋਂ ਕੰਮ ਲਵੇ 26 ਜਨਵਰੀ ਤੋਂ ਪਹਿਲਾਂ ਪਹਿਲਾਂ ਮੱਸਲਾ ਹੱਲ ਕਰਕੇ ਸੰਸਾਰ ਭਰ ਦੇ ਮੁੱਲਕਾਂ ਵਿੱਚ ਹੋ ਰਹੀ ਆਪਣੀ ਬਦਨਾਮੀ ਨੂੰ ਖਤਮ ਕਰੇ। ਇਹ ਹੁਣ ਉਸ ਤੇ ਨਿਰਭਰ ਕਰਦਾ ਹੈ ਕਿ ਜਿੰਦੀ ਰਵਈਆ ਅਪਣਾਅ ਕੇ ਉਸ ਨੇ ਦੇਸ਼ ਨੂੰ ਬੱਲਦੀ ਦੇ ਬੁੱਥੇ ਵਿੱਚ ਪਾਉਣਾ ਹੈ ਜਾਂ ਫਿਰ ਦੇਸ਼ ਦੇ ਹਾਲਤ ਨੂੰ ਸੁਖਾਵਾਂ ਬਣਾ ਕੇ ਭੱਲ ਖੱਟਣੀ ਹੈ।

# ਹੱਥਾਂ ਦੀ ਛੋਹ ਨਾਲ ਇਲਾਜ

ਬਲਦੇਵ ਸਿੰਘ ਬੇਦੀ
91-90419-25181

ਅੱਜ ਦੇ ਯੁੱਗ ਵਿੱਚ ਵੀ ਇੱਕ ਇਹੋ ਜਿਹੀ ਕੁਦਰਤੀ ਸ਼ਕਤੀ ਜਿੰਦਾ ਹੈ, ਜੋ ਸਾਡੀਆਂ ਬਿਮਾਰੀਆਂ ਦਾ ਇਲਾਜ ਕਰਦੀ ਹੈ ਅਤੇ ਉਹ ਵੀ ਬਿਨਾਂ ਦਵਾਈ ਦੇ ਹੈ ਨਾ ਹੈਰਾਨ ਕਰਨ ਵਾਲੀ ਗੱਲ ਕਿ ਉਹ ਕਿਸ ਤਰਾਂ ਸਾਨੂੰ ਠੀਕ ਕਰੇਗੀ। ਇਸ ਸ਼ਕਤੀ ਨੂੰ ਪਾਉਣ ਲਈ ਥੋੜੀ ਜਿਹੀ ਮਿਹਨਤ, ਵਿਸ਼ਵਾਸ ਅਤੇ ਧਿਆਨ ਦੀ ਲੋੜ ਹੈ, ਕਿਉਂਕਿ ਇਹ ਸ਼ਕਤੀ ਮਹਿਜ਼ ਧਿਆਨ ਦਾ ਰੂਪ ਹੈ। ਇਸ ਦੀ ਖੋਜ ਅਠਾਰਵੀਂ ਸਦੀ ਵਿੱਚ ਜਾਪਾਨ ਦੇ ਡਾਕਟਰ ਯਸੂਈ ਨੇ ਕੀਤੀ। ਯਸੂਈ ਜਾਣਦੇ ਸਨ ਕਿ ਪੁਰਾਤਨ ਕਾਲ ਵਿੱਚ ਲੋਕ ਦਵਾਈ ਤੋਂ ਬਿਨਾ ਹੀ ਆਪਣਾ ਇਲਾਜ ਕਰਦੇ ਸਨ ਅਤੇ ਉਹ ਵੀ ਕੁਦਰਤੀ ਸ਼ਕਤੀ ਨਾਲ। ਇਸ ਕੁਦਰਤੀ ਸ਼ਕਤੀ ਨੂੰ ਖੋਜਣ ਲਈ ਉਹਨਾਂ ਨੂੰ ਦਰ-ਦਰ ਭਟਕਣਾ ਪਿਆ ਅਤੇ ਫਿਰ ਆਖ਼ਰਕਾਰ ਉਹਨਾਂ ਨੂੰ ਇਸ ਸ਼ਕਤੀ ਦੀ ਖੋਜ ਮਹਾਤਮਾ ਬੁੱਧ ਦੀ ਕਿਤਾਬ ਵਿਚੋਂ ਹੋਈ।

ਇਸ ਲਈ ਇਹ ਸ਼ਕਤੀ ਵੀ ਸਾਡੇ ਭਾਰਤ ਨਾਲ ਹੀ ਸੰਬੰਧ ਰੱਖਦੀ ਹੈ, ਕਿਉਂਕਿ ਮਹਾਤਮਾ ਬੁੱਧ ਵੀ ਸਾਡੇ ਭਾਰਤ ਵਿੱਚ ਹੀ ਰਹਿੰਦੇ ਸਨ। ਇਸ ਸ਼ਕਤੀ ਬਾਰੇ ਹੋਰ ਜਿਆਦਾ ਜਾਣਕਾਰੀ ਲਈ ਪ੍ਰੇਮਗੜ (ਹੁਸ਼ਿਆਰਪੁਰ) ਵਿੱਚ ਰਹਿ ਰਹੇ ਬਲਬੀਰ ਸਿੰਘ ਨਾਲ ਗੱਲ ਬਾਤ ਕੀਤੀ ਗਈ। ਜੋ ਇਸ ਸ਼ਕਤੀ ਦੇ ਗਰੈਂਡ ਮਾਸਟਰ ਹਨ, ਉਹ ਇਸ ਸ਼ਕਤੀ ਲਈ ਇੰਗਲੈਂਡ ਦੀ ਇੱਕ ਸੰਸਥਾ ਪਿਲਗਰੀਮ ਹਿਲਰ ਗਰੁੱਪ ਯੂ ਕੇ ਦੁਆਰਾ ਸਨਮਾਨਿਤ ਹਨ।




ਉਹਨਾਂ ਦੱਸਿਆ ਕਿ ਇਹ ਸ਼ਕਤੀ ਸਾਡੇ ਹਰੇਕ ਦੇ ਹੱਥਾਂ ਵਿੱਚ ਹੀ ਪ੍ਰਵਾਹਿਤ ਹੁੰਦੀ ਹੈ, ਜਿਸ ਤਰਾਂ ਜਾਨਵਰਾਂ ਨੂੰ ਕੁਦਰਤ ਨੇ ਸ਼ਕਤੀ ਦਿੱਤੀ ਹੈ ਕਿ ਉਹ ਆਪਣੀ ਬਿਮਾਰੀ ਵਾਲੀ ਜਗਾ ਤੇ ਜੇਕਰ ਆਪਣੀ ਜੀਭ ਹੀ ਫੇਰ ਲੈਣ, ਤਾਂ ਉਹ ਬਿਮਾਰੀ ਨਸ਼ਟ ਹੋ ਜਾਂਦੀ ਹੈ। ਇਸ ਤਰਾਂ ਹੀ ਕੁਦਰਤ ਨੇ ਸਾਨੂੰ ਵੀ ਇਹ ਸ਼ਕਤੀ ਦਿੱਤੀ ਹੈ ਕਿ ਅਸੀਂ ਵੀ ਆਪਣੇ ਹੱਥਾਂ ਨਾਲ ਹੀ ਆਪਣੀ ਬਿਮਾਰੀ ਦਾ ਇਲਾਜ ਕਰ ਸਕੀਏ।

ਉਹਨਾਂ ਦੱਸਿਆ ਕਿ ਕੁਝ ਕਿਰਨਾਂ ਹੁੰਦੀਆਂ ਹਨ, ਜੋ ਸਾਡੇ ਸਾਰਿਆਂ ਦੇ ਹੱਥਾਂ ਵਿਚੋਂ ਨਿਕਲਦੀਆਂ ਹਨ, ਜਿਸ ਤਰਾਂ ਇੱਕ ਮਾਂ ਆਪਣੇ ਬੱਚੇ ਨੂੰ ਆਪਣੀ ਗੋਦ ਵਿੱਚ ਲੈ ਕੇ ਆਖਦੀ ਹੈ ਕਿ ਸੌਂ ਜਾ ਮੇਰਾ ਸੋਹਣਾ ਪੁੱਤ ਸੌਂ ਜਾ ਅਤੇ ਨਾਲ ਨਾਲ ਉਸ ਦੇ ਸਿਰ ਉੱਪਰ ਆਪਣਾ ਹੱਥ ਫੇਰ ਰਹੀ ਹੁੰਦੀ ਹੈ। ਦੇਖਦੇ ਹੀ ਦੇਖਦੇ ਬੱਚਾ ਸੌਂ ਜਾਂਦਾ ਹੈ। ਉਸ ਸਮੇਂ ਮਾਂ ਦੇ ਹੱਥਾਂ ਵਿੱਚੋਂ ਉਹ ਕੁਦਰਤੀ ਸ਼ਕਤੀ ਦੀਆਂ ਕਿਰਨਾਂ ਨਿਕਲਦੀਆਂ ਹਨ। ਠੀਕ ਉਸੇ ਤਰਾਂ ਹੀ ਸਾਡੇ ਹੱਥਾਂ ਵਿਚੋਂ ਵੀ ਇਹ ਕਿਰਨਾਂ ਨਿਕਲ ਕੇ ਸਾਡੀਆਂ ਬਿਮਾਰੀਆਂ ਦਾ ਇਲਾਜ ਕਰਦੀਆਂ ਹਨ। ਉਹਨਾਂ ਦੱਸਿਆ ਕਿ ਜਦੋਂ ਇਸ ਕੁਦਰਤੀ ਸ਼ਕਤੀ ਨਾਲ ਇਲਾਜ ਹੋ ਰਿਹਾ ਹੋਵੇ, ਉਸ ਸਮੇਂ ਤੁਸੀਂ ਜੇਕਰ ਹੱਥਾ ਨੂੰ ਕਿਰਨੋਲ ਕੈਮਰੇ ਨਾਲ ਵੇਖੋਗੇ ਤਾਂ ਤੁਹਾਨੂੰ ਇਹ ਕਿਰਨਾਂ ਵੇਖਣ ਨੂੰ ਮਿਲਣਗੀਆਂ।

ਰੋਗੀ ਦੇ ਸ਼ਰੀਰ 'ਚ ਜਿਸ ਭਾਗ ਵਿੱਚ ਰੋਗ ਹੈ, ਉੱਥੇ ਇਸ ਸ਼ਕਤੀ ਨਾਲ ਇਲਾਜ ਕਰਨ ਵਾਲਾ ਆਪਣਾ ਹੱਥ ਭਿੰਨ ਤੋਂ ਪੰਜ ਮਿੰਟ ਤੱਕ ਰੱਖੇਗਾ ਅਤੇ ਰੋਗ ਜੜਾਂ ਤੋਂ ਹੀ ਖਤਮ ਹੋ ਜਾਵੇਗਾ। ਜੇਕਰ ਕੋਈ ਦੂਰ ਬੈਠਾ ਹੈ ਜਾਂ ਨਹੀਂ ਆ ਸਕਦਾ, ਤਾਂ ਇਸ ਸ਼ਕਤੀ ਨਾਲ ਤੁਸੀਂ ਟੈਲੀਫੋਨ ਦੁਆਰਾ ਵੀ ਅਤੇ ਫੋਟੋ ਦੁਆਰਾ ਵੀ ਇਲਾਜ ਕਰ ਸਕਦੇ ਹੋ। ਇਸ ਸ਼ਕਤੀ ਨਾਲ ਭੌਤਿਕ, ਮਾਨਸਿਕ ਸਰੀਰਕ ਅਤੇ ਗੈਰ ਸਰੀਰਕ ਦੀ ਹਰ ਬਿਮਾਰੀ ਦਾ ਇਲਾਜ ਸੰਭਵ ਹੈ।

ਇੰਗਲੈਂਡ, ਅਮਰੀਕਾ ਜਪਾਨ ਜਰਮਨ ਅਤੇ ਮਲੇਸ਼ੀਆ ਵਰਗੇ ਦੇਸ਼ ਵਿੱਚ ਤਾਂ ਇਸ ਸ਼ਕਤੀ ਨਾਲ ਇਲਾਜ ਕਰਨ ਦੇ ਹਸਪਤਾਲ ਵੀ ਚੱਲ ਰਹੇ ਹਨ। ਅਤੇ ਇਹਨਾਂ ਦੇਸ਼ਾਂ ਵਿੱਚ ਬਿਊਟੀ ਪਾਰਲਰ ਤੇ ਵੀ ਇਸ ਸ਼ਕਤੀ ਨਾਲ ਮੁੱਖੜੇ ਤੇ ਨਿਖਾਰ ਲਿਆਂਦਾ ਜਾਂਦਾ ਹੈ।

# ਭਾਰਤੀ ਲੋਕਰਾਜ ਵਿੱਚ ਵੋਟ ਦੀ ਮਹੱਤਤਾ



ਅਸਿ. ਪ੍ਰੋਫੈਸਰ ਗੁਰਮੀਤ ਸਿੰਘ
91-94175-45100

ਲੋਕਰਾਜ ਵਿੱਚ ਲੋਕਤੰਤਰੀ ਸਰਕਾਰਾਂ ਦੀ ਚੋਣ, ਇੱਕ ਚੋਣ ਪ੍ਰਕਿਰਿਆ ਰਾਹੀਂ ਹੁੰਦੀ ਹੈ। ਜਿਸ ਦਾ ਅਧਾਰ ਲੋਕਮੱਤ ਹੁੰਦਾ ਹੈ ਜਿਸ ਰਾਹੀਂ ਵੋਟਰ ਨਾਗਰਿਕ ਆਪਣੇ ਵੋਟ ਅਧਿਕਾਰ ਦੀ ਵਰਤੋ ਕਰਦਿਆਂ, ਆਪਣੇ ਰਾਜ ਦੀ ਵਾਗਡੋਰ ਸੰਭਾਲਣ ਲਈ ਆਪਣੇ ਨੁਮਾਇੰਦਿਆਂ ਦੀ ਚੋਣ ਕਰਦੇ ਹਨ। ਇਸ ਤਰਾਂ ਇੱਕ ਲੋਕਤੰਤਰੀ ਰਾਜ ਦੀ ਨੀਂਹ ਵੋਟ ਪਾਉਣ ਦੇ ਅਧਿਕਾਰ 'ਤੇ ਹੀ ਰੱਖੀ ਜਾਂਦੀ ਹੈ। ਰਾਜ ਦੇ ਨਾਗਰਿਕਾਂ ਨੂੰ ਦੇਸ਼ ਦੇ ਸੰਵਿਧਾਨ ਦੁਆਰਾ ਸਰਕਾਰ ਚਲਾਉਣ ਲਈ ਦਿੱਤਾ ਹੋਇਆ ਆਪਣੇ ਪ੍ਰਤੀਨਿੱਧ ਚੁਣ ਕੇ ਭੇਜਣ ਦੇ ਅਧਿਕਾਰ ਨੂੰ ਵੋਟ ਦਾ ਅਧਿਕਾਰ ਕਹਾਉਂਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 326 ਅਨੁਸਾਰ ਹਰ ਉਹ ਵਿਅਕਤੀ ਜੋ 18 ਸਾਲ ਜਾਂ ਇਸ ਤੋਂ ਜਿਆਦਾ ਉਮਰ ਦਾ ਹੈ, ਉਹ ਕਿਸੇ ਨਸਲੀ, ਜਾਤ, ਧਰਮ, ਰੰਗ, ਲਿੰਗ ਆਦਿ ਦੇ ਭੇਦ ਭਾਵ ਤੋਂ ਬਿਨਾਂ ਆਪਣਾ ਮੱਤ ਅਧਿਕਾਰ ਹਾਸਿਲ ਕਰ ਸਕਦਾ ਹੈ, ਬਾਸ਼ਰਤੇ ਕਿ ਉਹ ਭਾਰਤ ਦੇਸ਼ ਦਾ ਨਾਗਰਿਕ ਹੋਵੇ। 25 ਜਨਵਰੀ ਜਿਸ ਦਿਨ 1950 ਵਿੱਚ ਮੁੱਖ ਚੋਣ ਕਮਿਸ਼ਨ ਦੀ ਸਥਾਪਨਾ ਹੋਈ ਸੀ, ਨੂੰ ਹੀ ਮੁੱਖ ਰੱਖਦੇ ਹੋਏ, ਹਰ ਸਾਲ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਵੱਜੋਂ ਮਨਾਇਆ ਜਾਂਦਾ ਹੈ। ਯੂਨੀਅਨ ਕੈਬਨਿਟ ਦੀ ਮੀਟਿੰਗ ਜਿਸਦੀ ਪ੍ਰਧਾਨਗੀ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਮਨਮੋਹਨ ਸਿੰਘ ਜੀ ਨੇ ਕੀਤੀ ਸੀ ਇਸ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਕਿ ਨੌਜਵਾਨ ਜੋ 18 ਸਾਲ ਤੋਂ ਉੱਪਰ ਹਨ ਨੂੰ ਵੋਟ ਬਣਾਉਣ ਅਤੇ ਵੋਟ ਸਬੰਧੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪੇਰਿਆ ਜਾਵੇ।

ਉਸ ਸਮੇਂ ਦੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਨੇ ਪਰੈੱਸ ਵਿੱਚ ਕਿਹਾ ਕਿ ਨੌਜਵਾਨ ਨਾਗਰਿਕਾਂ ਦਾ ਵੋਟ ਸਬੰਧੀ ਗਤੀਵਿਧੀਆਂ ਵਿੱਚ 20 ਤੋਂ 25% ਤੱਕ ਰੁ-ਝਾਨ ਘੱਟ ਹੋਇਆ ਹੈ,ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ, ਨੂੰ ਦੇਖਦਿਆਂ ਹੀ ਨੌਜਵਾਨ ਵੋਟਰਾਂ ਨੂੰ ਪ੍ਰੇਰਨ ਲਈ ਹੀ 25 ਜਨਵਰੀ 2011 ਨੂੰ 'ਕੌਮੀ ਵੋਟਰ ਦਿਵਸ' ਵਜੋਂ ਮਨਾਇਆ ਜਾਣ ਲੱਗਿਆ। ਇਹ ਦਿਹਾੜਾ ਮਨਾਉਣ ਦੀ ਸ਼ੁਰੂਆਤ 25 ਜਨਵਰੀ 2011 ਨੂੰ ਭਾਰਤੀ ਚੋਣ ਕਮਿਸ਼ਨ ਨੇ ਆਪਣੇ ਇੱਕ ਸਮਾਰੋਹ ਦੇ ਸਮਾਪਤੀ ਸਮਾਗਮ ਸਮੇਂ ਕੀਤੀ ਗਈ ਸੀ। ਇਸ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਨੂੰ, ਵਿਸ਼ੇਸ਼ ਕਰਕੇ ਨੌਜਵਾਨ ਵਰਗ ਨੂੰ ਵੋਟ ਦੀ ਮਹੱਤਤਾ ਅਤੇ ਅਧਿਕਾਰ ਤੋਂ ਜਾਗਰੂਕ ਕਰਾਉਣਾ ਹੈ।

ਇਸ ਲਈ ਹੀ ਸੰਵਿਧਾਨ ਦੀ 1988 ਦੇ ਸਮੇਂ 61ਵੀਂ ਸੋਧ ਰਾਹੀ ਵੋਟਰ ਬਣਨ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕੀਤੀ ਗਈ ਤਾਂ ਕਿ ਦੇਸ਼ ਦੀ ਰਾਜਨੀਤਿਕ ਪ੍ਰਕਿਰਿਆ ਦਾ ਨੌਜਵਾਨ ਵੱਧ ਤੋਂ ਵੱਧ ਹਿੱਸਾ ਬਣ ਸਕਣ। ਉਹਨਾਂ ਨੂੰ ਫੋਟੋ ਵਾਲੇ ਵੋਟਰ ਪਛਾਣ ਪੱਤਰ ਜਾਰੀ ਕੀਤੇ ਜਾਂਦੇ ਹਨ ਤਾਂ ਜੋ ਇਸ ਉਪਰਾਲੇ ਨਾਲ ਨੌਜਵਾਨਾਂ ਨੂੰ ਸਸ਼ਕਤੀਕਰਨ, ਮਾਣ ਦੀ ਭਾਵਨਾ ਮਿਲੇ ਅਤੇ ਉਹਨਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਪ੍ਰੇਰਣਾ ਮਿਲੇ। ਰਾਸ਼ਟਰੀ ਵੋਟਰ ਦਿਵਸ ਇਸ ਕਰਕੇ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਭਾਰਤ ਵਿਸ਼ਵ ਦੇ ਵੱਡੇ ਲੋਕਤੰਤਰੀ ਅਤੇ ਨੌਜਵਾਨ ਜਨ-ਸੰਖਿਆ ਦੀ ਬਹੁਤਾਤ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਆਜ਼ਾਦੀ ਤੋਂ ਬਾਅਦ 26 ਜਨਵਰੀ 1950 ਚ ਸੰਵਿਧਾਨ ਲਾਗੂ ਹੋਇਆ ਅਤੇ ਦੇਸ਼ ਦੇ ਨਾਗਰਿਕਾਂ ਨੂੰ ਵੋਟ ਪਾਉਣ ਦਾ ਹੱਕ ਪ੍ਰਾਪਤ ਹੋਇਆ ।ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟਾਂ ਵਿਚ ਲੋਕਾਂ ਨੂੰ ਭਾਈਵਾਲ ਬਣਾਉਣ ਦੇ ਮੰਤਵ ਨਾਲ ਜਾਗਰੂਕਤਾ ਫੈਲਾਉਣ ਲਈ ਪੋਲਿੰਗ ਬੂਥ ਪੱਧਰ ਤੋਂ ਤਹਿਸੀਲ ,ਜਿਲਾ,ਰਾਜ ਅਤੇ ਦੇਸ਼ ਪੱਧਰੀ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ । ਦੇਸ਼ ਦਾ ਪ੍ਰੋਗਰਾਮ ਰਾਜਧਾਨੀ ਨਵੀਂ ਦਿੱਲੀ ਵਿੱਚ ਹੁੰਦਾ ਹੈ ਜਿਸ ਦੇ ਮੁੱਖ ਮਹਿਮਾਨ ਰਾਸ਼ਟਰਪਤੀ ਹੁੰਦੇ ਹਨ। ਰਾਜ ਪੱਧਰੀ ਸਮਾਗਮ ਰਾਜਪਾਲ ਦੀ ਪ੍ਰਧਾਨਗੀ ਹੇਠ ਕਰਵਾਏ ਜਾਂਦੇ ਹਨ । ਜਿਲ੍ਹਾ ਪੱਧਰੀ ਸਮਾਗਮ ਸਬੰਧਿਤ ਡਿਪਟੀ ਕਮਿਸ਼ਨਰਾਂ ਦੀ ਦੇਖ-ਰੇਖ ਹੇਠ ਕਰਵਾਏ ਜਾਂਦੇ ਹਨ।

ਰਾਸ਼ਟਰੀ ਵੋਟਰ ਦਿਵਸ ਸਬੰਧੀ ਸਕੂਲਾਂ ਕਾਲਜਾਂ ਵਿੱਚ ਲੇਖ, ਪੋਸਟਰ ਬਣਾਉਣ, ਨਾਅਰੇ ਲਿਖਣ , ਚਿਤਰਕਾਰੀ, ਕਵਿੱਜ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੇਰਣਾ ਦੇ ਤੌਰ ਤੇ ਨਗਦ ਇਨਾਮ ਦੇ ਕੇ ਸਨਮਾਨਿਆ ਜਾਂਦਾ ਹੈ। ਇਸ ਤੋਂ ਇਲਾਵਾ ਪੋਲਿੰਗ ਬੂਥਾਂ ਤੇ ਵੀ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਂਦਾ ਹੈ। ਰਾਸ਼ਟਰੀ ਦਿਵਸ ਮੌਕੇ ਉਹਨਾਂ ਸਾਰੇ ਨੌਜਵਾਨਾ ਨੂੰ ਨਵੇਂ ਵੋਟਰਾਂ ਵਜੋਂ ਸ਼ਾਮਲ ਕੀਤਾ ਜਾਂਦਾ ਹੈ ਜਿਹਨਾਂ ਦੀ ਉਮਰ ਸਬੰਧਤ ਸਾਲ ਦੀ ਪਹਿਲੀ ਜਨਵਰੀ ਨੂੰ 18 ਸਾਲ ਦੀ ਹੋ ਜਾਂਦੀ ਹੈ । ਅਜਿਹੇ ਨਵੇਂ ਰਜਿਸਟਰ ਹੋਏ ਵੋਟਰਾਂ ਨੂੰ ਚੋਣ ਫੋਟੋ ਸ਼ਨਾਖ਼ਤੀ ਕਾਰਡ ਦੇ ਕੇ ਚੋਣ ਪ੍ਰਕਿਰਿਆ ਨਾਲ ਜੋੜਿਆ ਜਾਂਦਾ ਹੈ ਅਤੇ ਇੱਕ ਬੈਜ ਲਗਾ ਕੇ ਸਨਮਾਨਿਤ ਕੀਤਾ ਜਾਂਦਾ ਹੈ ਜਿਸ ਤੇ 'ਵੋਟਰ ਹੋਣ ਦਾ ਮਾਣ-ਵੋਟ ਪਾਉਣ ਲਈ ਤਿਆਰ' ਲਿਖਿਆ ਹੁੰਦਾ ਹੈ ਅਤੇ ਵੋਟਰਾਂ ਨੂੰ ਸਹੁੰ ਚੁਕਾਈ ਜਾਂਦੀ ਹੈ ।

ਦਰਅਸਲ ਰਾਸ਼ਟਰੀ ਮੁੱਖ ਚੋਣ ਕਮਿਸ਼ਨ ਦੇ ਇਹ ਯਤਨ ਕਰਨ ਦਾ ਮੁੱਖ ਕਾਰਨ ਆਮ ਲੋਕਾਂ ਨੂੰ ਉਹਨਾਂ ਦੇ ਮੱਤ ਅਧਿਕਾਰ ਬਾਰੇ ਜਾਣੂ ਕਰਵਾਉਣਾ ਹੈ,ਅਤੇ ਨਿਰਪੱਖ ਚੋਣ ਪ੍ਰਕਿਰਿਆਵਾਂ ਕਰਵਾਉਣਾ ਹੈ, ਤਾਂ ਕਿ ਆਮ ਲੋਕ ਬਿਨਾਂ ਕਿਸੇ ਨਸਲੀ, ਜਾਤ, ਪਾਤ, ਰੰਗ, ਲਿੰਗ ਆਦਿ ਦੇ ਭੇਦ ਭਾਵ ਤੋਂ ਆਪਣੇ ਨੁਮਾਇੰਦਿਆਂ ਦੀ ਚੋਣ ਕਰ ਸਕਣ। ਉਸ ਦੁਆਰਾ ਲਗਾਤਾਰ ਚੋਣ ਪ੍ਰਕਿਰਿਆਵਾਂ ਵਿੱਚ ਸੁਧਾਰ ਕੀਤੇ ਜਾ ਰਹੇ ਹਨ। ਚਾਹੇ ਉਹ ਬੈਲਟ ਪੇਪਰ ਤੋਂ ਲੈ ਕੇ ਵੋਟ ਮਸ਼ੀਨਾਂ ਹੋਣ, ਜਾਂ ਫਿਰ ਉਹ ਵੋਟ ਬਣਾਉਣ ਤੋਂ ਲੈ ਕੇ ਵੋਟਰ ਸੂਚੀਆਂ ਨੂੰ ਆਨਲਾਈਨ ਕਰਨ ਦੀ ਪ੍ਰਕਿਰਿਆ ਹੋਵੇ। ਬੇਸ਼ੱਕ ! ਇਹ ਚੋਣ ਕਮਿਸ਼ਨ ਦੁਆਰਾ ਕੀਤੇ ਗਏ ਕੰਮਾਂ ਨਾਲ ਆਮ ਲੋਕਾਂ ਵਿੱਚ ਵੋਟ ਰਜਿਸਟਰਡ ਕਰਵਾਉਣ ਦੀ ਗਿਣਤੀ ਵਧੀ ਹੈ, ਪਰ! ਵੋਟ ਦਰ ਅੱਜ ਵੀ ਬਹੁਤ ਘੱਟ ਹੈ,ਭਾਰਤ ਵਰਗੇ ਵਿਸ਼ਾਲ ਰਾਜ ਵਿੱਚ 70 ਤੋਂ 75% ਤੱਕ ਹੀ ਲੋਕ ਆਪਣੇ ਵੋਟ ਅਧਿਕਾਰ ਦਾ ਇਸਤੇਮਾਲ ਕਰਦੇ ਹਨ,ਜਦਕਿ 30% ਲੋਕ ਆਪਣਾ ਮੱਤ ਅਧਿਕਾਰ ਇਸਤੇਮਾਲ ਹੀ ਨਹੀਂ ਕਰਦੇ। ਜਿਸਦਾ ਮੁੱਖ ਕਾਰਨ ਪਿਛਲੇ ਕੁੱਝ ਸਮਿਆਂ ਦੌਰਾਨ ਚੋਣ ਕਮਿਸ਼ਨ ਅਤੇ ਚੋਣ ਪ੍ਰਕਿਰਿਆਵਾਂ ਉੱਪਰ ਉੱਠਣ ਵਾਲੇ ਸਵਾਲ ਹਨ। ਭਾਰਤੀ ਚੋਣ ਪ੍ਰਕਿਰਿਆ ਮਹਿੰਗੀ ਚੋਣ ਪ੍ਰਕਿਰਿਆ ਹੈ, ਜਿਸ ਦਾ ਅਸਰ ਆਮ ਲੋਕਾਂ ਦੇ ਧਨ ਉੱਪਰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪੈਂਦਾ ਹੈ। ਅਤੇ ਇਸ ਤੋਂ ਇਲਾਵਾ ਰਾਜਸੀ ਪਾਰਟੀਆਂ ਵੀ ਚੋਣ ਲੜਨ ਲਈ ਕਰੋੜਾਂ ਰੁਪਏ ਖਰਚ ਕਰ ਦਿੰਦੀਆਂ ਹਨ ਜੋ ਚੋਣ ਕਮਿਸ਼ਨ ਦੇ ਨਿਸ਼ਚਿਤ ਕੀਤੇ ਖ਼ਰਚਿਆਂ ਤੋਂ ਕਈ ਗੁਣਾਂ ਵੱਧ ਹੁੰਦਾ ਹਨ। ਇਸ ਇਲਾਵਾ ਜਿਮਨੀ ਚੋਣਾਂ ਵੀ ਵੋਟਰਾਂ ਦੀ ਚੋਣ ਨੂੰ ਕਿਤੇ ਨਾ ਕਿਤੇ ਗਲਤ ਸਿੱਧ ਕਰ ਦਿੰਦੀਆਂ ਹਨ । ਇਸ ਤੋਂ ਇਲਾਵਾ ਵੋਟਰ ਦੀ ਵੋਟ ਦਾ ਰਾਜਨੀਤੀਕਰਨ ਹੋ ਚੁੱਕਾ ਹੈ ਜਿਸ ਤਹਿਤ ਵੋਟਰ ਨੂੰ ਭਰਮਾਉਣ ਲਈ ਵੱਖ-ਵੱਖ ਰਾਜਨੀਤਕ ਪਾਰਟੀਆਂ ਵੋਟਰ ਨੂੰ ਪੈਸੇ, ਸ਼ਰਾਬ, ਉੱਚ ਅਹੁਦਿਆਂ ਦੇ ਲਾਲਚ ਦਿੰਦੇ ਹਨ, ਇਸ ਕਰਕੇ ਇੱਕ ਪਿੰਡ ਦੀ ਪੰਚਾਇਤ ਚੁਣਨ ਤੋਂ ਲੈ ਕੇ ਪਾਰਲੀਮੈਂਟ ਮੈਂਬਰ ਦੀ ਚੋਣ ਤੱਕ ਵੋਟਰ ਦੀ ਵੋਟ ਲਈ ਧਰਮ, ਜਾਤੀ ਆਦਿ ਦੇ ਸਹਾਰੇ ਲਏ ਜਾਂਦੇ ਹਨ।

ਰਾਜਸੀ ਪਾਰਟੀਆਂ ਦੁਆਰਾ ਚੋਣ ਕਮਿਸ਼ਨ ਨੂੰ ਕੁੱਝ ਖਾਸ ਪਾਰਟੀ ਨੂੰ ਸਮਰਪਿਤ ਹੋਣ ਦੇ ਦਾਅਵੇ ਵੀ ਕੀਤੇ ਜਾਂਦੇ ਰਹੇ ਹਨ , ਜਿਸ ਤਹਿਤ ਪਿਛਲੀਆਂ ਆਮ ਅਤੇ ਰਾਜਾਂ ਦੀਆਂ ਚੋਣਾਂ ਦੌਰਾਨ ਵੋਟਰਾਂ ਨੂੰ ਹੈਕ ਕਰਨ ਦੇ ਵੀ ਦੋਸ਼ ਸਾਹਮਣੇ ਆਏ। ਦਰਅਸਲ ਚੋਣ ਕਮਿਸ਼ਨ ਦੁਆਰਾ ਵੋਟ ਬਣਾਉਣ ਲਈ ਉਮਰ ਦਰ ਨਿਸ਼ਚਿਤ ਹੈ, ਪਰ! ਚੋਣ ਲੜਨ ਦੀ ਆਖਰੀ ਉਮਰ ਹੱਦ ਨਿਸ਼ਚਿਤ ਨਹੀਂ, ਜਿਸ ਨਾਲ 90-90 ਸਾਲ ਉਮਰ ਦੇ ਲੀਡਰ ਵੀ ਚੋਣ ਲੜ ਰਹੇ ਹਨ।

ਭਾਰਤ ਵਿੱਚ ਆਮ ਚਪੜਾਸੀ ਦੀ ਨੌਕਰੀ ਲਈ ਵੀ ਸਿੱਖਿਆ ਦਰ ਨਿਸ਼ਚਿਤ ਹੈ, ਅਤੇ ਇਹ ਵੀ ਨਿਸ਼ਚਿਤ ਹੈ ਕਿ ਉਕਤ ਨੌਕਰੀ ਲੈਣ ਵਾਲਾ ਵਿਅਕਤੀ ਕਨੂੰਨੀ ਸਜ਼ਾ ਯਾਫ਼ਤਾ ਮੁਜ਼ਰਿਮ ਨਾਂ ਹੋਵੇ, ਪਰ! ਚੋਣ ਕਮਿਸ਼ਨ ਦੁਆਰਾ ਚੋਣਾਂ ਲੜਨ ਲਈ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਇਸ ਲਈ ਮੁਜ਼ਰਿਮ, ਅਨਪੜ, ਭਰਿਸ਼ਟਾਚਾਰੀ ਲੋਕ ਮੁੜ ਮੁੜ ਵੋਟ ਪ੍ਰਾਪਤ ਕਰ ਸਾਡੀ ਰਾਜਨੀਤੀ ਨੂੰ ਗੰਧਲਾ ਕਰ ਰਹੇ ਹਨ ਜਿਸ ਤੇ ਰੋਕ ਲਈ ਕੁੱਝ ਨਵੇਂ ਨਿਯਮ ਬਣਾਉਣ ਦੀ ਜ਼ਰੂਰਤ ਹੈ । ਲੋਕਾਂ ਨੂੰ ਮਜਬੂਰਨ ਆਪਣੇ ਨੁਮਾਇੰਦੇ ਇਹਨਾਂ ਵਿੱਚੋਂ ਹੀ ਚੁਣਨੇ ਪੈਂਦੇ ਹਨ ਜਿਸ ਦਾ ਅਧਾਰ ਵੱਧ ਵਧੀਆ ਨਹੀਂ, ਘੱਟ ਘਟੀਆ ਨੁਮਾਇੰਦੇ ਚੁਣਨ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ । ਰਾਜਨੀਤੀ ਦੇ ਸੰਪਰਦਾਇਕੀਕਰਨ ਹੋਣ ਨਾਲ, ਰਾਜਨੀਤੀ ਧਾਰਮਿਕ, ਜਾਤੀ ਆਦਿ ਰਾਹੀਂ ਪ੍ਰਭਾਵਿਤ ਹੋਣ ਲੱਗੀ ਹੈ,ਅਤੇ ਇੱਕ ਖਾਸ ਅਤੇ ਬਹੁਮਤ ਵਾਲਾ ਵਰਗ ਘੱਟ ਵਰਗੀ ਲੋਕਾਂ ਨੂੰ ਟਿੱਚ ਜਾਣਦਿਆਂ, ਉਹਨਾਂ ਦੇ ਇਹਨਾਂ ਅਧਿਕਾਰਾਂ ਨੂੰ ਛਿੱਕੇ ਟੰਗ ਰਿਹਾ ਹੈ। ਸਾਡੇ ਵੋਟਰ ਨਾਗਰਿਕ ਵੀ ਆਪਣੀ ਵੋਟ ਦੇ ਸਹੀ ਅਰਥਾਂ ਨੂੰ ਨਾ ਪਹਿਚਾਣਦੇ ਹੋਏ ਰਾਜਨੀਤਿਕ ਜਾ ਸਾਡੇ ਨੌਕਰਸ਼ਾਹੀ ਆਦਿ ਦਬਾਅ ਹੇਠ ਆਪਣੀ ਵੋਟ ਦਾ ਪ੍ਰਯੋਗ ਕਰਦੇ ਹਨ ਜੋ ਕਿ ਗਲਤ ਹੈ। ਸ਼ਖਸੀਅਤ ਵਿਕਾਸ ਦੀਆਂ ਅਨੇਕਾਂ ਮਿਸਾਲਾਂ ਸਾਹਮਣੇ ਲਿਆ ਕੇ ਸਿਆਸੀ ਉਭਾਰ ਸਾਡਾ ਧਿਆਨ ਲੋਕਤੰਤਰ ਤੋਂ ਹਟਾ ਕੇ ਰਾਜਾਸ਼ਾਹੀ ਵੱਲ ਲਿਜਾ ਰਹੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਬਿਨਾਂ ਵੋਟਰ ਦਾ ਪੱਖ ਜਾਣਿਆਂ ਵੱਡੇ ਵਜ਼ੀਰ ਦੀ ਤਾਜਪੋਸ਼ੀ ਕਰਨ ਦੀਆਂ ਤਿਆਰੀਆਂ ਪਹਿਲਾਂ ਤੋਂ ਹੀ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਜੇ ਇਹ ਕਹਿ ਲਿਆ ਜਾਵੇ ਕਿ ਇੱਥੇ ਤਾਂ 'ਲੋਕਤੰਤਰੀ ਰਾਜੇ' ਨੂੰ ਲੋਕਾਂ 'ਤੇ ਠੋਸ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹਨਾਂ ਤੋਂ ਇਲਾਵਾ ਇਕ ਨਿਰਪੱਖ ਵੋਟਰ ਦੇ ਰਸਤੇ ਵਿਚ ਉਸ ਦੀ ਅਨਪੜ੍ਹਤਾ, ਅਗਿਆਨਤਾ, ਬੇਰੁਜ਼ਗਾਰੀ ਆਦਿ ਕਮੀਆਂ ਵੀ ਘੱਟ ਲੱਗਦੀਆਂ ਨੇ। ਸਮਾਂ ਅਨੁਸਾਰ ਇਹ ਸਮੱਸਿਆਵਾਂ ਵੱਧਦੀਆਂ ਹੀ ਜਾ ਰਹੀਆਂ ਹਨ।ਜੇਕਰ ਸਵਿਟਜ਼ਰਲੈਂਡ ਦੀ ਤਰਾਂ ਸਾਡੇ ਸੰਵਿਧਾਨ ਵਿੱਚ ਵੀ ਵਾਪਸ ਬਲਾਓ ਦਾ ਅਧਿਕਾਰ ਹੋਵੇ ਤਾਂ ਸਾਡਾ ਚੋਣ ਕਮਿਸ਼ਨ ਅਤੇ ਸਾਡਾ ਵੋਟਰ ਇਸ ਅਧਿਕਾਰ ਰਾਹੀਂ ਇੱਕ ਚੰਗੇ ਲੋਕਰਾਜ ਦੀ ਬਣਤਰ ਘੜ ਸਕਦਾ ਹੈ।

****




# ਕਿਸਾਨੀ ਅੰਦੋਲਨ ਅਤੇ ਪ੍ਰਵਾਸੀਆਂ ਦਾ ਦੇਸ਼-ਦਰਦ



ਗੁਰਮੀਤ ਪਲਾਹੀ
91-98158-02070

ਦੇਸ਼ ਦਾ ਜਨਮਾਨਸ ਲੋਕਤੰਤਰ ਦੇ ਬਚਾਓ ਅਤੇ ਸੰਵਿਧਾਨ ਦੀ ਰਾਖੀ ਲਈ ਲੜਾਈ ਲੜ ਰਿਹਾ ਹੈ। ਇੱਕ ਕਵੀ ਦੇ ਸ਼ਬਦਾਂ 'ਚ "ਲੋਕਤੰਤਰ ਦਾ ਲੋਕੋਂ ਹੈ ਲੱਕ ਟੁੱਟਾ, ਤਾਨਾਸ਼ਾਹੀ ਨੇ ਲੱਕ ਇਹ ਤੋੜਿਆ ਏ" ਅਤੇ ਪ੍ਰਵਾਸ ਹੰਢਾ ਰਹੇ ਭਾਰਤ ਦੇ ਵਾਸੀ ਇਸ ਅੰਦੋਲਨ ਵਿੱਚ ਆਪਣਾ ਪੂਰਾ ਯੋਗਦਾਨ ਦਿੰਦੇ ਦਿਖਾਈ ਦੇ ਰਹੇ ਹਨ। ਜਿਥੇ ਅਮਰੀਕਾ, ਕੈਨੇਡਾ, ਬਰਤਾਨੀਆ, ਅਸਟ੍ਰੇਲੀਆ, ਨਿਊਜੀਲੈਂਡ ਅਤੇ ਹੋਰ ਦੇਸ਼ਾਂ 'ਚ ਵਸੇ ਪ੍ਰਵਾਸੀਆਂ ਨੇ ਵੱਡੀ ਪੱਧਰ ਉਤੇ ਰੋਸ ਮੁਜ਼ਾਹਰੇ, ਰੈਲੀਆਂ ਕਰਕੇ ਹੋਂਦ ਦੀ ਲੜਾਈ ਲੜ ਰਹੇ ਕਿਸਾਨਾਂ ਦੇ ਹੱਕ 'ਚ ਅੰਤਰਰਾਸ਼ਟਰੀ ਪੱਧਰ ਉਤੇ ਆਵਾਜ਼ ਬੁਲੰਦ ਕੀਤੀ ਹੈ, ਉਥੇ ਦੇਸ਼ ਦੀ ਵੇਲੇ ਦੀ ਸਮੱਸਿਆ ਦੀ ਇਸ ਲੜਾਈ ਦੇ ਮੂਲ ਤੱਤ ਨੂੰ ਸਮਝਦਿਆਂ, ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਿਰੁੱਧ ਰੋਹ ਪ੍ਰਗਟ ਕੀਤਾ ਹੈ। ਉਹਨਾ ਦਿੱਲੀ ਬਰੂਹਾਂ 'ਤੇ ਬੈਠੇ ਕਿਸਾਨਾਂ, ਮਜ਼ਦੂਰਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਲਈ ਵੀ ਹੱਥ ਨਹੀਂ ਘੁੱਟਿਆ।

ਦੇਸ਼ ਦੇ ਹਾਕਮ ਵਲੋਂ, ਸਮੇਂ-ਸਮੇਂ ਉਤੇ ਜਦੋਂ ਵੀ ਦੇਸ਼ ਵਾਸੀਆਂ ਨੂੰ ਭਾਰਤੀ ਸੰਵਿਧਾਨ ਅਨੁਸਾਰ ਮਿਲੇ ਅਧਿਕਾਰਾਂ ਨੂੰ ਖੋਹਣ ਲਈ ਕਦਮ ਚੁੱਕੇ, ਪ੍ਰਵਾਸ ਹੰਢਾ ਰਹੇ ਭਾਰਤੀਆਂ ਨੇ ਚਿੰਤਾ ਜ਼ਾਹਰ ਕੀਤੀ। ਜਦੋਂ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕੀਤੀ ਗਈ, ਜੰਮੂ ਕਸ਼ਮੀਰ ਦੇ ਲੋਕ ਤਿਲਮਿਲਾਏ। ਜਦੋਂ ਦੇਸ਼ ਵਿੱਚ ਨਾਗਰਿਕਤਾ ਬਿੱਲ ਪਾਸ ਕਰਕੇ ਘੱਟ ਗਿਣਤੀਆਂ ਉਤੇ ਹਮਲਾ ਹੋਇਆ, ਮੁਸਲਮਾਨਾਂ ਨੇ ਗੁੱਸਾ ਪ੍ਰਗਟਾਇਆ, ਜਦੋਂ ਦੇਸ਼ ਦੀ ਸੀਬੀਆਈ, ਰਿਜ਼ਰਵ ਬੈਂਕ, ਆਈ ਬੀ ਅਤੇ ਹੋਰ ਸੰਸਥਾਵਾਂ ਨੂੰ ਹਾਕਮਾਂ ਪਿੰਜਰੇ ਦਾ ਤੋਤਾ ਬਣਾਇਆ, ਦੇਸ਼ ਦੇ ਬੁੱਧੀਜੀਵੀਆਂ , ਲੇਖਕਾਂ ਆਵਾਜ਼ ਉਠਾਈ ਅਤੇ ਜਦੋਂ ਦੇਸ਼ ਦੇ ਸੰਵਿਧਾਨ ਨੂੰ ਖੋਰਾ ਲਾਉਂਦਿਆਂ ਮੌਜੂਦਾ ਹਾਕਮਾਂ ਨੇ ਸੱਭੋ ਕੁਝ ਆਪਣੇ ਹੱਥ-ਬੱਸ ਕਰਨ ਦਾ ਅਮਲ ਆਰੰਭਿਆ, ਉਦੋਂ ਦੇਸ਼ 'ਚ ਵੱਡਾ ਰੋਸ ਪੈਦਾ ਹੋਇਆ। ਜਦੋਂ ਕਿਸਾਨਾਂ ਦੇ ਹੱਥੋਂ ਸਭ ਕੁਝ ਖੋਹਕੇ ਧਨ-ਕੁਬੇਰਾਂ ਦੀ ਝੋਲੀ ਭਰਨ ਦਾ "ਵੱਡਾ ਕਾਰਨਾਮਾ" ਕਰਦਿਆਂ ਦੇਸ਼ ਦੇ ਹਾਕਮਾਂ ਵਲੋਂ ਤਿੰਨ ਖੇਤੀ ਕਾਨੂੰਨ ਪਾਸ ਕਰ ਦਿੱਤੇ ਗਏ। (ਇੱਕ ਕਵੀ ਦੇ ਸ਼ਬਦਾਂ ਅਨੁਸਾਰ "ਸੋਚ ਜਦੋਂ ਹੁੰਦੀ ਕਾਲੀ ਹਾਕਮਾਂ ਦੀ, ਹੋ ਜਾਂਦੇ ਨੇ ਉਹਨਾ ਦੇ ਖ਼ੂਨ ਕਾਲੇ। ਮੁਗਲਾਂ, ਗੋਰਿਆਂ ਸਾਡੇ 'ਤੇ ਰਾਜ ਕੀਤਾ, ਪਾਸ ਕੀਤੇ ਕਈ ਉਹਨਾ ਕਾਨੂੰਨ ਕਾਲੇ") ਤਾਂ ਦੇਸ਼ ਦਾ ਕਿਸਾਨ "ਲੋਈ ਲਾਹਕੇ", ਜਾਨ ਜ਼ੋਖ਼ਮ ਵਿੱਚ ਪਾ ਕੇ, ਲੜਾਈ ਲੜਨ ਤੁਰਿਆ ਤਾਂ ਇਹਨਾ ਸਾਰੇ ਮੌਕਿਆਂ ਉਤੇ ਪ੍ਰਵਾਸੀ ਭਾਰਤੀਆਂ ਨੇ ਸਿਰਫ਼ ਹਾਅ ਦਾ ਨਾਹਰਾ ਨਹੀਂ ਮਾਰਿਆ ਪੂਰੇ ਜ਼ੋਰ-ਜ਼ੋਰ ਨਾਲ ਦੇਸ਼ ਨੂੰ ਬਚਾਉਣ ਲਈ ਯਥਾਯੋਗ ਯਤਨ ਕੀਤੇ । ਸਿੱਟਾ ਸਾਹਮਣੇ ਹੈ ਕਿ ਵਿਦੇਸ਼ ਵਸਦੇ ਇਹਨਾ ਮਾਤਭੂਮੀ ਦੇ ਪਿਆਰਿਆਂ-ਦੁਲਾਰਿਆਂ ਦੀ ਮਿਹਨਤ ਸਦਕਾ ਬਰਤਾਨੀਆ ਦੇ ਮੈਂਬਰ ਪਾਰਲੀਮੈਂਟ, ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਜਨਮਾਣਸਅੰਦੋਲਨ ਦੇ ਹੱਕ 'ਚ ਆਵਾਜ਼ ਉਠਾਈ। ਆਵਾਜ਼ ਇਹਨਾ ਪ੍ਰਵਾਸੀਆਂ ਉਦੋਂ ਵੀ ਬੁਲੰਦ ਕੀਤੀ ਸੀ ਜਦੋਂ ਕਾਂਗਰਸ ਰਾਜ ਵੇਲੇ ਦੇਸ਼ 'ਚ ਐਮਰਜੈਂਸੀ ਲਗਾਈ ਗਈ ਸੀ। ਜਦੋਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ। ਜਦੋਂ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਮੌਕੇ ਦੇ ਹਾਕਮਾਂ ਵਲੋਂ ਕੀਤਾ ਗਿਆ ਸੀ।

ਭਾਰਤੀ ਖੁਦਮੁਖ਼ਤਿਆਰ ਸੰਸਥਾਵਾਂ ਦੇ ਸਾਹਮਣੇ ਅੱਜ ਵੱਡੀਆਂ ਚਣੌਤੀਆਂ ਹਨ। ਹਾਕਮ ਉਹਨਾ ਨੂੰ ਆਪਣਾ ਦੁੰਮ-ਛਲਾ ਬਣਾ ਰਹੇ ਹਨ। ਉਹਨਾ ਨੂੰ ਨਿਰਪੱਖ ਰਹਿਕੇ ਆਪਣੇ ਕੰਮ ਨਹੀਂ ਕਰਨ ਦਿੱਤੇ ਜਾ ਰਹੇ। ਕਿਸਾਨ ਅੰਦੋਲਨ ਸਮੇਂ ਜਿਸ ਢੰਗ ਨਾਲ ਐਨ.ਆਈ.ਏ. ਏਜੰਸੀ ਵਲੋਂ ਅੰਦੋਲਨ ਨਾਲ ਜੁੜੇ ਆਗੂਆਂ ਨੂੰ ਨੋਟਿਸ ਜਾਰੀ ਕੀਤੇ ਜਾ ਰਹੇ ਹਨ, ਉਹ ਉਹਨਾ ਦੇ ਕੰਮਕਾਜ ਉਤੇ ਵੱਡਾ ਡਾਕਾ ਹਨ।

ਕੈਨੇਡਾ ਦੇ ਮੈਂਬਰ ਪਾਰਲੀਮੈਂਟ ਤਾਂ ਖ਼ਾਲਸਾ ਏਡ ਸੰਸਥਾ ਨੂੰ ਨੋਬਲ ਪੁਰਸਕਾਰ ਦੇਣ ਦੀ ਸਿਫ਼ਾਰਸ਼ ਕਰਦੇ ਹਨ, ਪਰ ਐਨ.ਆਈ.ਏ. ਏਜੰਸੀ ਉਹਨਾ ਨੂੰ ਪੁਛ-ਗਿੱਛ ਦਾ ਨੋਟਿਸ ਜਾਰੀ ਕਰ ਰਹੀ ਹੈ। ਉਹ ਸੰਸਥਾ ਜਿਹੜੀ ਸਰਬੱਤ ਦੇ ਭਲੇ ਲਈ, ਹਰ ਥਾਂ ਜਾਕੇ ਆਫ਼ਤ ਵੇਲੇ ਦੁਨੀਆ ਭਰ 'ਚ ਲੋਕਾਂ ਨਾਲ ਖੜਦੀ ਹੈ,ਉਸ ਉਤੇ ਦੋਸ਼ ਲਗਾਇਆ ਜਾ ਰਿਹਾ ਹੈ ਕਿ ਉਹ ਫੰਡਿੰਗ ਕਿਥੋਂ ਲੈਂਦੀ ਹੈ ਤੇ ਫੰਡਿੰਗ ਕਿਸਨੂੰ ਕਰਦੀ ਹੈ? ਅਸਲ ਵਿੱਚ ਤਾਂ ਦੇਸ਼ ਦੀਆਂ ਖੁਦਮੁਖਤਿਆਰ ਸੁਤੰਤਰ ਕੰਮ ਕਰ ਰਹੀਆਂ ਸੰਸਥਾਵਾਂ ਸਮੇਤ ਸੁਪਰੀਮ ਕੋਰਟ ਉਤੇ ਹਾਕਮਾਂ ਨੇ ਕਾਲਖ਼ ਪੋਚ ਦਿੱਤੀ ਹੈ ਜਿਸ ਬਾਰੇ ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਦੇ ਚਾਰ ਜੱਜਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਚਿੰਤਾ ਪ੍ਰਗਟ ਕੀਤੀ ਸੀ।

ਦੇਸ਼ 'ਚ ਉਸ ਵੇਲੇ ਵੀ ਵੱਡਾ ਉਬਾਲ ਉਠਿਆ ਸੀ, ਜਦੋਂ ਕਸ਼ਮੀਰ 'ਚ ਧਾਰਾ 370 ਖ਼ਤਮ ਕਰ ਦਿੱਤੀ ਗਈ ਸੀ। ਕਈ ਪ੍ਰਤੀਨਿਧੀਆਂ ਨੂੰ ਜੇਲ੍ਹ 'ਚ ਭੇਜ ਦਿੱਤਾ ਗਿਆ, ਕਈਆਂ ਵਿਰੁੱਧ ਦੇਸ਼ ਧਰੋਹ ਦੇ ਮੁਕੱਦਮੇ ਦਰਜ਼ ਕੀਤੇ ਗਏ। ਇਹਨਾ ਪ੍ਰਤੀਨਿਧੀਆਂ ਦੀਆਂ ਜ਼ਮਾਨਤਾਂ ਦੀ ਸੁਣਵਾਈ ਮਹੀਨਿਆਂ ਬੱਧੀ ਨਾ ਕੀਤੀ ਗਈ, ਜਦ ਕਿ ਸਰਕਾਰ ਸਮਰਥਕ ਇੱਕ ਟੀਵੀ ਐਂਕਰ ਨੂੰ ਰਾਹਤ ਦੇਣ ਲਈ ਤੁਰੰਤ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਇਵੇਂ ਹੀ ਕਿਸਾਨ ਅੰਦੋਲਨ 'ਚ ਸੁਪਰੀਮ ਕੋਰਟ ਦੀ ਸੁਣਵਾਈ ਸਮੇਂ ਉਹਨਾ ਚਾਰ ਮੈਂਬਰਾਂ ਦੀ ਕਮੇਟੀ ਬਣਾ ਦਿੱਤੀ ਗਈ, ਜਿਹੜੇ ਤਿੰਨੇ ਕਾਨੂੰਨਾਂ ਦੇ ਸਮਰਥਕ ਹਨ। ਇਸੇ ਤਰ੍ਹਾਂ ਚੋਣਾਵੀਂ ਬਾਂਡ ਦੇ ਸਬੰਧ 'ਚ 2017 ਤੋਂ ਮੁਆਮਲਾ ਲੰਬਿਤ ਹੈ, ਜੋ ਵੱਖੋ-ਵੱਖਰੀਆਂ ਸਿਆਸੀ ਧਿਰਾਂ ਨੂੰ ਮਿਲਣ ਵਾਲੇ ਚੰਦੇ ਨਾਲ ਸਬੰਧਤ ਹੈ। ਇਸ ਮਾਮਲੇ ਨੂੰ ਸੁਣਵਾਈ 'ਚ ਨਹੀਂ ਲਿਆਂਦਾ ਜਾ ਰਿਹਾ। ਇਹ ਇਸ ਵਿਸ਼ਵਾਸ ਨੂੰ ਹਰ ਬੱਲ ਦਿੰਦਾ ਹੈ ਕਿ ਅਦਾਲਤਾਂ ਉਤੇ ਸਰਕਾਰ ਦਾ ਮਜ਼ਬੂਤ ਪ੍ਰਭਾਵ ਹੈ। ਇਹਨਾ ਸਾਰੇ ਮਾਮਲਿਆਂ ਬਾਰੇ ਸਮੇਂ-ਸਮੇਂ ਦੇਸ਼-ਵਿਦੇਸ਼ 'ਚ ਵਸਦੇ ਪ੍ਰਵਾਸੀ ਭਾਰਤੀ ਯੂ.ਐਨ.ਓ., ਜਾਂ ਅੰਤਰਰਾਸ਼ਟਰੀ ਅਦਾਲਤਾਂ 'ਚ ਮੁੱਦੇ ਉਠਾਉਂਦੇ ਰਹਿੰਦੇ ਹਨ।

ਸਮੁੱਚੇ ਭਾਰਤ ਦਾ ਰੋਜ਼ਾਨਾ ਪ੍ਰਸਾਸ਼ਨ ਕਾਰਜਪਾਲਿਕਾ ਵਲੋਂ ਸੰਭਾਲਿਆ ਜਾਂਦਾ ਹੈ। ਉਸ ਵਿੱਚ ਵੱਡਾ ਰੋਲ ਪੁਲਿਸ ਪ੍ਰਸਾਸ਼ਨ ਦਾ ਵੀ ਹੈ। ਉਹਨਾ ਦੇ ਕੰਮ ਕਾਰ ਵਿੱਚ ਵੱਡੀਆਂ ਖਾਮੀਆਂ ਹਨ। ਰਾਜਾਂ ਦੇ ਰਾਜਪਾਲਾਂ ਦਾ ਕੰਮ ਕਾਰ ਲੰਮੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਹੈ। ਇਸ ਵੇਲੇ ਤਾਂ ਬਹੁਤੇ ਵਿਰੋਧੀ ਧਿਰਾਂ ਦੇ ਮੁੱਖਮੰਤਰੀ ਮੌਜੂਦਾ ਰਾਜਪਾਲਾਂ ਵਿਰੁੱਧ ਸ਼ਕਾਇਤ ਕਰਦੇ ਹਨ ਕਿ ਉਹ ਆਪਣੇ ਦਾਇਰੇ ਤੋਂ ਬਾਹਰ ਜਾਕੇ ਕੰਮ ਕਰ ਰਹੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸੀ.ਬੀ.ਆਈ., ਈ.ਡੀ., ਆਮਦਨ ਕਰ ਅਧਿਕਾਰੀ ਚੋਣਾਂ ਤੋਂ ਪਹਿਲਾਂ ਵਿਰੋਧੀ ਦਲਾਂ ਦੇ ਉਮੀਦਵਾਰਾਂ, ਸਮਰਥਕਾਂ ਉਤੇ ਛਾਪੇ ਮਾਰਦੇ ਹਨ। ਇਸਦੀ ਉਦਾਹਰਨ ਕਿਸਾਨ ਅੰਦੋਲਨ ਦੌਰਾਨ ਵੀ ਵੇਖਣ ਨੂੰ ਮਿਲੀ ਹੈ, ਜਦੋਂ ਪੰਜਾਬ ਦੇ ਆੜ੍ਹਤੀਆਂ ਵਿਰੁੱਧ ਆਮਦਨ ਕਰ ਵਾਲਿਆਂ ਛਾਪੇ ਮਾਰੇ ਹਨ। ਇਸ ਸਭ ਕੁਝ ਦੀ ਚਿੰਤਾ ਦੇਸ਼ ਤੋਂ ਬਾਹਰ ਬੈਠੇ ਪ੍ਰਵਾਸੀਆਂ ਨੂੰ ਉਸ ਵੇਲੇ ਵੱਧ ਜਾਂਦੀ ਹੈ, ਜਦੋਂ ਉਹ ਇਹ ਸੁਫ਼ਨਾ ਪਾਲੀ ਬੈਠੇ ਹੁੰਦੇ ਹਨ ਕਿ ਉਹ ਆਪਣੇ ਦੇਸ਼ ਦੇ ਲੋਕਾਂ ਨੂੰ, ਜਿਥੇ ਉਹ ਜੰਮੇ, ਪਲੇ, ਪ੍ਰਵਾਨ ਚੜ੍ਹੇ ਹਨ, ਉਹੋ ਕਿਸਮ ਦੀਆਂ ਪ੍ਰਸ਼ਾਸਨ, ਸਿਹਤ, ਸਿੱਖਿਆ ਸਹੂਲਤਾਂ ਦੇਣ ਦੇ ਚਾਹਵਾਨ ਹਨ, ਜਿਹੋ ਜਿਹਾ ਉਹ ਹੰਢਾ ਰਹੇ ਹਨ। ਇਸੇ ਸੁਫ਼ਨੇ ਨੂੰ ਪੂਰਿਆਂ ਕਰਨ ਲਈ ਉਹ ਮਣਾ-ਮੂੰਹੀ ਧਨ ਪਿੰਡਾਂ ਦੇ ਵਿਕਾਸ ਲਈ ਭੇਜਦੇ ਹਨ। ਆਪਣੇ ਪਿਛਲੇ ਪਰਿਵਾਰਾਂ ਦੀ ਸਹਾਇਤਾ ਕਰਦੇ ਹਨ। ਖੇਡਾਂ ਲਈ ਸਟੇਡੀਅਮ, ਬੁਨਿਆਦੀ ਸੁਧਾਰ ਲਈ ਅੰਡਰਗਰਾਊਂਡ ਸਟੇਡੀਅਮ, ਸਕੂਲਾਂ ਲਈ ਲੋੜਾਂ ਪੂਰੀਆਂ ਕਰਨ ਲਈ ਹੋਰ ਸਹੂਲਤਾਂ ਪ੍ਰਦਾਨ ਹੀ ਨਹੀਂ ਕਰਦੇ, ਸਮਾਜਿਕ ਭਲਾਈ ਕਾਰਜਾਂ ਜਿਹਨਾ ਵਿੱਚ ਲੋੜਬੰਦਾਂ ਲਈ ਅੰਨਦਾਣਾ, ਪੈਨਸ਼ਨ ਵੀ ਦਿੰਦੇ ਹਨ। ਕੋਵਿਡ-19 ਦੇ ਦਿਨਾਂ 'ਚ ਪ੍ਰਵਾਸੀਆਂ ਨੇ ਲੋੜਬੰਦਾਂ ਦੀ ਵੱਡੀ ਆਰਥਿਕ ਸਹਾਇਤਾ ਉਹਨਾ ਨੂੰ ਅਨਾਜ਼ ਕਿੱਟਾਂ ਵੰਡਕੇ ਕੀਤੀ। ਪਰ ਇਸ ਸਭ ਕੁਝ ਦੇ ਨਾਲ ਨਾਲ ਉਹ ਸਿਆਸੀ ਸਰਗਰਮੀਆਂ 'ਚ ਵੀ ਵੱਡਾ ਹਿੱਸਾ ਲੈਂਦੇ ਹਨ, ਪੰਜਾਬ ਸੂਬਾ ਇਸ ਦੀ ਵੱਡੀ ਉਦਾਹਰਨ ਹੈ।

ਬਹੁਤਾ ਦੂਰ ਨਾ ਜਾਈਏ, ਪੰਜਾਬ ਦੀਆਂ ਹਰ ਕਿਸਮ ਦੀਆਂ ਚੋਣਾਂ 'ਚ ਪ੍ਰਵਾਸੀ ਪੰਜਾਬੀ ਹਿੱਸਾ ਲੈਂਦੇ ਹਨ। ਦੂਰ ਬੈਠੇ ਆਪਣੇ ਰਿਸ਼ਤੇਦਾਰਾਂ ਨੂੰ ਕਿਸੇ ਖ਼ਾਸ ਰਾਜਸੀ ਧਿਰ ਲਈ ਵੋਟਾਂ ਦੀ ਮੰਗ ਕਰਦੇ ਹਨ। ਹਾਲ 'ਚ ਹੀ ਆਮ ਆਦਮੀ ਪਾਰਟੀ ਦੀ ਪੂਰੀ ਮੁਹਿੰਮ ਖ਼ਾਸ ਕਰਕੇ ਪ੍ਰਵਾਸੀ ਪੰਜਾਬੀਆਂ ਨੇ ਚਲਾਈ। ਪੰਜਾਬ 'ਚ ਇਸ ਪਾਰਟੀ ਨੂੰ ਜਿੰਨੀ ਸਫਲਤਾ ਮਿਲੀ, ਉਸਦਾ ਵੱਡਾ ਹਿੱਸਾ ਪ੍ਰਵਾਸੀਆਂ ਕਰਕੇ ਸੰਭਵ ਹੋਇਆ। ਵਿਧਾਨ ਸਭਾ ਚੋਣ ਮੁਹਿੰਮ 'ਚ ਵੀ ਇਹਨਾ ਪ੍ਰਵਾਸੀਆਂ ਧਨ ਨਾਲ ਹੀ ਸਹਾਇਤਾ ਨਹੀਂ ਕੀਤੀ, ਸਗੋਂ ਨਿੱਜੀ ਤੌਰ 'ਤੇ ਜਹਾਜ਼ਾਂ ਦੇ ਜਹਾਜ਼ ਭਰ ਕੇ ਪੰਜਾਬ ਦੀ ਧਰਤੀ ਤੇ ਪੁੱਜੇ।

ਇਕੋ ਆਸ਼ੇ ਨੂੰ ਲੈਕੇ ਕਿ ਪੰਜਾਬ ਭ੍ਰਿਸ਼ਟਾਚਾਰ ਮੁਕਤ ਹੋਵੇ। ਪੰਜਾਬ ਖੁਸ਼ਹਾਲ ਹੋਵੇ। ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਹੋਵੇ। ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਹੋਵੇ। ਪੰਜਾਬ ਨੂੰ ਸਾਫ਼-ਸੁਥਰਾ ਪ੍ਰਸਾਸ਼ਨ ਮਿਲੇ। ਪੂਰੀ ਸਫ਼ਲਤਾ ਨਾ ਮਿਲਣ ਤੇ ਪ੍ਰਵਾਸੀ ਪੰਜਾਬੀ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਵਰਤਾਰੇ ਤੋਂ ਨਿਰਾਸ਼ ਹੋਏ, ਬਿਲਕੁਲ ਉਸੇ ਤਰ੍ਹਾਂ ਜਿਵੇਂ ਪਹਿਲਾਂ ਬਲਵੰਤ ਸਿੰਘ ਰਾਮੂੰਵਾਲੀਆ ਅਤੇ ਮਨਪ੍ਰੀਤ ਸਿੰਘ ਬਾਦਲ ਵਲੋਂ ਆਰੰਭੀਆਂ ਸਿਆਸੀ ਧਿਰਾਂ ਦੀ ਕਾਰਗੁਜ਼ਾਰੀ ਤੋਂ ਉਹ ਨਿਰਾਸ਼ ਹੋਏ ਸਨ, ਜਿਹੜੇ ਉਹਨਾ ਦੀ ਸੋਚ ਅਨੁਸਾਰ ਕੰਮ ਨਹੀਂ ਸਨ ਕਰ ਸਕੇ।

ਪ੍ਰਵਾਸ ਹੰਢਾ ਰਹੇ ਭਾਰਤੀਆਂ ਦੀ ਵੱਡੀ ਚਿੰਤਾ ਆਪਣੇ ਦੇਸ਼ ਨੂੰ ਖੁਸ਼ਹਾਲ ਵੇਖਣ ਦੀ ਹੈ। ਕਿਸੇ ਵੀ ਭੀੜ ਵੇਲੇ ਉਹ ਆਪਣੇ ਦੇਸ਼ ਵਾਸੀਆਂ ਨਾਲ ਖੜਦੇ ਹਨ। ਕਿਸਾਨ ਅੰਦੋਲਨ ਦੌਰਾਨ ਖ਼ਾਸ ਕਰਕੇ ਪ੍ਰਵਾਸੀ ਪੰਜਾਬੀ ਅੰਦੋਲਨ ਨਾਲ ਖੜੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਇਹ ਅੰਦੋਲਨ ਦੇ ਬੀਜ ਹਰੀ ਕ੍ਰਾਂਤੀ ਨੇ ਪੈਦਾ ਕੀਤੇ ਤੇ ਪੰਜਾਬ ਦੇ ਪਾਣੀਆਂ ਉਤੇ ਡਾਕਾ ਹਰੀ ਕ੍ਰਾਂਤੀ ਨੇ ਮਾਰਿਆ। ਖੁਦਕੁਸ਼ੀਆਂ ਦਾ ਵਰਤਾਰਾ ਇਸੇ ਦੀ ਦੇਣ ਹੈ ਅਤੇ ਇਸੇ ਨੇ ਹੀ ਖੇਤੀ ਦੀਆਂ ਤਕਨੀਕਾਂ ਤੋਂ ਲੈਕੇ ਬੈਂਕਾਂ, ਸ਼ਾਹੂਕਾਰਾਂ ਦਾ ਉਹਨਾ ਨੂੰ ਗੁਲਾਮ ਬਣਾ ਦਿੱਤਾ ਤੇ ਇਸੇ ਦੀ ਇੱਕ ਵੱਡੀ ਦੇਣ ਪੰਜਾਬੀਆਂ ਨੂੰ ਪ੍ਰਵਾਸ ਦੇ ਰਾਹ ਤੋਰਨਾ ਹੈ।

ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚ ਪਿਆਰੇ ਪੰਜਾਬ ਦੀ ਮੰਦਹਾਲੀ ਦੀ ਤਸਵੀਰ ਰੜਕਦੀ ਹੈ। ਉਸਨੂੰ ਨਾ 47 ਭੁਲਿਆ ਹੈ ਨਾ 84। ਉਸ ਦੇ ਮਨ 'ਚ ਮਾਪਿਆਂ, ਰਿਸ਼ਤੇਦਾਰਾਂ ਦੀ ਆਰਥਿਕ ਤੰਗੀ ਪਲ-ਪਲ ਖੋਰੂ ਪਾਉਂਦੀ ਹੈ। ਉਸਨੂੰ ਬੇ-ਇਮਾਨ ਸਿਆਸਤਦਾਨਾਂ ਦਾ ਵਰਤਾਰਾ ਪ੍ਰੇਸ਼ਾਨ ਕਰਦਾ ਹੈ, ਜਿਹਨਾ ਨੇ ਪੰਜਾਬ ਨੂੰ ਨਸ਼ੇ ਦਿੱਤੇ, ਜਿਹਨਾ ਜਵਾਨੀ ਦਾ ਘਾਣ ਕੀਤਾ।

ਬੇਰੁਜ਼ਗਾਰੀ ਤੇ ਪ੍ਰਵਾਸ ਪੰਜਾਬੀਆਂ ਪੱਲੇ ਪਾਇਆ। ਚੰਗੇ ਸਾਸ਼ਨ ਦੀ ਥਾਂ 'ਤੇ ਮਾਫੀਆ ਰਾਜ ਦਿੱਤਾ। ਪੰਜਾਬ ਦੀ ਧਰਤੀ 'ਚ ਜੰਮਣ ਵਾਲੇ 5 ਸਾਲਾਂ ਤੋਂ ਘੱਟ ਉਮਰ ਦੇ 38.4 ਫ਼ੀਸਦੀ ਬੱਚੇ ਛੋਟੇ ਕੱਦ ਦੇ, 35.7 ਫ਼ੀਸਦੀ ਬੱਚੇ ਕਮਜ਼ੋਰ ਅਤੇ 21 ਫ਼ੀਸਦੀ ਬੱਚੇ ਘੱਟ ਵਜ਼ਨ ਦੇ ਉਸ ਧਰਤੀ ਦੀ ਝੋਲੀ ਪਾਏ, ਜਿਹੜੀ ਧਰਤੀ ਛੈਲ ਛਬੀਲੇ ਗੱਭਰੂ, ਸੁਡੋਲ ਸੁਨੱਖੀਆਂ ਮੁਟਿਆਰਾਂ ਜੰਮਦੀ ਸੀ। ਜਿਹਨਾ ਨੇ ਪੰਜਾਬੀਆਂ ਦੀ ਬੋਲੀ ਅਤੇ ਸਭਿਆਚਾਰ ਖੋਹ ਲਿਆ।

ਪਰਿਵਾਰਕ ਤਾਣਾ ਬਾਣਾ ਤਹਿਸ਼ ਨਹਿਸ਼ ਕਰਕੇ ਪਿੰਡਾਂ-ਸ਼ਹਿਰਾਂ 'ਚ ਧੜੇਬੰਦੀ ਪੈਦਾ ਕਰ ਦਿੱਤੀ ਤਾਂ ਕਿ ਉਹਨਾ ਦੀ ਕੁਰਸੀ ਬਚੀ ਰਹੇ ਤੇ ਸਭ ਤੋਂ ਵੱਡੀ ਗੱ. ਇਹ ਕਿ ਕਿਸਾਨਾਂ ਦੀ ਖੇਤੀ ਸਿਆਸਤਦਾਨਾਂ ਹਥਿਆ ਲਈ, ਘਾਟੇ ਦੀ ਖੇਤੀ ਉਹਨਾਂ ਪੱਲੇ ਪਾ ਦਿੱਤੀ।

ਬਾਵਜੂਦ ਇਸ ਗੱਲ ਦੇ ਕਿ ਪ੍ਰਵਾਸੀਆਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ, ਪੂਰਾ ਇਨਸਾਫ ਨਹੀਂ ਦਿੱਤਾ। ਕਈ ਪ੍ਰਵਾਸੀਆਂ ਉਤੇ ਝੂਠੇ ਕੇਸ ਦਰਜ਼ ਕੀਤੇ। ਕਈਆਂ ਦੇ ਪਰਿਵਾਰਾਂ ਨੇ ਕੁਝ ਪੁਲਿਸ, ਪ੍ਰਸ਼ਾਸਨ ਨਾਲ ਰਲਕੇ ਜ਼ਮੀਨਾਂ ਹਥਿਆਈਆਂ, ਪੈਸੇ ਬਟੋਰੇ। ਹਵਾਈ ਅੱਡਿਆਂ ਉਤੇ ਉਹਨਾ ਦੀ ਆਮਦ 'ਤੇ ਓਹਨਾ ਦਾ ਤ੍ਰਿਸਕਾਰ ਹੋਇਆ। ਵੱਡੇ ਕੇਸ ਵੀ ਦਰਜ਼ ਹੋਏ। "ਵੱਡੀ ਸਰਕਾਰ" ਵਲੋਂ ਚੋਣਾਂ 'ਚ ਵੋਟ ਦਾ ਅਧਿਕਾਰ ਦੇਣ ਦੇ ਐਲਾਨ ਹੋਏ, ਪੱਲੇ ਕੁਝ ਵੀ ਨਾ ਪਾਇਆ।

ਪਰ ਪ੍ਰਵਾਸੀ ਭਾਰਤੀ, ਮਨ 'ਚ ਦੇਸ਼ ਦੇ ਲੋਕਤੰਤਰ ਦੀ ਰਾਖੀ ਲਈ ਜਜ਼ਬਾ ਰੱਖਕੇ, ਸੰਘਰਸ਼ ਕਰ ਰਹੇ ਦੇਸ਼ ਵਾਸੀਆਂ ਨਾਲ ਇਕਜੁੱਟਤਾ ਵਿਖਾ ਰਹੇ ਹਨ। ਆਪਣੀ ਧਰਤੀ ਤੋਂ ਠੰਡੀ ਹਵਾ ਦੇ ਬੁਲ੍ਹਿਆਂ ਦੀ ਉਡੀਕ 'ਚ, ਇਹ ਪ੍ਰਵਾਸੀ ਜੂਝਦੇ ਜੁਝਾਰੂ ਲੋਕਾਂ ਦੀ ਜਿੱਤ ਦੀ ਖ਼ਬਰ ਉਡੀਕਦੇ ਉਹਨਾ ਦੀ ਸੁੱਖ ਉਸੇ ਤਰ੍ਹਾਂ ਮੰਗਦੇ ਹਨ, ਜਿਵੇਂ ਕੋਈ ਮਾਂ ਆਪਣੇ ਪੁੱਤਾਂ ਦੇ ਸੁੱਖ ਅਤੇ ਖੇਤਰ ਵਿੱਚ ਤਰੱਕੀ ਦੀ ਕਾਮਨਾ ਕਰਦੀ ਹੈ।

# ਕਿਸਾਨ ਅੰਦੋਲਨ ਵਿੱਚੋਂ ਨਵੀਂ ਲੀਡਰਸ਼ਿਪ ਪੈਦਾ ਹੋਵੇਗੀ- ਗਿਆਨੀ ਕੇਵਲ ਸਿੰਘ

## ਪਿੰਡ ਬਚਾਓ-ਪੰਜਾਬ ਮੁਹਿੰਮ ਦੇ ਆਗੂਆਂ ਫਗਵਾੜਾ ਦੇ ਪਿੰਡਾਂ 'ਚ ਦਿੱਤਾ ਹੋਕਾ







**ਫਗਵਾੜਾ–** ਪਿੰਡ ਬਚਾਓ- ਪੰਜਾਬ ਬਚਾਓ ਕਾਫ਼ਲਾ ਹੋਕਾ ਲੈ ਕੇ ਸ਼੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਫਗਵਾੜਾ ਤਹਿਸੀਲ ਦੇ ਪਿੰਡ ਪਲਾਹੀ, ਜਗਤਪੁਰ ਜੱਟਾਂ, ਬਲੱਡ ਬੈਂਕ ਫਗਵਾੜਾ ਅਤੇ ਮਹੇੜੂ ਵਿਖੇ ਪੁੱਜੇ ਅਤੇ ਲੋਕਾਂ ਨੂੰ ਪਿੰਡ ਬਚਾਉਣ ਦਾ ਹੋਕਾ ਦਿੰਦਿਆਂ ਉਹਨਾਂ ਕਿਰਸਾਨਾਂ ਵਲੋਂ ਲੜੇ ਜਾ ਰਹੇ ਅੰਦੋਲਨ 'ਚ ਭਰਪੂਰ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਹਾਕਮਾਂ ਵਲੋਂ ਪੰਜਾਬ ਦੇ ਪਿੰਡਾਂ ਦੀ ਵਿਗੜੀ ਜਾ ਰਹੀ ਹਾਲਤ ਸਬੰਧੀ ਪਿੰਡਾਂ ਦੇ ਲੋਕਾਂ ਨੂੰ ਸੁਚੇਤ ਕੀਤਾ।

ਉਹਨਾਂ ਹਾਕਮਾਂ ਵਲੋਂ ਦੇਸ਼ ਵਿੱਚ ਕੇਂਦਰੀਕਰਨ ਦੀ ਸਿਆਸਤ ਕਰਕੇ ਦੇਸ਼ ਦੇ ਸੰਘੀ ਢਾਂਚੇ ਉੱਤੇ ਸੱਟ ਮਾਰਨ ਦੇ ਮਨਸੂਬਿਆਂ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਉਹ ਸਿਆਸੀ ਧਿਰ ਜਿਹੜੀ ਅਨੰਦਪੁਰ ਮਤੇ ਰਾਹੀਂ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਸੀ, ਉਹ ਵੀ ਇਸ ਵੇਲੇ ਚੁੱਪ ਹੈ ਜਦਕਿ ਸੂਬਿਆਂ ਲਈ ਵੱਧ ਅਧਿਕਾਰ ਮੰਗੇ ਜਾਣੇ ਸਮੇਂ ਦੀ ਲੋੜ ਹੈ। ਗਿਆਨੀ ਕੇਵਲ ਸਿੰਘ ਨੇ ਸਿਆਸੀ ਲੋਕਾਂ ਦੇ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਕਰਦਿਆਂ, ਅੱਜ ਦੇ ਸਮੇਂ ਪੰਜਾਬ ਦੀ ਪਹਿਲਕਦਮੀ ਉਤੇ ਆਰੰਭੇ ਜਨ ਅੰਦੋਲਨ ਵਿੱਚੋਂ ਨਵੀਂ ਲੀਡਰਸ਼ਿਪ ਪੈਦਾ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ। ਵੱਖੋ ਵੱਖਰੇ ਥਾਵਾਂ ਤੇ ਕੀਤੇ ਇਹਨਾਂ ਇਕੱਠਾਂ ਨੂੰ ਗਿਆਨੀ ਕੇਵਲ ਸਿੰਘ ਤੋਂ ਬਿਨਾਂ ਦਰਸਨ ਸਿੰਘ ਧਨੇਠਾ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਕਿਰਨਜੀਤ ਕੌਰ, ਤਰਲੋਚਨ ਸਿੰਘ, ਤਾਰਾ ਸਿੰਘ ਨੇ ਵੀ ਸੰਬੋਧਨ ਕੀਤਾ।

ਇਹਨਾਂ ਮੀਟਿੰਗਾਂ ਵਿੱਚ ਸਮਾਜ ਸੇਵਕ ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਪੱਤਰਕਾਰ ਪਰਵਿੰਦਰਜੀਤ ਸਿੰਘ, ਲੇਖਕ ਰਵਿੰਦਰ ਚੋਟ, ਲੇਖਕ ਬਲਦੇਵ ਸਿੰਘ ਕੋਮਲ, ਸਾਬਕਾ ਸਰਪੰਚ ਗੁਰਪਾਲ ਸਿੰਘ, ਸਰਪੰਚ ਰਣਜੀਤ ਕੌਰ ਪਲਾਹੀ, ਸਰਬਜੀਤ ਸਿੰਘ ਚਾਨਾ, ਢਾਡੀ ਸਵਰਨ ਸਿੰਘ ਮਹੇੜੂ, ਜਸਵਿੰਦਰ ਸਿੰਘ ਜਗਤਪੁਰ ਜੱਟਾਂ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਲੋਕ ਸਾਮਲ ਹੋਏ।

# ਮਿਸ਼ਨ ਤੇ ਵਰਦਾਨ ਦਾ ਸੁਮੇਲ ਬਣਿਆਂ ਢਾਹਾਂ ਕਲੇਰਾਂ

ਸੇਧ ਸਾਰ
ਸੁਰਜੀਤ ਮਜਾਰੀ
91+98721-93237



ਸਾਡੇ ਪਿੰਡ ਦੇ ਫੌਜੀ ਗੁਰਮੇਲ ਸਿੰਘ ਨੇ ਮੈਨੂੰ ਦੱਸਿਆ ਕਿ ਆਪਣੇ ਨੇੜਲੇ ਪਿੰਡ ਢਾਹਾਂ ਕਲੇਰਾਂ 'ਚ ਰੋਗੀਆਂ ਦੀ ਸੇਵਾ ਲਈ ਮਿਸ਼ਨਰੀ ਹਸਪਤਾਲ ਬਣਨ ਲੱਗਾ ਹੈ। ਉਥੇ ਜਾ ਕੇ ਦੇਖਿਆ ਤਾਂ ਕੱਲਰ ਜਮੀਨ ਦੇ ਚਿੱਕੜ 'ਚ ਇਮਾਰਤ ਦੀ ਨੀਂਹ ਰੱਖੀ ਜਾ ਰਹੀ ਸੀ। ਬਾਬਾ ਬੁੱਧ ਸਿੰਘ ਢਾਹਾਂ ਇਮਾਰਤ ਦੀ ਉਸਾਰੀ ਦੀ ਕਾਰ ਸੇਵਾ ਆਪਣੇ ਹੱਥੀਂ ਕਰਾ ਰਹੇ ਸੀ। ਇਸ ਬਾਰੇ ਪੁੱਛਣ 'ਤੇ ਕਿੱਕਰ ਥੱਲੇ ਬੈਠ ਕੇ ਬਾਬਾ ਜੀ ਨੇ ਆਪਣੇ ਮਿਸ਼ਨ ਬਾਰੇ ਦੱਸਿਆ ਕਿ ਕਾਕਾ ਅਸੀਂ ਬਾਬੇ ਨਾਨਕ ਦੇ ਮਿਸ਼ਨ ਨੂੰ ਲੈ ਕੇ ਤੁਰੇ ਆ ਤੇ ਇੱਥੇ ਹਸਪਤਾਲ ਬਣਾ ਕੇ ਲੋਕਾਂ ਦੇ ਇਲਾਜ ਦੀ ਸੇਵਾ ਕਰਾਂਗੇ। ਉਨ੍ਹਾਂ ਦੇ ਮੂੰਹ ਵਿੱਚੋਂ ਨਿਕਲੇ ਇਹ ਸ਼ਬਦ ਕੁਝ ਹੀ ਸਮੇਂ ਵਿੱਚ ਪੂਰੇ ਹੋਣ ਲੱਗ ਪਏ। ਹਸਪਤਾਲ ਦੀ ਇਮਾਰਤ ਉਸਾਰੀ ਲਈ ਸਹਿਯੋਗੀ ਅੱਗੇ ਆਉਣ ਲੱਗ ਪਏ।

ਢਾਹਾਂ ਕਲੇਰਾਂ ਦੀ ਜੂਹ 'ਚ ਬਾਬਾ ਬੁੱਧ ਸਿੰਘ ਢਾਹਾਂ ਦੀ ਇਹੀ ਸੇਵਾ ਅੱਜ ਇਲਾਕੇ ਲਈ ਵਰਦਾਨ ਬਣੀ ਹੋਈ ਹੈ। ਰਿਆਇਤੀ ਦਰਾਂ 'ਤੇ ਸਿਹਤ ਸਹੂਲਤਾਂ ਦੇਣ ਦਾ ਮਿਸ਼ਨ ਧਾਰ ਕੇ ਘਰੋਂ ਤੁਰੇ ਬਾਬਾ ਬੁੱਧ ਸਿੰਘ ਢਾਹਾਂ ਨੇ ਪਹਿਲਾਂ ਆਪਣੀ ਅਤੇ ਮਿੱਤਰਾਂ ਸੱਜਣਾਂ ਦੀ ਕਮਾਈ 'ਚੋਂ ਦਸੌਂਦ ਰਲਾਈ। ਫਿਰ ਦਾਨੀਆਂ ਅਤੇ ਐਨਆਰਆਈ ਵਲੋਂ ਮਿਲੇ ਸਾਥ ਨੇ ਹੌਂਸਲਾ ਬੰਨ੍ਹ ਦਿੱਤਾ। ਇਸ ਤਰ੍ਹਾਂ ਬਾਬਾ ਬੁੱਧ ਸਿੰਘ ਢਾਹਾਂ ਦਾ ਕਾਫ਼ਲਾ ਵਧਣਾ ਸ਼ੁਰੂ ਹੋ ਗਿਆ। ਕਾਫਲੇ ਨਾਲ ਜੁੜ ਕੇ ਇਲਾਕੇ ਦੇ ਹਰ ਮਾਈ ਭਾਈ ਨੇ ਆਪਣਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਬਾਬਾ ਜੀ ਨੇਮੁੜ ਪਿਛੇ ਨਹੀਂ ਦੇਖਿਆ।

ਇਸ ਦੌਰਾਨ ਇੱਕ ਵਰਤਾਰਾ ਇਹ ਵਾਪਰਿਆ ਕਿ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਸੁਲਤਾਨਪੁਰ ਦੇ ਪਿੰਡ ਨਸੀਰਾਬਾਦ ਤੋਂ ਓਮ ਪ੍ਰਕਾਸ਼ ਤੇ ਉਸ ਦੀ ਪਤਨੀ ਕਮਲਾ ਦੇਵੀ ਇਸ ਕਾਫਲੇ ਦਾ ਹਿੱਸਾ ਬਣ ਗਏ। ਉਹ ਰੁਜ਼ਗਾਰ ਤੇ ਦੋ ਡੰਗ ਦੀ ਰੋਟੀ ਲਈ ਕੰਮ ਧੰਦਾ ਕਰਨ ਪੰਜਾਬ ਆਏ ਸਨ। ਉਨ੍ਹਾਂ ਦਾ ਸਫਰ ਮੁੱਕਿਆ ਆ ਕੇ ਢਾਹਾਂ ਕਲੇਰਾਂ। ਇੱਥੇ ਉਹਨਾਂ ਦਾ ਮੇਲ ਬਾਬਾ ਬੁੱਧ ਸਿੰਘ ਢਾਹਾਂ ਨਾਲ ਹੋਇਆ ਤਾਂ ਉਹਨਾਂ ਨੂੰ ਰੋਟੀ ਵੀ ਮਿਲੀ ਤੇ ਰੋਜ਼ੀ ਵੀ। ਓਮ ਪ੍ਰਕਾਸ਼ ਨੇ ਮਾਲੀ ਦਾ ਕੰਮ ਸ਼ੁਰੂ ਕੀਤਾ ਤੇ ਕਮਲਾ ਦੇਵੀ ਮਰੀਜ਼ਾਂ ਲਈ ਖਾਣਾ ਬਣਾਉਣ ਲੱਗ ਗਈ। ਦੋਵਾਂ ਨੇ ਸਖ਼ਤ ਮਿਹਨਤ ਤੇ ਵਿਸ਼ਵਾਸ਼ ਨਾਲ ਸੇਵਾਦਾਰੀ ਦੀਆਂ ਡਿਊਟੀਆਂ ਨਿਭਾਈਆਂ। ਹਸਪਤਾਲ ਦੇ ਵਿਹੜੇ 'ਚ ਓਮ ਪ੍ਰਕਾਸ਼ ਦੇ ਹੱਥੀਂ ਲੱਗੇ ਪੌਦੇ ਅੱਜ ਰੁੱਖ ਬਣ ਕੇ ਛਾਂ ਤੇ ਫ਼ਲ ਦੇਣ ਯੋਗ ਹੋ ਗਏ ਹਨ। ਇਸੇ ਤਰ੍ਹਾਂ ਓਮ ਪ੍ਰਕਾਸ਼ ਦਾ ਪਰਿਵਾਰ ਵੀ ਵੱਧਣਾ ਫੁੱਲਣਾ ਸ਼ੁਰੂ ਹੋ ਗਿਆ। ਓਮ ਪ੍ਰਕਾਸ਼ ਤੇ ਕਮਲਾ ਦੇਵੀ ਦੀ ਮਿਹਨਤ ਰੰਗ ਲਿਆਉਣ ਲੱਗੀ।




ਉਹਨਾਂ ਦੇ ਘਰ ਦੋ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ। ਓਮ ਪ੍ਰਕਾਸ਼ ਤੇ ਕਮਲਾ ਨੂੰ ਬਾਬਾ ਜੀ ਦੇ ਮਿਲੇ ਅਸ਼ੀਰਵਾਦ ਸਕਦਾ ਵੱਡੀ ਧੀ ਅਨੀਤਾ ਇੱਥੇ ਹੀ ਨਰਸਿੰਗ ਦਾ ਕੋਰਸ ਕਰਕੇ ਨਰਸਿੰਗ ਅਧਿਆਪਕਾ ਬਣ ਗਈ ਤੇ ਦੂਜੀ ਲਲਿਤਾ ਪੜ ਲਿਖ ਕੇ ਪਟਵਾਰੀ ਲੱਗ ਗਈ। ਜਦੋਂ ਕਿ ਲੜਕਾ ਸੁਦੇਸ਼ ਇਲੈਕਟਰੋਨਿਕਸ ਦੀ ਡਿਗਰੀ ਪ੍ਰਾਪਤ ਕਰਕੇ ਬੰਗਲੌਰ 'ਚ ਨੌਕਰੀ ਕਰ ਰਿਹਾ ਹੈ। ਉਹਨਾਂ ਦੀ ਮਿਹਨਤ ਨੂੰ ਇਸ ਕਦਰ ਫ਼ਲ ਲੱਗਾ ਕਿ ਅੱਜ ਉਹਨਾਂ ਦੀ ਗ੍ਰਿਹਸਥ 'ਚ ਰੌਣਕਾਂ ਵਾਸ ਕਰ ਰਹੀਆਂ ਹਨ। ਓਮ ਪ੍ਰਕਾਸ਼ ਤੇ ਕਮਲਾ ਦੇਵੀ ਦੀ ਕਿਰਤ ਨੂੰ ਬਰਕਤਾਂ ਪਈਆਂ ਤੇ ਉਹਨਾਂ ਦੇ ਬੱਚੇ ਬਰਾਬਰ ਦੇ ਹੋ ਕੇ ਕੰਮੀਂ ਕਾਰੀਂ ਲੱਗੇ। ਇਸ ਸਾਰੇ ਪ੍ਰਤਾਪ ਪਿੱਛੇ ਬਾਬਾ ਬੁੱਧ ਸਿੰਘ ਢਾਹਾਂ ਹੋਰਾਂ ਵਲੋਂ ਸਥਾਪਿਤ ਗੁਰੂ ਨਾਨਕ ਮਿਸ਼ਨ ਮੈਡੀਕਲ ਅਤੇ ਐਜੂਕੇਸ਼ਨਲ ਟਰੱਸਟ ਸਿਰ ਸਿਹਰਾ ਬੱਝਦਾ ਹੈ।

ਓਮ ਪ੍ਰਕਾਸ਼ ਤੇ ਕਮਲਾ ਦੇਵੀ ਦੱਸਦੇ ਹਨ ਕਿ ਬਾਬਾ ਜੀ ਅਕਸਰ ਆਖਦੇ ਸਨ ਕਿ ਤੁਸੀਂ ਬੱਚਿਆਂ ਨੂੰ ਪੜ੍ਹਾਓ ਤੇ ਉਹ ਟੱਬਰ ਦੀ ਕਿਸਮਤ ਬਦਲ ਦੇਣਗੇ। ਉਹ ਅੱਜ ਕਦੇ ਬਾਬੇ ਦੇ ਬੋਲਾਂ ਤੇ ਕਦੇ ਢਾਹਾਂ ਕਲੇਰਾਂ ਦੀ ਧਰਤੀ ਨੂੰ ਨਮਨ ਕਰਦੇ ਹਨ। ਦੋਵਾਂ ਦਾ ਕਹਿਣ ਹੈ ਕਿ ਉਹਨਾਂ ਦੀ ਜਨਮ ਭੂਮੀਂ ਭਾਵੇਂ ਉੱਤਰ ਪ੍ਰਦੇਸ਼ ਹੈ ਪਰ ਕਰਮ ਭੂਮੀਂ ਪੰਜਾਬ ਹੈ ਅਤੇ ਸਾਡੀ ਜ਼ਿੰਦਗੀ ਨੂੰ ਸਵਰਗ ਬਣਾਉਣ ਵਾਲੀ ਢਾਹਾਂ ਕਲੇਰਾਂ ਸਾਡੇ ਸਾਹਾਂ 'ਚ ਵਸੀ ਹੋਈ ਹੈ।

ਹਸਪਤਾਲ 'ਤੇ ਵੱਡੇ ਸੜਕੀਂ ਹਾਦਸਿਆਂ ਦੇ ਜਖ਼ਮੀਆਂ ਦਾ ਅਧੁਨਿਕ ਤਕਨੀਕ ਨਾਲ ਇਲਾਜ਼ ਕਰਨ ਲਈ ਜਿਹੜੇ ਟਰੌਮਾਂ ਸੈਂਟਰ ਦਾ ਸੁਪਨਾ ਲਿਆ ਗਿਆ ਸੀ ਉਹ ਦਾ ਨਾਂ ਬਾਬਾ ਬੁੱਧ ਸਿੰਘ ਢਾਹਾਂ ਦੇ ਨਾਂ 'ਤੇ ਰੱਖਿਆ ਗਿਆ ਹੈ।

ਇੱਥੇ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਨੂੰ ਵੀ ਲੰਗਰ ਦਿੱਤਾ ਜਾਂਦਾ ਹੈ। ਕੋਰੋਨਾ ਦੇ ਮਰੀਜ਼ਾਂ ਲਈ ਹਸਪਤਾਲ 'ਚ 50 ਬੈੱਡ ਦਾ ਵਿਸ਼ੇਸ਼ ਵਾਰਡ ਬਣਾ ਕੇ ਸਰਕਾਰ ਨੂੰ ਦਿੱਤਾ ਗਿਆ। ਇੱਕ ਜ਼ਿਕਰ ਹੋਰ ਵੀ ਆਉਂਦਾ ਕਿ ਬਾਬਾ ਜੀ ਕੁੜੀਆਂ ਦੀ ਪੜ੍ਹਾਈ ਵੱਲ ਵੱਧ ਧਿਆਨ ਦੇਣ ਲਈ ਮਾਪਿਆਂ ਨਾਲ ਗੱਲ ਕਰਦੇ ਰਹਿੰਦੇ ਸਨ।

ਇਹੀ ਕਾਰਨ ਹੈ ਕਿ ਉਹਨਾਂ ਹਸਪਤਾਲ ਦੇ ਨਾਲ ਕੁੜੀਆਂ ਲਈ ਨਰਸਿੰਗ ਕਾਲਜ ਦੀ ਬਣਾਇਆ। ਹੁਣ ਇੱਥੇ ਪੜ੍ਹਦੀਆਂ ਕੁੜੀਆਂ ਕਨੈਡਾ ਨਾਲ ਸਿੱਖਿਆ ਸਮਝੌਤੇ ਤਹਿਤ ਹਰ ਵਰ੍ਹੇ ਸਿਖਲਾਈ ਲਈ ਵਿਦੇਸ਼ ਵੀ ਜਾਂਦੀਆਂ ਹਨ।

ਇੱਕ ਦਿਨ ਬਾਬਾ ਬੁੱਧ ਸਿੰਘ ਢਾਹਾਂ ਬਾਰੇ ਇੱਕ ਦਿਨ ਉਹਨਾਂ ਦੇ ਕੈਨੇਡਾ ਰਹਿੰਦੇ ਪੁੱਤਰ ਬਰਜਿੰਦਰ ਸਿੰਘ ਢਾਹਾਂ ਨਾਲ ਕਾਫ਼ੀ ਚਿਰ ਗੱਲ ਹੋਈ। ਉਹਨਾਂ ਦੱਸਿਆ ਕਿ ਬਾਬਾ ਬੁੱਧ ਸਿੰਘ ਬਹੁਤ ਸਿਰੜੀ ਇਨਸਾਨ ਸਨ, ਜਦੋਂ ਬਾਬਾ ਜੀ ਨੂੰ ਇਸ ਮਿਸ਼ਨ ਬਾਰੇ ਪੁਛਦੇ ਹੁੰਦੇ ਸੀ ਤਾਂ ਉਹ ਇੱਕ ਘਟਨਾ ਦਾ ਜ਼ਿਕਰ ਕਰਦੇ ਹੁੰਦੇ ਸਨ। ਬਾਬਾ ਜੀ ਦੱਸਦੇ ਸੀ ਕਿ ਇੱਕ ਵਾਰ ਉਹਨਾਂ ਦੇ ਪਿੰਡ ਕੋਲ ਐਕਸੀਡੈਂਟ ਹੋ ਗਿਆ। ਐਕਸੀਡੈਂਟ 'ਚ ਦੋ ਬੰਦੇ ਗੰਭੀਰ ਜਖ਼ਮੀਂ ਹੋ ਗਏ।

ਉਹਨਾਂ ਦਾ ਇਲਾਜ਼ ਕਰਾਉਣ ਲਈ ਲਾਗੇ ਵੱਡਾ ਹਸਪਤਾਲ ਨਹੀਂ ਲੱਭਾ ਤੇ ਉਹ ਚੰਡੀਗੜ੍ਹ ਜਾਂਦਿਆਂ ਰਾਹ 'ਚ ਦਮ ਤੋੜ ਗਏ । ਇਸ ਘਟਨਾ ਦਾ ਬਾਬੇ ਨੂੰ ਬਹੁਤ ਸਦਮਾਂ ਲੱਗਾ ਤੇ ਉਹਨਾਂ ਮਨ 'ਚ ਸੰਕਲਪ ਲਿਆ ਕਿ ਆਪਾਂ ਇੱਕ ਦਿਨ ਇਸ ਇਲਾਕੇ 'ਚ ਵੱਡਾ ਹਸਪਤਾਲ ਬਣਾਵਾਂਗੇ। ਤੇ ਅੱਜ ਉਹਨਾਂ ਦੇ ਉਸੇ ਸੰਕਲਪ ਕਰਕੇ ਢਾਹਾਂ ਕਲੇਰਾਂ ਦਾ ਗੁਰੂ ਨਾਨਕ ਮਿਸ਼ਨ ਹਸਪਤਾਲ ਇਲਾਕੇ ਭਰ 'ਚ ਉਦਾਹਰਣ ਬਣ ਚੁੱਕਾ ਹੈ।

## ਮੇਰੇ ਕਵੀ ਵੀਰ ਨੂੰ

**ਤੇਜ ਭਾਨ 'ਪ੍ਰਦੇਸੀ', ਤੱਗੜ (ਜਲੰਧਰ)**

ਸੁਣੀ ਦੋਸਤਾਂ ਗੌਰ ਨਾਲ ਗਲ ਮੇਰੀ,
ਗੱਲ ਖੋਹਲ ਕੇ ਤੈਨੂੰ ਸੁਣਾ ਦੇਵਾਂ।
ਹੇਰਾ ਫੇਰੀ, ਬਲੈਕ, ਜੋ ਕਰਨ ਚੋਰੀ,
ਫੋਟੋ ਖਿੱਚ ਕੇ ਦਿਲਾਂ 'ਤੇ ਲਾ ਦੇਵਾਂ।
ਸਾਧਾਂ ਚੋਰਾਂ ਦੀ ਦੱਸਾਂ ਪਛਾਣ ਕਰਕੇ,
ਪਰਦਾ ਚਿਹਰੇ ਦਾ ਰਤਾ ਹਟਾ ਦੇਵਾਂ।

ਬਹਿ ਕੇ ਕੁਰਸੀ ਇਨਸਾਫ ਦੀ ਝੂਠ ਬੋਲੇ,
ਧੌਣੋਂ ਪਕੜ ਕੇ ਕੁਰਸੀ ਤੋਂ ਲਾਹ ਦੇਵਾਂ।
ਛੁਰੀ ਬਗਲ ਮੇਂ ਮੁਖ 'ਚੋਂ ਰਾਮ ਕਹਿ ਕੇ,
ਚੰਮ ਸਦਾ ਗਰੀਬਾਂ ਦਾ ਲਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾ,
ਸੁੱਤੀ ਕੌਮ ਦੇ ਤਾਂਈਂ ਜਗਾਉਣ ਜਿਹੜੇ।

ਕਦੀ ਹੋਣ ਨਾ ਦੇਂਦੇ ਇਕੱਠ ਸਾਡਾ,
ਪੀਂਦੇ ਖ਼ੂਨ ਜੋ ਨਿੱਤ ਨਿਚੋੜ ਕੇ ਉਹ।
ਉੱਲੂ ਆਪਣਾ ਸਿੱਧਾ ਇਹ ਨਿੱਤ ਕਰਦੇ,
ਸਕੇ ਭਾਈ ਨਾਲੋਂ ਭਾਈ ਵਿਛੋੜ ਕੇ ਉਹ।
ਚੁਗਲ ਚੁਗਲੀਓਂ ਬਾਜ਼ ਨਾ ਕਦੇ ਔਂਦਾ,
ਮੁਨ ਜਾਂਦੇ ਨੇ ਸਾਨੂੰ ਘਰੋੜ ਕੇ ਉਹ।
ਸਾਨੂੰ ਰੋਂਦਿਆਂ ਵੇਖ ਕੇ ਖੁਸ਼ ਰਹਿੰਦੇ,
ਫੁੱਲ ਟਾਹਣੀ ਦੇ ਨਾਲੋਂ ਮਰੋੜ ਕੇ ਉਹ।
ਕਾਗਜ਼ ਕਲਮ ਦਵਾਤ ਨਾ ਖਤਮ ਹੋਵੇ,
ਫੜ ਕੇ ਕਲਮ ਜ਼ਰਾ ਘਸਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾ,
ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।

ਕਵੀ ਕੌਮ ਦੀ ਜਿੰਦ 'ਤੇ ਜਾਨ ਹੁੰਦੀ,
ਕਰਦੇ ਕਵਿਤਾ ਦੇ ਨਾਲ ਪਿਆਰ ਹੁੰਦੇ।
ਝੂਠ ਮੂਠ ਤੇ ਸੱਚ ਨੂੰ ਸੱਚ ਕਹਿੰਦੇ,
ਯਾਰੋ ਮਹਿਫਲ ਦਾ ਹਾਰ ਸ਼ਿੰਗਾਰ ਹੁੰਦੇ।
ਵਿਚ ਮਹਿਫਲਾਂ ਮਿੱਠੇ ਤਰਬੂਜ਼ ਵਾਂਗੂੰ,
ਵਿਚ ਜੰਗ ਦੇ ਤੇਜ਼ ਤਲਵਾਰ ਹੁੰਦੇ।
ਐਸਾ ਕਵਿਤਾ ਦੇ ਵਿਚ ਬਾਰੂਦ ਭਰਦੇ,
ਮੈਦਾਨ ਛੱਡ ਕੇ ਵੈਰੀ ਫਰਾਰ ਹੁੰਦੇ।
ਹਰ ਇਕ ਲਫਜ਼ ਵੱਜੇ ਐਟਮ ਬੰਬ ਬਣਕੇ,
ਕਲਮ ਆਪਣੀ ਰਤਾ ਘਸਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾ,
ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।

ਚਲੇ ਕਵੀ ਦੀ ਕਲਮ ਦਰਿਆ ਵਾਂਗੂੰ,
ਜਿਹੜੀ ਝੂਠ ਤੇ ਸੱਚ ਨਿਤਾਰ ਦੇਵੇ।
ਜਿਹੜੀ ਗੱਲ ਜ਼ਬਾਨ ਨਹੀਂ ਕਹਿ ਸਕਦੀ,
ਕਵੀ ਕਲਮ ਦੇ ਰਾਹੀਂ ਉਤਾਰ ਦੇਵੇ।
ਕਵੀਂ-ਜਨਾਂ ਦਾ ਰੂਪ ਮੈਂ ਕੀ ਦੱਸਾਂ,
ਰੱਬ ਜਿਹਨਾਂ ਦਾ ਨੂਰ ਸੁਆਰ ਦੇਵੇ।
ਵੱਸ ਕੇ ਉਹ ਦਿਮਾਗ ਦੇ ਵਿਚ ਦਿਲਬਰ,
ਵਿਗੜੇ ਕੰਮ ਜੋ ਆਪ ਸੁਧਾਰ ਦੇਵੇ।
ਸ਼ੇਰ ਸੋਈ ਜੋ ਜੰਗਲੀਂ ਬੁੱਕਦੇ ਨੇ,
ਆਈ ਮੌਤ ਤੋਂ ਨਹੀਂ ਘਬਰੌਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾ,
ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।

ਹੋਕਾ ਦੇ ਕੇ ਕੌਮ ਨੂੰ ਅਣਖ ਵਾਲਾ,
ਸੁੱਤੀ ਕੌਮ ਦੇ ਤਾਈਂ ਜਗਾ ਦੇਵੋ।
ਹੋ ਜਾਣ ਫੌਲਾਦ ਦੇ ਵਾਂਗ ਪੱਕੇ,
ਐਸੀ ਕੌਮ ਨੂੰ ਪਾਣ ਚੜ੍ਹਾ ਦੇਵੋ।
ਮੁੱਕ ਜਾਣ ਇਹ ਭੁੱਖ ਦੇ ਨਿੱਤ ਤਰਲੇ,
ਜ਼ਿੰਦ ਕੌਮ ਦੇ ਲੇਖੇ ਲਾ ਦੇਵੋ।
ਮੇਰੀ ਕੌਮ ਦੇ ਕਵੀਓ ਧੜਕਿਉ ਨਾ,
ਜਿੰਦਾਂ ਜਾਗਦੀ ਕੌਮ ਜਗਾ ਦੇਵੋ।
ਹੁੰਦੈ ਅਮਰ 'ਪ੍ਰਦੇਸੀਆ' ਨੇਕ ਬੰਦੇ,
ਸ਼ਮਾ ਜ਼ੁਲਮ ਦੀ ਦੇਖ ਬੁਝਾਉਣ ਜਿਹੜੇ।
ਉਹਨਾਂ ਕਵੀਆਂ ਨੂੰ ਲੱਖ ਸਲਾਮ ਮੇਰਾਠ
ਸੁੱਤੀ ਕੌਮ ਦੇ ਤਾਈਂ ਜਗਾਉਣ ਜਿਹੜੇ।

**ਕੌਮੀ ਉਡਾਰੀਆਂ ਜਲੰਧਰ**
**ਸੀ. ਐਲ. ਚੁੰਬਰ (ਦਸੰਬਰ 1985)**

## ਆਫਤ ਸੰਤਾਪ

ਸਾਰੀ ਦੁਨੀਆਂ ਨੂੰ ਦੇ ਦੇ ਦਾਤਾ ਮਾਫੀ ਕਿ ਕਿਹੜੀ ਸਾਥੋਂ ਭੁਲ ਹੋ ਗਈ
ਸਾਰੀ ਦੁਨੀਆਂ ਦੇ ਨਾਲ ਹੋ ਗਈ ਕਾਫੀ ਕਿ ਕਿਹੜੀ ਸਾਥੋਂ ਭੁਲ ਹੋ ਗਈ॥

ਐਸੀ ਜੋ ਬਿਮਾਰੀ ਕਦੇ ਸੁਣੀ ਨਾ ਸੁਣਾਈ
ਲਖਾਂ ਦੀ ਤਦਾਦ ਵਿਚ ਹੁਣ ਤਕ ਮੌਤ ਆਈ
ਸਾਰੀ ਦੁਨੀਆ ਹੀ ਹੁਣ ਦੇਦੀ ਹੈ ਦੁਹਾਈ
ਇਹੋ ਜਿਹੀ ਬਿਮਾਰੀ ਜੀ ਇਹ ਕਿਥੋਂ ਆਈ
ਜਿਸ ਨੇ ਕਿ ਆ ਕੇ ਸਾਰੀ ਦੁਨੀਆ ਸਤਾਈ
ਕਿ ਕਿਹੜੀ ਸਾਥੋ ਭੁਲ ਹੋ ਗਈ॥

ਹੋਰਨਾ ਭੀ ਆਫਤਾਂ ਨੂੰ ਦੁਨੀਆਂ ਹੈ ਹੰਢਾਉਦੀ
ਪਰ ਇਸ ਕਰੋਨਾ ਅਗੇ ਵਾਸਤੇ ਹੈ ਪਾਉਂਦੀ
ਬੈਠੇ ਸੁਤਿਆਂ ਨੂੰ ਇਹ ਆ ਕੇ ਹੈ ਢਾਉਂਦੀ
ਡਰਦੇ ਮਾਰਿਆਂ ਦੀ ਜਾਨ ਮੁਠ ਵਿਚ ਆਉਦੀ
ਸਾਰਿਆਂ ਦੇ ਤਾਂਈ ਹੈ ਇਹ ਕਰੋਨਾਂ ਜੋ ਡਰਾਉਦੀ
ਕਿ ਕਿਹੜੀ ਸਾਥੋ ਭੁਲ ਹੋ ਗਈ॥

ਵਡੇ ਵਡੇ ਵੈਦਾਂ ਡਾਕਟਰਾਂ ਦੇ ਭੀ ਇਹ ਸਮਝ ਵਿਚ ਆਇਆ
ਸਾਰੀ ਦੁਨੀਆਂ ਨੂੰ ਇਹ ਬਿਮਾਰੀ ਨੇ ਹੈ ਚਕਰਾਂ ਚ ਪਾਇਆ
ਘਰ ਘਰ ਵਿਚ ਇਸ ਨੇ ਭੜਥੂ ਨੂੰ ਪਾਇਆ
ਇਸ ਕੋਲੋ ਸਾਨੂੰ ਹੁਣ ਬਖਸ਼ ਲੈ ਖੁਦਾਇਆ
ਬਖਸ਼ ਦੇਣਾ ਸਾਨੂੰ ਅਸੀਂ ਕੰਨੀ ਹਥ ਲਾਇਆ
ਕਿ ਕਿਹੜੀ ਸਾਥੋਂ ਭੁਲ ਹੋ ਗਈ

ਹੁਣ ਤਾਂ ਦਾਤਾ ਜੀ ਤੁਸੀਂ ਕਰ ਦਿਓ ਮੇਹਰਾਂ
ਹੁਣ ਤਾ ਸਾਡੇ ਸਤਿਗੁਰ ਜੀ ਤੁਸੀਂ ਨਾ ਲਾਓ ਦੇਰਾਂ
ਕਰੀਏ ਅਰਦਾਸ ਅਸੀਂ ਸ਼ਾਮ ਸਵੇਰਾ
ਤੇਰੇ ਚਰਨਾਂ ਤੇ ਮੈਂ ਹੰਝੂਆਂ ਨੂੰ ਕੇਰਾਂ
ਤੇਰੇ ਦਰਬਾਰ ਵਿਚ ਮੈਂ ਝਾੜੂ ਤਾਈ ਫੇਰਾਂ
ਕਿ ਕਿਹੜੀ ਸਾਥੋਂ ਭੁਲ ਹੋ ਗਈ

ਇਸ ਆਫਤ ਤੋਂ ਬਚਾ ਲਓ ਗੁਰੂ ਜੀ ਹੁਣ ਸੁਣ ਲਓ ਪੁਕਾਰ
ਹੁਣ ਤਾਂ ਦਾਤਾ ਜੀ ਬਹੁਤ ਹੋ ਚੁਕੀ ਹੈ ਹਾਹਾ ਕਾਰ
ਇਨ੍ਹਾ ਡਾਕਟਰਾਂ ਤੋਂ ਮੈ ਜਾਵਾਂ ਬਲਿਹਾਰ
ਜਿਨ੍ਹਾ ਨੇ ਇਸ ਆਫਤ ਤੋਂ ਬਚਾ ਲਏ ਕਈ ਲਖ ਤੇ ਹਜ਼ਾਰ
ਡਾਕਟਰ ਭੀ ਹਨ ਇਕ ਦੂਜਾ ਕਰਤਾਰ
ਕਿ ਕਿਹੜੀ ਸਾਥੋਂ ਭੁਲ ਹੋ ਗਈ॥

"ਚਾਹਲ" ਦੀ ਭੀ ਦਾਤਾ ਜੀ ਤੁਸੀਂ ਸੁਣੋ ਫਰਿਆਦ
ਸਾਰੀ ਹੀ ਦੁਨੀਆ ਨੂੰ ਦਾਤਾ ਜੀ ਮੁੜ ਕਰ ਦਿਓ ਆਬਾਦ
ਸਤਿਗੁਰੂ ਜੀ ਤੁਹਾਡੀ ਹੀ ਹੈ ਸੰਗਤ ਤੇ ਸਾਧ
ਇਹ ਹਰ ਵੇਲੇ ਕਰਦੀ ਹੈ ਤੁਸਾਂ ਨੂੰ ਹੀ ਯਾਦ
ਅਸੀਂ ਤਾਂ ਤੇਰੇ ਦਰ ਉਤੇ ਕਰਦੇ ਹਾਂ ਅਰਦਾਸ
ਸਾਰੀ ਦੁਨੀਆਂ ਨੂੰ ਦੇ ਦੇ ਦਾਤਾ ਮਾਫੀ ਕਿ ਕਿਹੜੀ ਸਾਥੋਂ ਭੁਲ ਹੋ ਗਈ
ਸਾਰੀ ਦੁਨੀਆਂ ਦੇ ਨਾਲ ਹੋ ਗਈ ਕਾਫੀ ਕਿ ਕਿਹੜੀ ਸਾਥੋਂ ਭੁਲ ਹੋ ਗਈ।



**-ਬਿਹਾਰੀ ਲਾਲ ਚਾਹਲ ਨਕੋਦਰੀਆ**

## ਦੌੜੀ ਜਾਏ ਰੇਲ ਜਗਤ ਕੀ (ਗੀਤ)

**ਆਜ਼ਾਦ ਜਲੰਧਰੀ**


ਦੌੜੀ ਜਾਏ ਰੇਲ ਜਗਤ ਕੀ ਇਸ ਕੋ ਕੌਨ ਚਲਾਤਾ ਹੈ
ਭੀੜ ਬਹੁਤ ਹੈ ਇਸ ਗਾੜੀ ਮੇ ਚਾਲਿਕ ਨਜ਼ਰ ਨਾ ਆਤਾ ਹੈ।
ਇਸ ਕੋ ਕੌਨ ਚਲਾਤਾ ਹੈ॥

ਆਏਗਾ ਜਬ ਕੋਈ ਸਟੇਸ਼ਨ ਹਲ ਚਲ ਸੀ ਮਚ ਜਾਏਗੀ
ਉਤਰ ਜਾਏਗਾ ਇਸ ਗਾੜੀ ਸੇ ਜਿਸ ਕੀ ਮੰਜ਼ਲ ਆਏਗੀ
ਊਪਰ ਬੈਠਾ ਜਾਦੂਗਰ ਯਿਹ ਸਾਰੇ ਖੇਲ ਦਿਖਾਤਾ ਹੈ
ਇਸ ਕੋ ਕੌਨ ਚਲਾਤਾ ਹੈ॥

ਲਾਖੋ ਜੀਵ ਨਏ ਆਤੇ ਹੈ ਰੋਜ਼ ਪੁਰਾਨੇ ਜਾਤੇ ਹੈ
ਕਹੀ ਪੇ ਖੁਸ਼ੀਆਂ ਹੋਤੀ ਹੈ ਕਹੀ ਮਾਤਮ ਲੋਗ ਮਨਾਤੇ ਹੈ
ਦੁਖ ਹੋਤਾ ਹੈ ਜਬ ਕੋਈ ਅਪਨਾ ਸਾਥੀ ਛੋੜ ਕੇ ਜਾਤਾ ਹੈ
ਇਸ ਕੋ ਕੌਨ ਚਲਾਤਾ ਹੈ॥

ਯਿਹ ਗਾੜੀ ਹੈ ਕਹਾਂ ਸੇ ਆਈ ਕਹਾਂ ਪੇ ਇਸ ਨੇ ਜਾਨਾ ਹੈ
ਸਭ ਕੋ ਅਪਨੀ ਅਪਨੀ ਮੰਜ਼ਿਲ ਪਰ ਇਸ ਨੇ ਪਹੁੰਚਾਨਾ ਹੈ
ਰਿਸ਼ੀ ਮੁਨੀ ਸਭ ਹਾਰ ਗਏ ਕੋਈ ਭੇਦ ਨਾ ਇਸ ਕਾ ਪਾਤਾ ਹੈ
ਇਸ ਕੋ ਕੌਨ ਚਲਾਤਾ ਹੈ॥

ਸਫਰ ਹੋ ਗਿਆ ਜਿਸ ਕਾ ਪੂਰਾ ਇਸ ਗਾੜੀ ਕੋ ਛੋੜੇਗਾ
ਅਪਨੇ ਸਾਰੇ ਰਿਸ਼ਤੇ ਨਾਤੇ ਇਸ ਦੁਨੀਆ ਸੇ ਤੋੜੇਗਾ
ਲੇ ਜਾਤਾ ਹੈ ਵਾਪਿਸ ਸਭ ਕੋ ਜੋ ਦੁਨੀਆਂ ਮੇ ਲਾਤਾ ਹੈ
ਇਸ ਕੋ ਕੌਨ ਚਲਾਤਾ ਹੈ॥



ਰੂਹ ਕਾ ਰਿਸ਼ਤਾ ਖਤਮ ਨਾ ਹੋਗਾ ਜਿਸਮ ਫਨਾਹ ਹੋ ਜਾਏਗਾ
ਕਿਸੀ ਮੋੜ ਪਰ ਜਗ ਕਾ ਮਾਲਿਕ ਫਿਰ "ਆਜ਼ਾਦ" ਮਿਲਾਏਗਾ
ਕਰਮ ਗਤੀ ਸੇ ਹਰ ਬੰਦਾ ਮਾਲਿਕ ਕਾ ਹੁਕਮ ਬਜਾਤਾ ਹੈ।
ਦੌੜੀ ਜਾਏ ਰੇਲ ਜਗਤ ਕੀ ਇਸ ਕੋ ਕੌਨ ਚਲਾਤਾ ਹੈ
ਭੀੜ ਬਹੁਤ ਹੈ ਇਸ ਗਾੜੀ ਮੇ ਚਾਲਿਕ ਨਜ਼ਰ ਨਾ ਆਤਾ ਹੈ।
ਚਾਲਿਕ ਨਜ਼ਰ ਨਾ ਆਤਾ ਹੈ।

# ਸਰਦੀਆਂ ਵਿੱਚ ਧੁੰਦ ਵਾਲੀਆਂ ਸੜਕਾਂ 'ਤੇ ਸੁਰੱਖਿਅਤ ਰਹਿਣ ਅਤਿ ਜ਼ਰੂਰੀ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

"ਧੁੰਦ ਦੀ ਘਣਤਾ ਅਕਸਰ ਅੰਦਾਜ਼ਾ ਨਹੀਂ ਲਗਦੀ। ਸੰਘਣੀ ਧੁੰਦ ਵਿੱਚ, ਡਰਾਈਵਰ ਆਪਣੀ ਵਾਹਨ ਦੀ ਸੀਮਾ ਤੋਂ ਬਾਹਰ ਨਹੀਂ ਵੇਖ ਸਕਦਾ. ਅਜਿਹੀਆਂ ਸਥਿਤੀਆਂ ਵਿੱਚ ਡਰਾਈਵਿੰਗ ਕਾਫ਼ੀ ਚੁਣੌਤੀਪੂਰਨ ਸਾਬਤ ਹੋ ਸਕਦੀ ਹੈ ਜਦੋਂ ਤੱਕ ਸਹੀ ਸਾਵਧਾਨੀ ਨਾ ਵਰਤੀ ਜਾਵੇ। ਸੰਘਣੀ ਧੁੰਦ ਦੁਆਰਾ ਵਾਹਨ ਚਲਾਉਂਦੇ ਸਮੇਂ ਸੁਰੱਖਿਅਤ ਰਹਿਣ ਲਈ ਕੁਝ ਸੁਝਾਅ ਇਹ ਹਨ।

**1. ਹੈੱਡ ਲਾਈਟਾਂ ਨੂੰ ਘੱਟ ਸ਼ਤੀਰ 'ਤੇ ਸੈਟ ਕਰੋ**

ਧੁੰਦਲੇ ਦਿਨ ਵੇਖਣਾ ਅਤੇ ਵੇਖਣਾ ਬਹੁਤ ਜ਼ਰੂਰੀ ਹੈ ਜਦੋਂ ਦ੍ਰਿਸ਼ਟੀਯੋਗਤਾ ਪਹਿਲਾਂ ਤੋਂ ਬਹੁਤ ਘੱਟ ਹੈ। ਹੈੱਡ ਲਾਈਟਾਂ ਨੂੰ ਘੱਟ ਸ਼ਤੀਰ ਤੇ ਸਥਾਪਤ ਕਰਨਾ ਇਸ ਵਿੱਚ ਸਹਾਇਤਾ ਕਰ ਸਕਦਾ ਹੈ। ਉੱਚੀ ਸ਼ਤੀਰ ਉੱਤੇ ਹੈੱਡ ਲਾਈਟਾਂ ਦੀ ਵਰਤੋਂ ਅਟੱਲ ਹੈ ਕਿਉਂਕਿ ਧੁੰਦ ਅਸਲ ਵਿੱਚ ਇਸ ਰੋਸ਼ਨੀ ਨੂੰ ਵਾਪਸ ਦਰਸਾਉਂਦੀ ਹੈ, ਡਰਾਈਵਰ ਦੇ ਦਰਸ਼ਨ ਵਿੱਚ ਰੁਕਾਵਟ ਪਾਉਂਦੀ ਹੈ। ਜੇ ਦ੍ਰਿਸ਼ਗੋਚਰਤਾ 100 ਮੀਟਰ ਤੋਂ ਹੇਠਾਂ ਆਉਂਦੀ ਹੈ, ਤਾਂ ਕਾਰ ਦਾ ਧੁੰਦ ਦੀਵੇ ਨੂੰ ਚਾਲੂ ਕਰਨਾ ਚੰਗਾ ਵਿਚਾਰ ਹੈ (ਜੇ ਤੁਹਾਡੀ ਕਾਰ ਇਕ ਨਾਲ ਲੈਸ ਹੈ)।

**2. ਆਪਣੀ ਗਤੀ ਨੂੰ ਘਟਾਓ**

ਕਿਉਂਕਿ ਦ੍ਰਿਸ਼ਗੋਚਰਤਾ ਬਹੁਤ ਮਾੜੀ ਹੈ, ਇਸ ਲਈ ਤੁਹਾਡੇ ਆਲੇ ਦੁਆਲੇ ਦਾ ਪਤਾ ਲਗਾਉਣਾ ਮੁਸ਼ਕਲ ਹੋ ਸਕਦਾ ਹੈ ਜਾਂ ਜੇ ਤੁਸੀਂ ਤੇਜ਼ ਰਫ਼ਤਾਰ ਹੋ ਰਹੇ ਹੋ ਤਾਂ ਸੜਕ ਦੀ ਅਸਲ ਸਥਿਤੀ ਪ੍ਰਤੀ ਜਲਦੀ ਪ੍ਰਤੀਕਿਰਿਆ ਕਰਨਾ। ਹੌਲੀ ਰਫ਼ਤਾਰ ਨਾਲ ਗੱਡੀ ਚਲਾਉਣਾ ਤੁਹਾਨੂੰ ਸੜਕ ਅਤੇ ਟਰੈਫ਼ਿਕ ਪ੍ਰਤੀ ਪ੍ਰਤੀਕਿਰਿਆ ਦਿਖਾਉਣ ਲਈ ਅਤੇ ਸਮੇਂ ਸਿਰ ਰੁਕਣ ਲਈ, ਜੇਕਰ ਜਰੂਰੀ ਹੋਵੇ ਤਾਂ ਤੁਹਾਨੂੰ ਤਿਆਰ ਕਰਦਾ ਹੈ. ਕਈ ਵਾਰ ਅਜਿਹਾ ਲੱਗ ਸਕਦਾ ਹੈ ਕਿ ਅੱਗੇ ਕੋਈ ਕਾਰ ਨਹੀਂ ਹੈ ਅਤੇ ਇਹ ਤੇਜ਼ ਹੋਣਾ ਸਹੀ ਹੈ। ਹਾਲਾਂਕਿ, ਇਹ ਸੱਚਮੁੱਚ ਪਤਾ ਲਗਾਉਣਾ ਅਸੰਭਵ ਹੈ ਕਿ ਕੀ ਕੋਈ ਦੈਰਿਸ਼ਟੀ ਦੀ ਸੀਮਾ ਤੋਂ ਬਾਹਰ ਹੈ ਅਤੇ ਇਸ 'ਤੇ ਵਿਚਾਰ ਨਾ ਕਰਨ ਨਾਲ ਟਕਰਾਅ ਹੋ ਸਕਦਾ ਹੈ।

**3. ਆਵਾਜਾਈ ਨੂੰ ਸੁਣੋ ਜੋ ਨਹੀਂ ਵੇਖਿਆ ਜਾ ਸਕਦਾ**

ਧੁੰਦਲੀ ਸਥਿਤੀ ਵਿਚ ਵਾਹਨ ਚਲਾਉਣ ਵੇਲੇ ਇਕ ਦੇ ਕੰਨ ਸਭ ਤੋਂ ਵੱਡੀ ਸੰਪਤੀ ਹੋ ਸਕਦੇ ਹਨ. ਜਦੋਂ ਕਿ ਸੰਘਣੀ ਧੁੰਦ ਦੇ ਦੌਰਾਨ ਤੁਹਾਡੀ ਦਿੱਖ ਕਮਜ਼ੋਰ ਹੋ ਸਕਦੀ ਹੈ, ਟਾਇਰਾਂ ਅਤੇ ਸਿੰਗਾਂ ਦੀਆਂ ਆਵਾਜ਼ਾਂ ਤੁਹਾਨੂੰ ਦੇਖੀਆਂ-ਪਛਾਣੀਆਂ ਵਾਹਨਾਂ ਤੋਂ ਦੂਰੀ ਦਾ ਅੰਦਾਜ਼ਾ ਲਗਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਇਸ ਲਈ, ਧੁੰਦ ਦੇ ਦੌਰਾਨ ਵਾਹਨ ਚਲਾਉਂਦੇ ਸਮੇਂ, ਆਪਣੇ ਸੰਗੀਤ ਨੂੰ ਜਾਰੀ ਰੱਖੋ ਅਤੇ ਸੜਕ ਦੀਆਂ ਆਵਾਜ਼ਾਂ ਨੂੰ ਸੁਣੋ।

**4. ਆਪਣੀ ਲੇਨ ਨਾਲ ਜੁੜੇ ਰਹੋ**

ਧੁੰਦ ਨਾਲ ਵਾਹਨ ਚਲਾਉਂਦੇ ਸਮੇਂ ਘੱਟ ਦ੍ਰਿਸ਼ਟੀ ਦੇ ਨਾਲ, ਇਹ ਪਤਾ ਲਗਾਉਣਾ ਬਹੁਤ ਮੁਸ਼ਕਲ ਹੈ ਕਿ ਜਦੋਂ ਕੋਈ ਲੇਨ ਬਦਲ ਰਿਹਾ ਹੈ, ਜਿਸਦਾ ਅਰਥ ਹੈ ਕਿ ਦੂਜੇ ਡਰਾਈਵਰ ਅਕਸਰ ਹੈਰਾਨ ਹੋ ਸਕਦੇ ਹਨ ਅਤੇ ਇਸ ਨਾਲ ਟੱਕਰ ਹੋ ਸਕਦੀ ਹੈ। ਸੜਕ ਦੇ ਇਕ ਹਿੱਸੇ 'ਤੇ ਕੇਂਦਰਿਤ ਕਰਨਾ ਅਤੇ ਇਕ ਵਿਸ਼ੇਸ਼ ਲੇਨੋ ਤੇ ਟਿਕਣਾ ਬਿਹਤਰ ਹੈ।

**5. ਆਪਣੇ ਸੂਚਕ ਦੀ ਵਰਤੋਂ ਕਰੋ**

ਇੱਕ ਵਾਰ ਫੇਰ, ਇੱਕ ਧੁੰਦ ਵਾਲੀ ਸੜਕ ਤੇ ਵੇਖਣਾ ਅਤੇ ਦੂਸਰੇ ਡਰਾਈਵਰਾਂ ਤੇ ਇੱਕ ਦੇ ਇਰਾਦਿਆਂ ਨੂੰ ਦਰਸਾਉਣਾ ਮਹੱਤਵਪੂਰਨ ਹੈ। ਵਾਰੀ ਬਣਾਉਣ ਵੇਲੇ, ਘੱਟੋ ਘੱਟ ਦਸ ਸਕਿੰਟਾਂ ਲਈ ਸੰਕੇਤ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਵਾਹਨ ਕੁਝ ਸਮੇਂ ਦੇ ਹੌਲੀ ਹੌਲੀ ਘੱਟ ਸਕਣ।

**6. ਆਪਣੇ ਵਿੰਡੋਜ਼ ਨੂੰ ਸਾਫ ਰੱਖਣ ਦੀ ਕੋਸ਼ਿਸ਼ ਕਰੋ**

ਕੋਸ਼ਿਸ਼ ਕਰੋ ਅਤੇ ਆਪਣੀ ਨਜ਼ਰ ਨੂੰ ਜਿੰਨਾ ਸੰਭਵ ਹੋ ਸਕੇ ਸਾਫ ਰੱਖੋ. ਆਪਣੀ ਵਿੰਡਸਕਰੀਨ ਨੂੰ ਅੰਦਰ ਅਤੇ ਬਾਹਰ ਸਾਫ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੀ ਨਜ਼ਰ ਵਿਚ ਕੋਈ ਰੁਕਾਵਟ ਨਾ ਆਵੇ।

**7. ਆਪਣੇ ਹੀਟਰ ਨੂੰ ਚਾਲੂ ਕਰੋ**

ਧੁੰਦ ਦੇ ਬਾਹਰ ਅਕਸਰ ਵਾਹਨ ਦੇ ਅੰਦਰੋਂ ਸੰਘਣੇਪਣ ਦਾ ਕਾਰਨ ਬਣਦਾ ਹੈ, ਇਕ ਵਿਅਕਤੀ ਦੇ ਦਰਸ਼ਨ ਨੂੰ ਹੋਰ ਵੀ ਰੁਕਾਵਟ ਪਾਉਂਦਾ ਹੈ. ਇਸ ਨੂੰ ਹੀਟਰ ਚਾਲੂ ਕਰਕੇ ਅਸਾਨੀ ਨਾਲ ਸਾਫ ਕੀਤਾ ਜਾ ਸਕਦਾ ਹੈ।

**8. ਓਵਰਟੇਕ ਨਾ ਕਰੋ**

ਧੁੰਦ ਦੇ ਹਾਲਾਤਾਂ ਦੌਰਾਨ ਵਾਹਨ ਚਲਾਉਣ ਦੀ ਕੁੰਜੀ ਧੀਰਜ ਹੈ ਅਤੇ ਅੱਗੇ ਜਾਣ ਦੀ ਕੋਸ਼ਿਸ਼ ਕਰਨਾ ਬਹੁਤ ਨਿਰਾਸ਼ਾਜਨਕ ਹੈ। ਤੁਹਾਡੇ ਅੱਗੇ ਜਾਣ ਦੀਆਂ ਕੋਸ਼ਿਸ਼ਾਂ ਸਾਹਮਣੇ ਵਾਲੇ ਡਰਾਈਵਰ ਲਈ ਧਿਆਨ ਭੰਗ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਅਣਜਾਣ ਵੀ ਫੜ ਸਕਦੀਆਂ ਹਨ, ਸਮੇਂ ਸਿਰ ਹੌਲੀ ਨਹੀਂ ਹੋਣ ਦਿੰਦੀਆਂ ਅਤੇ ਟੱਕਰ ਦਾ ਕਾਰਨ ਬਣ ਸਕਦੀਆਂ ਹਨ।

**9. ਵਾਹਨਾਂ ਵਿਚਕਾਰ ਚੰਗੀ ਦੂਰੀ ਬਣਾਈ ਰੱਖੋ**

ਤੁਹਾਡੇ ਅਤੇ ਵਾਹਨ ਦੇ ਵਿਚਕਾਰ ਸਮਝਦਾਰੀ ਵਾਲੀ ਜਗਾ ਰੱਖਣਾ ਬਹੁਤ ਵਧੀਆ ਵਿਚਾਰ ਹੈ। ਇਹ ਪ੍ਰਤੀਕਰਮ, ਹੌਲੀ ਹੌਲੀ ਅਤੇ ਲੋੜ ਪੈਣ ਤੇ ਰੁਕਣ ਲਈ ਇੱਕ ਕਾਫ਼ੀ ਸਮਾਂ ਦਿੰਦਾ ਹੈ।

ਪਾਇਲ-ਅਪ ਅਕਸਰ ਉਦੋਂ ਹੁੰਦੇ ਹਨ ਜਦੋਂ ਵਾਹਨ ਇਕ ਦੂਜੇ ਨੂੰ ਬਹੁਤ ਨੇੜਿਓਂ ਪਾਲਣਾ ਕਰ ਰਹੇ ਹੁੰਦੇ ਹਨ ਅਤੇ ਜਦੋਂ ਚੀਜ਼ਾਂ ਗਲਤ ਹੋਣ ਲੱਗੀਆਂ ਤਾਂ ਪ੍ਰਤੀਕਿਰਿਆ ਕਰਨ ਵਿਚ ਅਸਮਰੱਥ ਹੁੰਦੀਆਂ ਹਨ।

**10. ਸੜਕ 'ਤੇ ਕੇਂਦਰਿਤ ਰਹੋ**

ਧੁੰਦ ਵਿੱਚੋਂ ਲੰਘਣ ਵੇਲੇ ਸਭ ਤੋਂ ਮਹੱਤਵਪੂਰਣ ਚੀਜ਼ ਜਾਗਰੂਕ ਰਹਿਣਾ ਅਤੇ ਆਪਣੀ ਨਜ਼ਰ ਸੜਕ ਤੇ ਰੱਖਣਾ ਹੈ। ਕਿਸੇ ਚੀਜ਼ ਦੇ ਗਲਤ ਹੋਣ ਲਈ ਇਹ ਦੂਸਰਾ ਵਿਭਾਜਨ ਲੈਂਦਾ ਹੈ ਜਿਸਦਾ ਅਰਥ ਹੈ ਕਿ ਹਰ ਡਰਾਈਵਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਕਿਸਮ ਦੀਆਂ ਭਟਕਣਾ ਨੂੰ ਘੱਟ ਕਰੇ ਅਤੇ ਟਰੈਫ਼ਿਕ ਅਤੇ ਮੌਸਮ ਦੇ ਹਾਲਾਤਾਂ 'ਤੇ ਕੇਂਦਰਿਤ ਕਰੇ।

# ਸਲਾਨਾ ਪ੍ਰੀਖਿਆਵਾਂ ਲਈ ਅਧਿਐਨ ਕਰ ਲਈ ਸੁਝਾਅ

ਹਰੇਕ ਅਧਿਐਨ ਕਰਨ ਦੀ ਤਕਨੀਕ ਹਰੇਕ ਵਿਦਿਆਰਥੀ ਲਈ ਕੰਮ ਨਹੀਂ ਕਰਦੀ, ਇਸ ਲਈ ਅਧਿਐਨ ਕਰਨ ਲਈ ਇਹਨਾਂ ਵਿੱਚੋਂ ਕੁਝ ਮਹੱਤਵਪੂਰਣ ਅਧਿਐਨ ਸੁਝਾਅ ਵਰਤੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਕੰਮ ਕਰਦੀ ਹੈ।

**1. ਕਲਾਸ ਟਾਈਮ ਦਾ ਵੱਧ ਤੋਂ ਵੱਧ ਲਾਭ ਉਠਾਓ**

ਸਾਰੇ ਕਲਾਸ ਸੈਸ਼ਨਾਂ ਵਿਚ ਭਾਗ ਲਓ, ਲੈਕਚਰਾਂ 'ਤੇ ਪੂਰਾ ਧਿਆਨ ਦਿਓ, ਅਤੇ ਨੋਟਾਂ ਨੂੰ ਇਕ ਢੰਗ ਨਾਲ ਲਓ ਜੋ ਤੁਹਾਡੇ ਲਈ ਅਰਥ ਬਣਾਉਂਦਾ ਹੈ. ਟੀਚਾ ਤੁਹਾਡੇ ਨੋਟਸ ਨੂੰ ਸਮਝਣ ਦੇ ਯੋਗ ਹੋਣਾ ਹੈ ਜਦੋਂ ਤੁਸੀਂ ਬਾਅਦ ਵਿੱਚ ਉਹਨਾਂ ਦੀ ਸਮੀਖਿਆ ਕਰਦੇ ਹੋ।

"ਚੰਗੇ ਨੋਟ ਲੈਣ ਦਾ ਮਤਲਬ ਹੈ ਕਿ ਤੁਸੀਂ ਕਲਾਸ ਦੌਰਾਨ ਵਧੇਰੇ ਧਿਆਨ ਦਿੰਦੇ ਹੋ," "ਜਦੋਂ ਤੁਸੀਂ ਟੈਸਟ ਦੀ ਤਿਆਰੀ ਕਰਦੇ ਹੋ, ਤਾਂ ਇਹ ਸੱਚਮੁੱਚ ਮਦਦਗਾਰ ਹੋਵੇਗਾ।" ਅਤੇ ਜੇ ਕਿਸੇ ਗੱਲ ਦਾ ਕੋਈ ਅਰਥ ਨਹੀਂ ਹੁੰਦਾ, ਤਾਂ ਆਪਣਾ ਹੱਥ ਵਧਾਓ ਅਤੇ ਪੁੱਛੋ ਜਾਂ ਆਪਣੇ ਪ੍ਰੋਫੈਸਰ ਜਾਂ ਅਧਿਆਪਕ ਸਹਾਇਕ ਦੇ ਨਾਲ ਪਾਲਣ ਕਰਨ ਲਈ ਕੋਈ ਨੋਟ ਬਣਾਓ।

**2. ਕਲਾਸ ਦੇ ਵਿਦਿਆਰਥੀਆਂ ਨਾਲ ਅਧਿਐਨ ਕਰੋ**

ਦੋਸਤ ਬਣਾਉਣ ਤੋਂ ਇਲਾਵਾ, ਆਪਣੀ ਹਰੇਕ ਕਲਾਸ ਵਿਚ ਅਧਿਐਨ ਕਰਨ ਵਾਲੇ ਸਮੂਹ ਬਣਾਉਣਾ ਟੈਸਟਾਂ ਦੀ ਸਮੀਖਿਆ ਕਰਨ ਦਾ ਇਕ ਮਹੱਤਵਪੂਰਣ ਅਤੇ ਮਜ਼ੇਦਾਰ ਢੰਗ ਹੈ. ਇਕੱਠੇ ਕੰਮ ਕਰਨਾ ਅਧਿਐਨ ਦੀਆਂ ਚੰਗੀਆਂ ਆਦਤਾਂ, ਸਮੂਹ ਪ੍ਰੋਜੈਕਟਾਂ ਵਿਚ ਸਹਿਯੋਗ ਵਧਾਉਣ ਅਤੇ ਵਿਸ਼ਵਾਸ ਵਧਾਉਣ ਵਿਚ ਸਹਾਇਤਾ ਕਰਦਾ ਹੈ. ਨੋਟਾਂ ਦੀ ਤੁਲਨਾ ਕਰਨ ਲਈ ਇੱਕ ਸਾਥੀ ਲੱਭੋ "ਤੁਸੀਂ ਇਕੱਠੇ ਕੰਮ ਕਰ ਸਕਦੇ ਹੋ, ਇਕੱਠੇ ਅਧਿਐਨ ਕਰ ਸਕਦੇ ਹੋ, ਇਕ ਦੂਜੇ ਦੀ ਮਦਦ ਕਰ ਸਕਦੇ ਹੋ, ਅਤੇ ਇਕ ਦੂਜੇ ਨੂੰ ਬਿਹਤਰ ਹੋਣ ਲਈ ਦਬਾ ਸਕਦੇ ਹੋ।"

**3. ਦਫ਼ਤਰ ਦੇ ਸਮੇਂ ਦਾ ਲਾਭ ਲਓ**

ਜੇ ਤੁਹਾਨੂੰ ਕਿਸੇ ਸੰਕਲਪ ਜਾਂ ਵਿਸ਼ਾ ਨਾਲ ਮੁਸ਼ਕਲ ਹੋ ਰਹੀ ਹੈ, ਤਾਂ ਤੁਹਾਡੇ ਪ੍ਰੋਫੈਸਰ ਮਦਦ ਕਰ ਸਕਦੇ ਹਨ. ਉਹਨਾਂ ਦੇ ਦਫ਼ਤਰੀ ਸਮੇਂ ਦੇ ਦੌਰਾਨ ਰੁਕੋ ਜਾਂ ਕਲਾਸ ਦੀ ਸਮੱਗਰੀ ਨੂੰ ਬਿਹਤਰ ਸਮਝਣ ਲਈ ਆਪਣੇ ਪ੍ਰੋਫੈਸਰ ਨੂੰ ਪ੍ਰਸ਼ਨ ਭੇਜੋ, ਆਪਣੀ ਪਰੀਖਿਆਵਾਂ ਦੀ ਤਿਆਰੀ ਕਿਵੇਂ ਕਰੀਏ ਜਾਂ ਵਧੀਆ ਲੇਖ ਲਿਖੋ ਇਸ ਬਾਰੇ ਅਧਿਐਨ ਦੇ ਮਦਦਗਾਰ ਸੁਝਾਅ ਪ੍ਰਾਪਤ ਕਰੋ. ਤੁਸੀਂ ਆਪਣੇ ਇੰਸਟੈਰਕਟਰ ਨਾਲ ਵੀ ਅਜਿਹਾ ਰਿਸ਼ਤਾ ਕਾਇਮ ਕਰੋਗੇ ਜੋ ਇਕ ਮਹੱਤਵਪੂਰਣ ਸਲਾਹਕਾਰ ਬਣ ਸਕਦਾ ਹੈ।

**4. ਫਲੈਸ਼ ਕਾਰਡਸ ਬਣਾਓ**

ਕਾਲਜ ਵਿਦਿਆਰਥੀਆਂ ਲਈ ਅਧਿਐਨ ਕਰਨ ਲਈ ਇਕ ਚੋਟੀ ਦੇ ਸੁਝਾਅ ਵਿਚ ਫਲੈਸ਼ ਕਾਰਡਾਂ ਤੇ ਮਹੱਤਵਪੂਰਨ ਤੱਥਾਂ, ਸੰਕਲਪਾਂ ਅਤੇ ਪਰਿਭਾਸ਼ਾਵਾਂ ਨੂੰ ਲਿਖਣਾ ਸ਼ਾਮਲ ਹੈ. ਫਲੈਸ਼ ਕਾਰਡਸ ਤੁਹਾਨੂੰ ਦੂਜਿਆਂ ਦੀ ਸਹਾਇਤਾ ਤੋਂ ਬਿਨਾਂ ਆਪਣੇ ਆਪ ਨੂੰ ਕੁਇਜ਼ ਕਰਨ ਦਿੰਦੇ ਹਨ। ਡਿਜੀਟਲ ਫਲੈਸ਼ਕਾਰਡ ਅਤੇ ਅਧਿਐਨ ਕਰਨ ਵਾਲੀਆਂ ਐਪਸ ਸਮੱਗਰੀ ਨੂੰ ਵਿਵਸਥਿਤ ਕਰਨ ਅਤੇ ਸਮੀਖਿਆ ਕਰਨ ਦਾ ਇਕ ਹੋਰ ਤਰੀਕਾ ਹਨ।

**5. ਅਧਿਐਨ ਕਰਨ ਦਾ ਵਧੀਆ ਸਥਾਨ ਲੱਭੋ**

ਕੁਝ ਲੋਕ ਇੱਕ ਲਾਇਬਰੇਰੀ ਸੈਟਿੰਗ ਦੀ ਪੂਰੀ ਚੁੱਪ ਨੂੰ ਪਸੰਦ ਕਰਦੇ ਹਨ, ਜਦਕਿ ਦੂਸਰੇ ਇੱਕ ਵਿਅਸਤ ਕੈਫੇ ਦੀ ਉਤੇਜਨਾ ਨੂੰ ਪਸੰਦ ਕਰਦੇ ਹਨ। ਕੁਝ ਵਿਦਿਆਰਥੀ ਅਧਿਐਨ ਕਰਨ ਲਈ ਉਹਨਾਂ ਦੇ ਡੈਸਕ ਤੇ ਬੈਠਣਾ ਤਰਜੀਹ ਦਿੰਦੇ ਹਨ, ਦੂਸਰੇ ਧੁੱਪ ਦੇ ਬਾਹਰ ਅਧਿਐਨ ਕਰਨ ਵਾਲੇ ਸਥਾਨ ਵਰਗੇ।

"ਘਰ ਵਿਚ, ਤੁਸੀਂ ਸੌਣਾ ਚਾਹੁੰਦੇ ਹੋ ਜਾਂ ਕੰਪਿਊਟਰ ਗੇਮਜ਼ ਖੇਡਣਾ ਚਾਹੁੰਦੇ ਹੋ," "ਸੋ, ਪੜਨ ਲਈ ਲਾਇਬਰੇਰੀ ਵਿਚ ਜਾਓ." ਤੁਹਾਡੇ ਲਈ ਸਭ ਤੋਂ ਵਧੀਆ ਅਧਿਐਨ ਦਾ ਮਾਹੌਲ ਉਹ ਹੈ ਜੋ ਵਧੇਰੇ ਲਾਭਕਾਰੀ ਮਹਿਸੂਸ ਕਰਦਾ ਹੈ, ਇਸ ਲਈ ਇਹ ਦੇਖਣ ਲਈ ਕੁਝ ਸਥਾਨਾਂ ਦੀ ਕੋਸ਼ਿਸ਼ ਕਰੋ ਕਿ ਕਿਹੜਾ ਵਧੀਆ ਕੰਮ ਕਰਦਾ ਹੈ।

**6. ਇਸ ਨੂੰ ਬਦਲੋ**

ਇਕ ਵਿਸ਼ੇ 'ਤੇ ਬਹੁਤ ਜਿਆਦਾ ਸਮਾਂ ਲੈਣਾ ਤੁਹਾਨੂੰ ਆਪਣੀ ਇਕਾਗਰਤਾ ਗੁਆ ਸਕਦਾ ਹੈ। ਕਾਲਜ ਦੀ ਪ੍ਰੀਖਿਆ ਲਈ ਅਧਿਐਨ ਕਰਨ ਦਾ ਸਭ ਤੋਂ ਮਹੱਤਵਪੂਰਣ ਸੁਝਾਅ ਇਹ ਹੈ ਕਿ ਸਿਖਲਾਈ ਦੀ ਥਕਾਵਟ ਨੂੰ ਰੋਕਣ ਲਈ ਹਰ 30 ਮਿੰਟ ਜਾਂ ਇਸ ਤੋਂ ਬਾਅਦ ਵਿਸ਼ਿਆਂ ਨੂੰ ਬਦਲਣਾ। ਇੱਕ ਵਾਰ ਜਦੋਂ ਤੁਸੀਂ ਆਪਣੇ ਦਿਮਾਗ ਨੂੰ ਇੱਕ ਬਰੇਕ ਦੇ ਦਿੱਤੀ ਹੈ ਤਾਂ ਚੁਣੌਤੀ ਪੂਰਨ ਵਿਸ਼ਿਆਂ 'ਤੇ ਦੁਬਾਰਾ ਮੁਲਾਕਾਤ ਕਰੋ।

**7. ਪੜ੍ਹੋ ਅਤੇ ਸਮੀਖਿਆ ਕਰੋ**

ਅਸੀਂ 24 ਘੰਟਿਆਂ ਦੇ ਅੰਦਰ-ਅੰਦਰ ਜੋ ਸਿੱਖਿਆ ਹੈ ਉਸ ਵਿਚੋਂ 70% ਭੁੱਲ ਜਾਂਦੇ ਹਾਂ. ਕਲਾਸ ਦੇ ਇੱਕ ਦਿਨ ਬਾਅਦ ਨਵੇਂ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਧਾਰਣਾ ਅਤੇ ਸਮਝ ਨੂੰ ਵਧਾਉਣ ਵਿੱਚ ਸਹਾਇਤਾ ਮਿਲੇਗੀ - ਇਸ ਲਈ ਇੱਕ ਤੁਰੰਤ ਸਮੀਖਿਆ ਲਈ ਹਰ ਸ਼ਾਮ ਸਮਾਂ ਕੱਢੋ. ਅਧਿਆਇਆਂ ਨੂੰ ਭਾਗਾਂ ਵਿਚ ਤੋੜੋ ਅਤੇ ਅੱਗੇ ਜਾਣ ਤੋਂ ਪਹਿਲਾਂ ਹਰੇਕ ਦੇ ਅੰਤ ਵਿਚ ਸਮੱਗਰੀ ਦੀ ਸਮੀਖਿਆ ਕਰੋ. ਰੀਡਿੰਗ ਦੇ ਨਾਜ਼ੁਕ ਪਹਿਲੂਆਂ ਦਾ ਸਾਰ ਦੇ ਕੇ ਨੋਟ ਬਣਾਓ ਤਾਂ ਕਿ ਤੁਸੀਂ ਪੂਰੇ ਅਧਿਆਵਾਂ ਨੂੰ ਮੁੜ ਪੜੇ ਬਗੈਰ ਆਸਾਨੀ ਨਾਲ ਉਹਨਾਂ ਦੀ ਸਮੀਖਿਆ ਕਰ ਸਕੋ. ਮੁਸ਼ਕਲ ਭਾਗਾਂ ਨੂੰ ਬਾਅਦ ਵਿੱਚ ਦੁਬਾਰਾ ਵੇਖਣ ਲਈ ਬੁੱਕ ਮਾਰਕ ਕਰੋ।

**8. ਸੰਗਠਿਤ ਰਹੋ**

ਕਲਾਸ ਦੀਆਂ ਮੀਟਿੰਗਾਂ, ਹੋਮਵਰਕ, ਅਸਾਈਨਮੈਂਟਾਂ, ਪ੍ਰੋਜੈਕਟਾਂ ਅਤੇ ਅਧਿਐਨ ਸੈਸ਼ਨਾਂ ਦਾ ਸਮਾਂ ਤਹਿ ਕਰਨਾ ਪ੍ਰਬੰਧਿਤ ਰਹਿਣ ਲਈ ਮਹੱਤਵਪੂਰਨ ਹੈ. ਡੈੱਡਲਾਈਨਜ਼, ਤਰੀਕਾਂ ਅਤੇ ਸਮੇਂ ਦਾ ਧਿਆਨ ਰੱਖਣ ਲਈ ਯੋਜਨਾਕਾਰ ਦੀ ਵਰਤੋਂ ਕਰੋ ਤਾਂ ਜੋ ਤੁਸੀਂ ਕਿਸੇ ਵੀ ਮਹੱਤਵਪੂਰਣ ਨੂੰ ਭੁੱਲ ਨਾ ਜਾਓ. ਮੁੱਖ ਤਰੀਕਾਂ ਲਈ ਆਪਣੇ ਕਲਾਸ ਦੇ ਸਿਲੇਬਸ ਦੀ ਜਾਂਚ ਕਰੋ ਅਤੇ ਅਧਿਐਨ ਦੇ ਕਾਰਜਕ੍ਰਮ ਲਈ ਸਮਾਂ ਨਿਰਧਾਰਤ ਕਰੋ ਜੋ ਤੁਹਾਡੇ ਲਈ ਕੰਮ ਕਰਦਾ ਹੈ।

**9. ਸਮੱਗਰੀ ਦੀ ਕਲਪਨਾ ਕਰੋ**

ਸਮੱਗਰੀ ਨੂੰ ਘਟਾ ਕੇ ਅਤੇ ਮੁੱਖ ਸ਼ਬਦਾਂ ਅਤੇ ਸੰਕਲਪਾਂ ਨੂੰ ਰੇਖਾਂਕਿਤ ਜਾਂ ਉਭਾਰਨ ਦੁਆਰਾ ਆਪਣੀ ਕਲਾਸ ਦੇ ਨੋਟਾਂ ਦੇ ਸਭ ਤੋਂ ਮਹੱਤਵਪੂਰਣ ਹਿੱਸਿਆਂ ਤੇ ਧਿਆਨ ਕੇਂਦਰਿਤ ਕਰੋ. ਰਵਾਇਤੀ ਲਿਖਤੀ ਨੋਟਾਂ ਦਾ ਪਰਸੰਸਕ ਨਹੀਂ? ਉਹਨਾਂ ਨੂੰ ਚਾਰਟ, ਚਿੱਤਰਾਂ, ਦਿਮਾਗ ਦੇ ਨਕਸ਼ਿਆਂ, ਜਾਂ ਵਿਜ਼ੂਅਲ ਬਣਾਉਣ ਲਈ ਰੂਪ-ਰੇਖਾਵਾਂ ਵਿੱਚ ਮੁੜ ਰੂਪ ਦੇਣ ਦੀ ਕੋਸ਼ਿਸ਼ ਕਰੋ ਜੋ ਤੁਹਾਨੂੰ ਗੁੰਝਲਦਾਰ ਧਾਰਨਾਵਾਂ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦਾ ਹੈ।

**10. ਸਮਝ 'ਤੇ ਧਿਆਨ**

ਯਾਦ ਰੱਖਣ ਦਾ ਅਰਥ ਤੱਥਾਂ ਨੂੰ ਯਾਦ ਰੱਖਣ ਅਤੇ ਦੁਹਰਾਉਣ ਦੇ ਤਰੀਕੇ ਲੱਭਣਾ ਹੈ. ਸਮਝ ਥੋੜੀ ਹੋਰ ਡੂੰਘੀ ਹੁੰਦੀ ਹੈ, ਅਤੇ ਇਸਦਾ ਮਤਲਬ ਹੈ ਕਿ ਤੁਸੀਂ ਵੱਖੋ ਵੱਖਰੇ ਦ੍ਰਿਸ਼ਾਂ ਲਈ ਨਵੇਂ ਗਿਆਨ ਨੂੰ ਲਾਗੂ ਕਰ ਸਕਦੇ ਹੋ ਅਤੇ ਜਾਣ ਸਕਦੇ ਹੋ ਕਿ ਇਹ ਹੋਰ ਧਾਰਨਾਵਾਂ ਨਾਲ ਕਿਵੇਂ ਸੰਬੰਧਿਤ ਹੈ. ਕਾਲਜ ਦੀਆਂ ਪਰੀਖਿਆਵਾਂ ਅਕਸਰ ਸਮਝਣ ਦੀ ਪਰਖ ਕਰਦੀਆਂ ਹਨ, ਨਾ ਕਿ ਸਿਰਫ ਯਾਦ।

**11. ਰਿਵਿ. ਸੈਸ਼ਨ ਵਿਚ ਭਾਗ ਲਓ**

ਜੇ ਤੁਹਾਡਾ ਪ੍ਰੋਫੈਸਰ ਜਾਂ ਅਧਿਆਪਕ ਸਹਾਇਕ ਅੰਤਮ ਹਫਤੇ ਤੋਂ ਪਹਿਲਾਂ ਪੈਰੀ-ਟੈਸਟ ਸਮੀਖਿਆ ਸੈਸ਼ਨ ਦੀ ਪੇਸ਼ਕਸ਼ ਕਰ ਰਿਹਾ ਹੈ, ਤਾਂ ਸਿਰਕਤ ਕਰਨਾ ਯਕੀਨੀ ਬਣਾਓ. ਇਹ ਉਹ ਥਾਂ ਹੈ ਜਿੱਥੇ ਤੁਸੀਂ ਪ੍ਰੀਖਿਆ ਦੇ ਫਾਰਮੈਟ ਅਤੇ ਪ੍ਰਸ਼ਨਾਂ ਵਿੱਚ ਕੀ ਸ਼ਾਮਲ ਹੋ ਸਕਦੇ ਹੋ, ਦੇ ਨਾਲ ਨਾਲ ਆਪਣੇ ਅਧਿਐਨ ਨੂੰ ਕੇਂਦਰਿਤ ਕਰਨ ਲਈ ਪ੍ਰਮੁੱਖ ਵਿਸ਼ਿਆ ਬਾਰੇ ਮਹੱਤਵਪੂਰਣ ਜਾਣਕਾਰੀ ਸਿੱਖ ਸਕਦੇ ਹੋ।

**12. ਕੇਂਦਰਤ ਰਹੋ**

ਆਪਣੇ ਮਨ ਨੂੰ ਟਰੈਕ 'ਤੇ ਰੱਖਣਾ ਉਨ੍ਹਾਂ ਹੀ ਅਸਾਨ ਹੋ ਸਕਦਾ ਹੈ ਜਿੰਨਾ ਤੁਹਾਡੇ ਫੋਨ ਅਤੇ ਤੁਹਾਡੇ ਦੋਸਤਾਂ ਤੋਂ ਬਰੇਕ ਲੈਣਾ. ਕੁਝ ਇੰਸਟਰੂਮੈਂਟਲ ਸੰਗੀਤ ਜਾਂ ਆਵਾਜ਼ ਨੂੰ ਰੱਦ ਕਰਨ ਵਾਲੇ ਹੈੱਡਫੋਨ ਲਗਾਓ ਅਤੇ ਆਪਣੀ ਪੜਾਈ 'ਤੇ ਧਿਆਨ ਕੇਂਦਰਤ ਕਰਨ ਵਿਚ ਸਹਾਇਤਾ ਲਈ ਆਪਣੇ ਮੋਬਾਈਲ ਨੂੰ ਏਅਰਪਲੇਨ ਮੋਡੋ ਤੇ ਪਾਓ।

**13. ਟੁੱਟਣਾ**

ਆਪਣੇ ਦਿਮਾਗ ਅਤੇ ਸਰੀਰ ਨੂੰ ਤਾਜ਼ਗੀ ਦਾ ਮੌਕਾ ਦਿਓ ਤਾਂ ਜੋ ਤੁਸੀਂ ਊਰਜਾ ਅਤੇ ਧਿਆਨ ਨਾਲ ਸਮੱਗਰੀ ਤੱਕ ਪਹੁੰਚ ਸਕੋ. "ਹਰੇਕ 30 ਮਿੰਟਾਂ ਲਈ ਜਦੋਂ ਤੁਸੀਂ ਅਧਿਐਨ ਕਰਦੇ ਹੋ, ਰਿਚਾਰਜ ਕਰਨ ਲਈ 10-15 ਮਿੰਟ ਦਾ ਛੋਟਾ ਜਿਹਾ ਵਿਰਾਮ ਲਓ. ਛੋਟੇ ਅਧਿਐਨ ਸੈਸ਼ਨ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ ਅਤੇ ਅਧਿਐਨ ਦੇ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿਚ ਤੁਹਾਡੀ ਮਦਦ ਕਰਦੇ ਹਨ।" ਇਸ ਲਈ, ਖੜੇ ਹੋਵੋ, ਆਪਣੀਆਂ ਲੱਤਾਂ ਖਿੱਚੋ, ਅਤੇ ਕਿਤਾਬਾਂ ਤੇ ਵਾਪਸ ਜਾਣ ਤੋਂ ਪਹਿਲਾਂ ਕੁਝ ਤਾਜ਼ੀ ਹਵਾ ਲਵੋ।

**14. ਆਪਣੇ ਆਪ ਦੀ ਚੰਗੀ ਦੇਖਭਾਲ ਕਰੋ**

ਸਮਾਂ ਬਚਾਉਣ ਲਈ ਜੰਕ ਫੂਡ 'ਤੇ ਭਰਨਾ ਅਧਿਐਨ ਕਰਨ ਦੀ ਚੁਸਤ ਰਣਨੀਤੀ ਨਹੀਂ ਹੈ. ਇਸ ਦੀ ਬਜਾਏ, "ਦਿਮਾਗੀ ਭੋਜਨ" ਜਿਵੇਂ ਕਿ ਤਾਜ਼ੇ ਫਲ ਅਤੇ ਸਬਜ਼ੀਆਂ ਦੀ ਸੰਤੁਲਿਤ ਖੁਰਾਕ ਰੱਖੋ, ਤੁਹਾਡੇ ਦਿਮਾਗ ਨੂੰ ਤੇਜ਼ ਕਰਨ ਲਈ ਪ੍ਰੋਟੀਨ ਅਤੇ ਸਿਹਤਮੰਦ ਚਰਬੀ ਨਾਲ ਸੰਤੁਲਿਤ. ਇਹ ਹੀ ਨੀਂਦ ਲਈ ਜਾਂਦਾ ਹੈ: ਇਮਤਿਹਾਨ ਤੋਂ ਇਕ ਰਾਤ ਪਹਿਲਾਂ ਚੰਗੀ ਰਾਤ ਦਾ ਆਰਾਮ ਕਰਨ ਦੀ ਯੋਜਨਾ ਬਣਾਓ।

**15. ਆਪਣੇ ਆਪ ਨੂੰ ਤੇਜ਼ ਕਰੋ**

ਫਾਈਨਲ ਹਫ਼ਤੇ ਦੌਰਾਨ ਤੁਹਾਡੇ ਸਾਰੇ ਅਧਿਐਨ ਵਿੱਚ ਘੁੰਮਣਾ ਬਹੁਤ ਜਲਦੀ ਅਤੇ ਚਿੰਤਾ ਦਾ ਕਾਰਨ ਹੋ ਸਕਦਾ ਹੈ. ਪਦਾਰਥਾਂ ਨੂੰ ਵਿਸ਼ਿਆਂ ਵਿਚ ਵੰਡੋ ਅਤੇ ਪੜਾਅ ਵਿਚ ਸਮੀਖਿਆ ਨੂੰ ਜਾਣਕਾਰੀ ਨੂੰ ਅਸਲ ਸਮਝ ਵਿਚ ਲਿਆਉਣ ਲਈ ਵੇਖੋ ਰਾਤ ਤੋਂ ਪਹਿਲਾਂ, ਇਮਤਿਹਾਨ ਤੋਂ ਪਹਿਲਾਂ ਦੇਖਣ ਲਈ ਕੁਝ ਮੁੱਖ ਵਿਚਾਰ ਲਿਖੋ।

ਜੇ ਤੁਸੀਂ ਇਕ ਘੰਟੇ ਦੀ ਕਲਾਸ ਲੈਂਦੇ ਹੋ, ਤਾਂ ਤੁਹਾਨੂੰ ਅਧਿਐਨ ਕਰਨ ਲਈ ਕਲਾਸ-ਰੂਮ ਵਿਚੋਂ ਦੋ ਹੋਰ ਘੰਟੇ ਕੱਢਣ ਦੀ ਜ਼ਰੂਰਤ ਹੈ। ਇਸ ਲਈ, ਜੇ ਤੁਸੀਂ ਹਫ਼ਤੇ ਵਿਚ 15 ਘੰਟੇ ਲੈ ਰਹੇ ਹੋ, ਕਲਾਸ ਤੋਂ ਬਾਅਦ ਪੜ੍ਹਨ ਲਈ ਤੁਹਾਡੇ ਕੋਲ 30 ਘੰਟਿਆਂ ਦੀ ਜ਼ਰੂਰਤ ਹੈ।"

**16. ਸਹੀ ਪਹੁੰਚ ਅਪਣਾਓ**

ਵੱਖ ਵੱਖ ਕਿਸਮਾਂ ਦੀਆਂ ਕਾਲਜ ਪਰੀਖਿਆਵਾਂ ਲਈ ਵੱਖੋ ਵੱਖਰੇ ਅਧਿਐਨ ਦੇ ਤਰੀਕਿਆਂ ਦੀ ਲੋੜ ਹੁੰਦੀ ਹੈ. ਬਹੁ ਵਿਕਲਪ ਦਾ ਅਰਥ ਹੈ ਪਰਿਭਾਸ਼ਾ ਅਤੇ ਸੰਕਲਪਾਂ ਤੇ ਕੇਂਦਰਿਤ ਕਰਨਾ. ਲੇਖਾਂ ਦੇ ਟੈਸਟਾਂ ਲਈ ਤੁਹਾਨੂੰ ਸਮੱਗਰੀ ਦੀ ਵਿਚਾਰਧਾਰਕ ਸਮਝ ਪ੍ਰਦਰਸ਼ਿਤ ਕਰਨ ਦੀ ਲੋੜ ਹੁੰਦੀ ਹੈ। ਆਪਣੇ ਪ੍ਰੋਫੈਸਰ ਨੂੰ ਪ੍ਰੀਖਿਆ ਦੇ ਫਾਰਮੈਟ ਬਾਰੇ ਪੁੱਛੋ ਤਾਂ ਜੋ ਤੁਸੀਂ ਜਾਣਦੇ ਹੋ ਕਿ ਕਿਵੇਂ ਤਿਆਰੀ ਕਰਨੀ ਹੈ।

**17. ਦੂਸਰਿਆਂ ਨੂੰ ਸਿਖਾ ਕੇ ਸਿੱਖੋ**

ਇੱਕ ਸਹਿਪਾਠੀ ਨੂੰ ਸੰਕਲਪਾਂ ਦੀ ਵਿਆਖਿਆ ਕਰਨਾ ਇਹ ਸੁਨਿਸ਼ਚਿਤ ਕਰਨ ਦਾ ਇੱਕ ਵਧੀਆ ਤਰੀਕਾ ਹੈ ਕਿ ਤੁਸੀਂ ਖੁਦ ਸਮੱਗਰੀ ਨੂੰ ਸੱਚਮੁੱਚ ਸਮਝ ਰਹੇ ਹੋ - ਅਤੇ ਉਹਨਾਂ ਨੂੰ ਸਿੱਖਣ ਵਿੱਚ ਸਹਾਇਤਾ ਕਰਨ ਲਈ। ਜਦੋਂ ਤੁਸੀਂ ਕਿਸੇ ਸੰਕਲਪ ਦੀ ਵਿਆਖਿਆ ਕਰਨ ਲਈ ਨਵੇਂ ਤਰੀਕੇ ਲੱਭਦੇ ਹੋ, ਤਾਂ ਤੁਸੀਂ ਦੂਜਿਆਂ ਲਈ ਇਸ ਤੇ ਪ੍ਰਕਿਰਿਆ ਕਰਕੇ ਜਾਣਕਾਰੀ ਨੂੰ ਮੁਹਾਰਤ ਪ੍ਰਦਾਨ ਕਰ ਰਹੇ ਹੋ।

**18. ਆਪਣੇ ਗਿਆਨ ਦੀ ਜਾਂਚ ਕਰੋ**

ਇੱਕ ਵਾਰ ਜਦੋਂ ਤੁਹਾਨੂੰ ਫਾਰਮੈਟ ਪਤਾ ਲੱਗ ਜਾਂਦਾ ਹੈ, ਤਾਂ ਇਸਦੇ ਅਧਾਰ ਤੇ ਇੱਕ ਅਭਿਆਸ ਪ੍ਰੀਖਿਆ ਬਣਾਉਣ ਦੀ ਕੋਸ਼ਿਸ਼ ਕਰੋ ਜੋ ਤੁਸੀਂ ਸੋਚਦੇ ਹੋ ਕਿ ਟੈਸਟ ਕਵਰ ਕਰ ਸਕਦਾ ਹੈ। ਇਹ ਤੁਹਾਨੂੰ ਡੂੰਘੇ ਪੱਧਰ 'ਤੇ ਸਮੱਗਰੀ ਨੂੰ ਸਮਝਣ ਵਿੱਚ ਸਹਾਇਤਾ ਕਰੇਗਾ, ਅਤੇ ਜੋ ਤੁਹਾਨੂੰ ਅਧਿਐਨ ਕਰਨਾ ਚਾਹੀਦਾ ਹੈ ਦੀ ਅਗਵਾਈ ਕਰੇਗਾ। ਫਿਰ ਤੁਸੀਂ ਆਪਣੇ ਅਭਿਆਸ ਇਮਤਿਹਾਨ ਦੀ ਵਰਤੋਂ ਆਪਣੇ ਅਤੇ ਆਪਣੇ ਅਧਿਐਨ ਸਮੂਹ ਲਈ ਕੁਇਜ਼ ਕਰਨ ਲਈ ਕਰ ਸਕਦੇ ਹੋ।

**19. ਆਪਣੇ ਆਪ ਨੂੰ ਇਨਾਮ**

ਅਧਿਐਨ ਕਰਨ ਦੀਆਂ ਚੰਗੀਆਂ ਆਦਤਾਂ ਸਖ਼ਤ ਮਿਹਨਤ ਹਨ! ਆਪਣੇ ਆਪ ਨੂੰ ਤੋੜਨਾ ਅਤੇ ਥੋੜੇ ਇਨਾਮ ਵਜੋਂ ਆਪਣੇ ਆਪ ਨੂੰ ਜਾਰੀ ਰੱਖਣਾ. ਸਿਹਤਮੰਦ ਸਨੈਕਸ, ਬਾਹਰ ਦੀਆਂ ਚੰਗੀਆਂ ਸੈਰ, ਜਾਂ ਇੱਥੋਂ ਤਕ ਕਿ ਤੁਹਾਡੇ ਮਨਪਸੰਦ ਟੀਵੀ ਸ਼ੋਅ ਦਾ ਕਿੱਸਾ ਤੁਹਾਨੂੰ ਪ੍ਰੇਰਿਤ ਰੱਖਣ ਲਈ ਵਧੀਆ ਢੰਗ ਹਨ।

ਆਪਣੀਆਂ ਆਪਣੀਆਂ ਪ੍ਰਭਾਵਸ਼ਾਲੀ ਅਧਿਐਨ ਰਣਨੀਤੀਆਂ ਨੂੰ ਜਾਣਨਾ ਤੁਹਾਡੇ ਕਾਲਜ ਕੈਰੀਅਰ ਵਿਚ ਸਫਲਤਾ ਦੀ ਕੁੰਜੀ ਹੈ, ਅਤੇ ਗ੍ਰੈਜੂਏਸ਼ਨ ਤੋਂ ਬਾਅਦ ਕੈਰੀਅਰ ਦੇ ਪ੍ਰੋਜੈਕਟਾਂ ਅਤੇ ਪ੍ਰਸਤੁਤੀਆਂ ਵਿਚ ਵੀ ਸਹਾਇਤਾ ਕਰੇਗਾ। ਅਧਿਐਨ ਦੇ ਸੁਝਾਅ ਲੱਭਣੇ ਜੋ ਤੁਹਾਡੇ ਲਈ ਵਧੀਆ ਕੰਮ ਕਰਦੇ ਹਨ ਤੁਹਾਡੇ ਲਈ ਸਮਾਂ ਅਤੇ ਊਰਜਾ ਬਚਾਉਣਗੇ ਅਤੇ ਤੁਹਾਨੂੰ ਵਧੀਆ ਨਤੀਜੇ ਪ੍ਰਾਪਤ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤ ਦੇ ਵਿਕਾਸ ਵਿੱਚ ਔਰਤਾਂ ਦੀ ਯੋਗਦਾਨ ਪਾਉਣ ਵਾਲਿਆਂ ਔਰਤਾਂ ਦੀ ਜਿੰਦਗੀ ਤੇ ਇੱਕ ਸੰਖੇਪ

ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਦੇ ਵਿਕਾਸ ਵਿੱਚ ਔਰਤਾਂ ਦਾ ਬਹੁਤ ਹੀ ਯੋਗਦਾਨ ਰਿਹਾ ਹੈ। ਜਿਸ ਸਮੇਂ ਮਰਦਾ ਨੇ ਭਾਰਤ ਦੇ ਵਿਕਾਸ ਵਿੱਚ ਹਿੱਸਾ ਪਾਇਆ ਸੀ ਉਸ ਸਮੇਂ ਔਰਤਾਂ ਵੀ ਭਾਰਤ ਦੇ ਵਿਕਾਸ ਵਿੱਚ ਹਿੱਸਾ ਪਾਉਣ ਲਈ ਸਾਹਮਣੇ ਆਈਆਂ ਸਨ। ਔਰਤਾਂ ਭਾਰਤ ਦੇ ਵਿਕਾਸ ਤੇ ਤਰੱਕੀ ਲਈ ਪੁਲਾੜ ਤੱਕ ਪਹੁੰਚ ਗਈਆਂ ਹਨ। ਔਰਤਾਂ ਨੇ ਭਾਰਤ ਵਿੱਚ ਵਿਗਿਆਨ ਦੀ ਸਿੱਖਿਆ ਪ੍ਰਾਪਤ ਕਰਕੇ ਭਾਰਤ ਦਾ ਵਿਗਿਆਨ ਦੇ ਖੇਤਰ ਵਿੱਚ ਬਹੁਤ ਹੀ ਜਿਆਦਾ ਵਿਕਾਸ ਕੀਤਾ ਹੈ। ਵਿਗਿਆਨ ਦੀ ਸਿੱਖਿਆ ਪ੍ਰਾਪਤ ਕਰਨ ਨਾਲ ਭਾਰਤ ਬਹੁਤ ਸਿਖਰ ਦੀ ਉਚਾਈ ਤੱਕ ਪਹੁੰਚ ਗਿਆ। ਅਜਿਹੀ ਕੋਈ ਵੀ ਸਮੱਸਿਆ ਨਹੀਂ ਹੈ ਜਿਸ ਦਾ ਹੱਲ ਨਹੀਂ ਲੱਭਿਆ ਜਾ ਸਕਦਾ। ਔਰਤਾਂ ਪੁਲਾੜ ਤੱਕ ਪਹੁੰਚ ਚੁੱਕੀਆਂ , ਪੁਲਾੜ ਵਿੱਚ ਜਾ ਕੇ ਬਹੁਤ ਸਾਰੀਆਂ ਰੋਜ਼ਾਨਾ ਕੀਤੀਆਂ ਸਨ।

**ਕਲਪਨਾ ਚਾਵਲਾ ਪ੍ਰਸਿੱਧ ਪੁਲਾੜ ਵਿਗਿਆਨੀ ਹੈ ਉਹਨਾਂ ਦੀ ਜਿੰਦਗੀ ਤੇ ਇੱਕ ਝਾਤ :-**

ਦੇਸ਼ ਦਾ ਗੌਰਵ ਪਹਿਲੀ ਭਾਰਤੀ ਇਸਤਰੀ ਪੁਲਾੜ ਯਾਤਰੀ ਕਲਪਨਾ ਚਾਵਲਾ ਦਾ ਜਨਮ ਕਰਨਾਲ, ਹਰਿਆਣਾ, ਭਾਰਤ ਵਿੱਚ ਇੱਕ ਹਿੰਦੂ ਪੰਜਾਬੀ ਭਾਰਤੀ ਪਰਿਵਾਰ ਪਿਤਾ ਬੰਸੀ ਲਾਲ ਚਾਵਲਾ ਅਤੇ ਮਾਤਾ ਮਤੀ ਸੰਜੋਗਤਾ ਖਰਬੰਦਾ ਦੀ ਕੁੱਖੋ 17 ਮਾਰਚ, 1962 ਨੂੰ ਹੋਇਆ ਸੀ ਪਰ ਉਸਦੀ ਦਫ਼ਤਰੀ ਜਨਮ ਤਰੀਕ ਨੂੰ 1 ਜੁਲਾਈ, 1961 ਵਿੱਚ ਬਦਲ ਦਿੱਤਾ ਗਿਆ ਸੀ ਤਾਂ ਕਿ ਉਹ ਦਸਵੀਂ ਦੇ ਇਮਤਿਹਾਨ ਦੇਣ ਲਈ ਯੋਗ ਹੋ ਸਕੇ। ਬਚਪਨ ਵਿੱਚ ਕਲਪਨਾ ਨੂੰ ਹਵਾਈ ਜਹਾਜ਼ਾਂ ਦੀਆਂ ਤਸਵੀਰਾਂ ਬਣਾਉਣ ਵਿੱਚ ਬਹੁਤ ਦਿਲਚਸਪੀ ਸੀ।ਕਲਪਨਾ ਚਾਵਲਾ ਨੇ ਮੁੱਢਲੀ ਸਿੱਖਿਆ ਟੈਗੋਰ ਬਾਲ ਨਿਕੇਤਾ ਸੀਨੀਅਰ ਸੈਕੰਡਰੀ ਸਕੂਲ ਕਰਨਾਲ ਤੋਂ ਪ੍ਰਾਪਤ ਕੀਤੀ। ਸ੍ਰੀ ਜੇ. ਆਰ. ਡੀ ਟਾਟਾ ਤੋਂ ਪ੍ਰਭਾਵਿਤ ਹੋ ਕੇ ਸੰਨ 1982 !ਚ ਉਸਨੇ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ (ਭਾਰਤ) ਤੋਂ ਪੁਲਾੜ ਅਤੇ ਖਲਾਅ ਨਾਲ ਸਬੰਧਤ ਵਿਸ਼ੇ 'ਚ ਬੈਚਲਰ ਆਫ਼ ਸਾਇੰਸ ਦੀ ਡਿਗਰੀ ਏਰੋਨਾਟੀਕਲ ਇੰਜੀਨਿਅਰਿੰਗ ਦੇ ਅੰਤਰਗਤ ਪ੍ਰਾਪਤ ਕੀਤੀ। 1984 'ਚ ਟੈਕਸਾਸ ਯੂਨੀਵਰਸਿਟੀ ਤੋਂ ਉਸਨੇ ਖਲਾਈ ਇੰਜੀਨਿਅਰਿੰਗ ਦੇ ਤਹਿਤ ਮਾਸਟਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1988 'ਚ ਕਲਪਨਾ ਚਾਵਲਾ ਨੇ ਪੁਲਾੜ ਇੰਜੀਨੀਅਰਿੰਗ ਸਬੰਧੀ ਡਾਕਟੋਰੇਟ, ਆਫ਼ ਫਿਲਾਸਫ਼ੀ ਦਾ ਖਿਤਾਬ ਕੋਲੋਰੈਡੋ ਯੂਨੀਵਰਸਿਟੀ ਤੋਂ ਹਾਸਲ ਕੀਤਾ।ਕਲਪਨਾ ਚਾਵਲਾ ਨੂੰ ਹਵਾਈ ਸਫ਼ਰ, ਹਾਈਕਿੰਗ ਬੈਕ-ਪੈਕਿੰਗ ਅਤੇ ਪੜਨ ਦਾ ਬੇਹਦ, ਸ਼ੌਕ ਸੀ। ਉਸ ਕੋਲ ਹਵਾਈ ਜਹਾਜ਼ ਅਤੇ ਗਲਾਈਡਰ ਦੀਆਂ ਉਡਾਨਾਂ ਸਬੰਧੀ ਹਦਾਇਤਾਂ ਅਤੇ ਸਿਖਲਾਈ ਦੇਣ ਵਾਸਤੇ ਪਰਸ਼ਾਣਕ ਫਲਾਈਟ ਸਿਖਿਅਕ ਲਾਈਸੈਂਸ ਵੀ ਮੌਜੂਦ ਸੀ। ਇਸ ਤੋਂ ਇਲਾਵਾ ਉਸ ਕੋਲ ਇਕੱਲੇ ਅਤੇ ਬਹੁ-ਇੰਜਨੀ ਜ਼ਮੀਨੀ ਸਮੁੰਦਰੀ ਹਵਾਈ ਜਹਾਜ਼ ਅਤੇ ਗਲਾਈਡਰਾਂ ਅਤੇ ਹਵਾਈ ਜਹਾਜ਼ ਦੇ ਜੰਤਰਾਂ ਦੀ ਕਾਰਜਸ਼ੀਲਤਾ ਸਬੰਧੀ ਕਮਰਸ਼ੀਅਲ ਪਾਈਲਟ ਦੇ ਲਾਈਸੈਂਸ ਵੀ ਮੌਜੂਦ ਸਨ। ਉਹਨੂੰ ਹਵਾਈ ਕਰਤਬ ਕਰਨ ਅਤੇ ਟੇਕ-ਵੀਲੈਹ ਹਵਾਈ ਜਹਾਜ਼ ਉਡਾਉਣ ਦਾ ਬੇਹਦ ਸ਼ੌਕ ਸੀ।



1988 ਵਿੱਚ ਉਸਨੇ ਨਾਸਾ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਜਿੱਥੇ ਉਸਨੇ ਵੀ/ਸਟੋਲ ਦੇ ਸੰਕਲਪਾਂ ਉੱਪਰ ਕੰਪਿਊਟੇਸ਼ਨਲ ਫ਼ਲਿਊਡ ਡਾਈਨੈਮਿਕਸ (ਸੀਐਫ਼ਡੀ) ਰਿਸਰਚ ਕੀਤੀ। 1993 ਵਿੱਚ ਉਸਨੇ ਓਵਰਸੈਟ ਮੈਥਡਸ, ਇੰਕ. ਵਿੱਚ ਉਪ-ਪ੍ਰਧਾਨ ਅਤੇ ਰਿਸਰਚ ਸਾਇੰਟਿਸਟ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ। ਅਪਰੈਲ 1991 ਵਿੱਚ ਇੱਕ ਅਮਰੀਕੀ ਨਾਗਰਿਕ ਬਣਨ ਪਿੱਛੋਂ ਚਾਵਲਾ ਨੇ ਨਾਸਾ ਐਸਟਰੋਨਾਟ ਕੌਰਪਸ ਲਈ ਅਰਜ਼ੀ ਦਿੱਤੀ। ਉਹ ਇਸ ਕੌਰਪਸ ਵਿੱਚ ਮਾਰਚ 1995 ਵਿੱਚ ਸ਼ਾਮਿਲ ਹੋਈ ।ਇਕ ਸਾਲ ਦੀ ਸਿਖਲਾਈ ਅਤੇ ਮੁਲਾਂਕਣ ਪਿੱਛੋਂ ਕਲਪਨਾ ਚਾਵਲਾ ਨੂੰ ਪੁਲਾੜ ਖੋਜ ਕੇਂਦਰ ਈ.ਵੀ.ਏ ਰੋਬੋਟਿਕਸ ਅਤੇ ਕੰਪਿਊਟਰ ਸ਼ਾਖਾਵਾਂ ਵਾਸਤੇ ਤਕਨੀਕੀ ਮੁੱਦਿਆਂ ਲਈ ਕੰਮ ਕਰਨ ਵੱਜੋਂ ਸਹਿਯੋਗੀ ਕਰਮਚਾਰੀਆਂ ਦੇ ਦਲ ਦੀ ਪ੍ਰਤੀਨਿਧਤਾ ਕਰਨ ਦੇ ਮੰਤਵ ਲਈ ਸ਼ਾਮਿਲ ਕੀਤਾ ਗਿਆ। ਨਵੰਬਰ1996 ਵਿੱਚ ਉਹਨੂੰ ਉਸਦੀ ਪਹਿਲੀ ਉਡਾਣ ਭਰਨ ਲਈ ਚੁਣਿਆ ਗਿਆ।ਕਲਪਨਾ ਚਾਵਲਾ ਨੂੰ ਇਕ ਮਿਸ਼ਨ-ਮਾਹਿਰ ਅਤੇ ਐਸਟੀਐਸ 87 ਦੀ ਮੁਢਲੀ ਰੋਬੋਟਿਕ ਆਰਮ ਅਪਰੇਟਰ ਦੇ ਰੂਪ 'ਚ ਤਾਇਨਾਤ ਕੀਤਾ ਗਿਆ। ਜਨਵਰੀ 1998 'ਚ ਉਹਨੂੰ ਸਟੇਸ਼ਨ ਫਲਾਈਟ ਸਹਿਯੋਗੀ ਦਲ ਦੇ ਸਾਜੋ ਸਾਮਾਨ ਅਤੇ ਸ਼ਟਲ ਦੀ ਦੇਖ-ਰੇਖ ਦੇ ਕਾਰਜ ਦੀ ਪ੍ਰਤੀਨਿਧਤਾ ਸੌਂਪੀ ਗਈ। ਇਸਦੇ ਨਾਲ ਹੀ ਉਹਨੂੰ ਪੁਲਾੜ ਕੇਂਦਰ ਦੀ ਅਮਲਾ ਪ੍ਰਣਾਲੀ ਅਤੇ ਹੈਬਿਟਬਿਲਟੀ ਵਰਗ ਦੀ ਆਗੂ ਵੱਜੋਂ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ। ਉਸਨੇ ਐਸ ਟੀ ਐਸ-87 (1997) ਅਤੇ ਐਸਟੀ ਐਸ-107 (2003) 'ਚ ਪੁਲਾੜ ਦਾ ਸਫ਼ਰ ਕੀਤਾ ਅਤੇ ਪੁਲਾੜ 'ਚ 30 ਦਿਨ, 14 ਘੰਟੇ ਅਤੇ 54 ਮਿੰਟ ਪੜਾਅ ਕੀਤਾ।

ਉਸਦਾ ਪਹਿਲਾ ਪੁਲਾੜ ਮਿਸ਼ਨ 2 ਮਈ, 1997 ਵਿੱਚ ਸ਼ੁਰੂ ਹੋਇਆ। ਉਹ ਸਪੇਸ ਸ਼ਟਲ ਕੋਲੰਬੀਆ ਐਸ ਟੀਐਸ-87 ਦੇ ਛੇ ਖਗੋਲ ਵਿਗਿਆਨੀਆਂ ਦੇ ਮੈਂਬਰਾਂ ਵਿੱਚੋਂ ਇੱਕ ਸੀ। ਚਾਵਲਾ ਪੁਲਾੜ ਵਿੱਚ ਉਡਾਣ ਭਰਨ ਵਾਲੀ ਪਹਿਲੀ ਭਾਰਤੀ ਔਰਤ ਸੀ। ਉਸਨੇ ਇਹ ਸ਼ਬਦ ਖਗੋਲ ਦੀ ਭਾਰਹੀਣਤਾ ਵਿੱਚ ਜਾ ਕੇ ਕਹੇ ਸਨ, "ਤੁਸੀਂ ਸਿਰਫ਼ ਤੁਹਾਡੀ ਸਮਝ ਹੋਂ।" ਆਪਣੇ ਪਹਿਲੇ ਮਿਸ਼ਨ ਉੱਪਰ ਚਾਵਲਾ ਨੇ ਧਰਤੀ ਦੇ252 ਚੱਕਰਾਂ ਵਿੱਚ 104 ਮਿਲੀਅਨ ਮੀਲ ਦਾ ਸਫ਼ਰ ਤੈਅ ਕੀਤਾ। ਇਸ ਮਿਸ਼ਨ ਦੌਰਾਨ ਚਾਵਲਾ 372 ਘੰਟੇ ਪੁਲਾੜ ਵਿੱਚ ਰਹੀ। ਐਸਟੀਐਸ-87 ਦੇ ਦੌਰਾਨ ਉਸਨੇ ਖਗੋਲ ਵਿੱਚ ਇੱਕ ਸਪਾਰਟਨ ਉਪਗ੍ਰਹਿ ਛੱਡਿਆ ਜਿਹੜਾ ਕਿ ਖ਼ਰਾਬ ਹੋ ਗਿਆ ਜਿਸਦੇ ਕਾਰਨ ਵਿੰਸਟਨ ਸਕੌਟ ਅਤੇ ਤਾਕਾਓ ਡੋਈ ਨੂੰ ਉਪਗ੍ਰਹਿ ਨੂੰ ਫੜਨ ਲਈ ਪੁਲਾੜ ਵਿੱਚ ਜਹਾਜ਼ ਤੋਂ ਬਾਹਰ ਜਾਣਾ ਪਿਆ ਸੀ। ਨਾਸਾ ਦੀ 5 ਮਹੀਨਿਆਂ ਦੀ ਜਾਂਚ-ਪੜਤਾਲ ਤੋਂ ਪਿੱਛੋਂ ਉਹਨੂੰ ਦੋਸ਼-ਮੁਕਤ ਕਰ ਦਿੱਤਾ ਗਿਆ। ਕਿਉਂਕਿ ਸਾਫ਼ਟਵੇਅਰ ਇੰਟਰਫ਼ੇਸਾਂ ਅਤੇ ਚਾਲਕ-ਦਲ ਦੇ ਮੈਂਬਰਾਂ ਦੇ ਕੰਟਰੋਲ ਵਿੱਚ ਸਮੱਸਿਆ ਸੀ। ਐਸਟੀਐਸ-87 ਦੀਆਂ ਉਡਾਣ ਉਪਰੰਤ ਕਾਰਵਾਈਆਂ ਪੂਰਾ ਹੋਣ ਤੇ ਚਾਵਲਾ ਨੂੰ ਸਪੇਸ ਸਟੇਸ਼ਨ ਵਿੱਚ ਕੰਮ ਕਰਨ ਲਈ ਤਕਨੀਕੀ ਅਹੁਦਿਆਂ ਤੇ ਕੰਮ ਕਰਨ ਦੀ ਜਿੰਮੇਵਾਰੀ ਦਿੱਤੀ ਗਈ ਸੀ।



**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ**

ਕਲਪਨਾ ਚਾਵਲਾ ਦੀ ਵਿਲੱਖਣ ਸੇਵਾਵਾਂ ਨੂੰ ਦੇਖ ਦਿਆਂ 2000 ਵਿੱਚ ਐਸਟੀਐਸ 107 ਦੇ ਚਾਲਕ-ਦਲ ਦੇ ਮੈਂਬਰ ਦੇ ਤੌਰ 'ਤੇ ਦੂਜੀ ਵਾਰ ਪੁਲਾੜ ਉਡਾਣ ਭਰਨ ਲਈ ਚੁਣਿਆ ਗਿਆ ਸੀ। ਇਹ ਮਿਸ਼ਨ ਉਡਾਣ ਭਰਨ ਦੇ ਸਮੇਂ ਅਤੇ ਤਕਨੀਕੀ ਸਮੱਸਿਆਵਾਂ ਦੇ ਕਾਰਨ ਵਾਰ-ਵਾਰ ਰੋਕਿਆ ਗਿਆ ਸੀ ਜਿਵੇਂ ਕਿ ਜੁਲਾਈ 2002 ਵਿੱਚ ਵਿਗਿਆਨੀਆਂ ਨੇ ਸ਼ਟਲ ਇੰਜਣ ਵਿੱਚ ਤਰੇੜਾਂ ਨੂੰ ਵੇਖਿਆ ਸੀ। 16 ਜਨਵਰੀ 2003 ਨੂੰ ਆਖ਼ਰਕਾਰ ਸਪੇਸ ਸ਼ਟਲ ਕੋਲੰਬੀਆ ਨੂੰ ਪੁਲਾੜ ਵਿੱਚ ਭੇਜਿਆ ਗਿਆ। ਐਸ. ਟੀ. ਐਸ 107 ਦੀ 16 ਦਿਨਾਂ ਯਾਤਰਾ ਸ਼ੁਰੂ ਹੋਈ ਜਿਸ ਦੌਰਾਨ ਚਾਵਲਾ ਨੂੰ ਪੂਰਾ -ਪੂਰਾ ਦਿਨ ਕੰਮ ਕਰਕੇ ਲਗਭਗ 80 ਪ੍ਰਯੋਗ ਕੀਤੇ। 1 ਫਰਵਰੀ 2003 ਨੂੰ ਐਸ. ਟੀ. ਐਸ 107 ਪਰਤੀ ਤੇ ਵਾਪਸ ਆ ਰਿਹਾ ਸੀ। ਜਦੋਂ ਪੁਲਾੜੀ ਸ਼ਟਲ ਕੋਲੰਬੀਆਂ ਅਤੇ ਉਸਦਾ ਦਲ ਮਿੱਥੇ ਗਏ ਸਮੇਂ ਤੋਂ 16 ਮਿੰਟ ਪਹਿਲਾਂ ਧਰਤੀ ਵੱਲ ਨੂੰ ਵਧਦਿਆਂ ਹਵਾ ਵਿਚ ਹੀ ਤਬਾਹ ਹੋ ਗਏ। ਇਸ ਦੁਰਘਟਨਾ ਵਿੱਚ ਕਲਪਨਾ ਚਾਵਲਾ ਦੇ ਨਾਲ ਉਸਦੇ ਚਾਲਕ-ਦਲ ਦੇ ਸਾਰੇ ਛੇ ਸਾਥੀਆਂ ਦੀ ਵੀ ਮੌਤ ਹੋ ਗਈ ਸੀ।

ਚਾਵਲਾ ਦੇ ਸਰੀਰ ਦੇ ਬਚੇ ਹੋਏ ਹਿੱਸਿਆਂ ਨੂੰ ਹੋਰ ਚਾਲਕ-ਦਲ ਦੇ ਮੈਂਬਰਾਂ ਦੇ ਨਾਲ ਪਛਾਣ ਲਿਆ ਗਿਆ ਸੀ ਅਤੇ ਉਸਦੀਆਂ ਅਸਥੀਆਂ ਨੂੰ ਯੂਟਾ ਦੇ ਨੈਸ਼ਨਲ ਪਾਰਕ ਵਿੱਚ ਸੰਸਕਾਰ ਕਰਕੇ ਖਿਲਾਰਿਆ ਗਿਆ ਸੀ ਜਿਵੇਂ ਕਿ ਉਸਦੀ ਇੱਛਾ ਸੀ।ਕਲਪਨਾ ਚਾਵਲਾ ਦੇ ਜਾਣ ਨਾਲ ਕੈਂਸਰ ਦੇ ਮਰੀਜ਼ਾਂ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਕਿਉਂਕਿ ਉਹ ਕੈਂਸਰ ਦੀ ਖੋਜ ਕਰਕੇ ਆ ਰਹੇ ਸਨ ਤੇ ਉਸ ਲਈ ਦਵਾਈ ਵਾਸਤੇ ਕਈ ਨਵੀਆਂ ਖੋਜਾਂ ਕੱਢੀਆਂ ਸਨ।

1 ਫਰਵਰੀ 2003 ਵਿੱਚ ਮੌਤ ਨੇ ਇਕ ਬਹੁਤ ਵੱਡਾ ਹੀਰਾ ਸਾਥੋਂ ਖੋਹ ਲਿਆ। ਅੱਜ ਸਮੁੱਚਾ ਜਗਤ ਡਾ. ਕਲਪਨਾ ਚਾਵਲਾ ਨੂੰ ਯਾਦ ਕਰ ਰਿਹਾ ਹੈ। ਇੱਕ ਹੋਰ ਭਾਰਤ ਦੀ ਮਹਾਨ ਇਸਤਰੀ ਦਾ ਜੀਵਨ ਅਗਲੇ ਭਾਗ ਵਿੱਚ ਜੀ।

# ਭਾਰਤੀ ਸੰਵਿਧਾਨ

26 ਜਨਵਰੀ 1950 ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਅਤੇ ਮਾਣ ਵਾਲਾ ਦਿਨ ਹੈ। ਇਸ ਦਿਨ ਭਾਰਤ ਦੇ ਲੋਕਾਂ ਦੇ ਪ੍ਰਤੀਨਿਧਾਂ ਦੁਆਰਾ ਬਣਾਇਆ ਗਿਆ ਸੰਵਿਧਾਨ ਲਾਗੂ ਕੀਤਾ ਕੀਤਾ ਗਿਆ ਸੀ ਅਤੇ ਭਾਰਤ ਦਾ ਇੱਕ ਪੂਰਨ ਪ੍ਰਭੁੱਸਤਾ ਸੰਪੰਨ ਗਣਰਾਜ ਦੇ ਰੂਪ ਵਿੱਚ ਜਨਮ ਹੋਇਆ।

ਭਾਰਤ ਦਾ ਸੰਵਿਧਾਨ ਸੰਸਾਰ ਦੇ ਸਾਰੇ ਦੇਸਾਂ ਦੀ ਤਰਾਂ ਦੀ ਤਰਾਂ ਲਿਖਤੀ ਸੰਵਿਧਾਨ ਹੈ ਅੱਜ ਭਾਰਤ ਦੇ ਸੰਵਿਧਾਨ ਵਿੱਚ 395 ਧਾਰਾਵਾਂ ਅਤੇ 12 ਅਨੁਸੂਚੀਆਂ ਹਨ ਅਤੇ ਇਸ ਨੂੰ 22 ਭਾਗਾਂ ਵਿੱਚ ਵੰਡਿਆ ਗਿਆ ਹੈ। ਅੱਜ ਤੱਕ ਭਾਰਤ ਦੇ ਸੰਵਿਧਾਨ ਵਿੱਚ 104 ਸੋਧਾਂ ਹੋ ਚੁੱਕੀਆਂ ਹਨ ਜੋ ਕਿ ਗਤੀਸ਼ੀਲਤਾ ਦਾ ਪ੍ਰਤੀਕ ਹੈ।

ਸੰਸਾਰ ਦੇ ਬਾਕੀ ਦੇਸ਼ਾਂ ਦੀ ਤਰਾਂ ਹੀ ਭਾਰਤੀ ਸੰਵਿਧਾਨ ਵੀ ਪ੍ਰਸਤਾਵਨਾ ਨਾਲ ਆਰੰਭ ਹੁੰਦਾ ਹੈ। ਪ੍ਰਸਤਾਵਨਾ ਸੰਵਿਧਾਨ ਦਾ ਅੰਗ ਨਹੀਂ ਸੀ। ਪਰਤੂੰ 1976 ਵਿੱਚ ਸੰਵਿਧਾਨ ਵਿਚ ਕੀਤੀ ਗਈ 42ਵੀਂ ਸੋਧ ਅਧੀਨ ਪ੍ਰਸਤਾਵਨਾ ਵਿੱਚ ਸੋਧ ਕਰਕੇ ਸੰਸਦ ਦੁਆਰਾ ਅੰਗ ਮੰਨਿਆ ਗਿਆ ਹੈ। ਸੰਵਿਧਾਨ ਵਿੱਚ 42ਵੀਂ ਸੋਧ ਅਧੀਨ ਪ੍ਰਸਤਾਵਨਾ ਵਿੱਚ ਤਿੰਨ ਨਵੇਂ ਸ਼ਬਦ ਸ਼ਾਮਿਲ ਕੀਤੇ ਗਏ ਸਨ ਅਤੇ ਉਹ ਸਨ "ਸਮਾਜਵਾਦੀ, ਧਰਮ ਨਿਰਪੇਖ, ਅਤੇ ਅਖੰਡਤਾ।

ਭਾਰਤ ਦੇ ਸੰਵਿਧਾਨ ਵਿੱਚ 12 ਤੋਂ 35 ਤੱਕ ਮੌਲਿਕ ਅਧਿਕਾਰਾਂ ਦਾ ਅਲਗ ਤੋਂ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 86ਵੀਂ ਸੋਧ ਦੁਆਰਾ 21ੳ ਸ਼ਾਮਿਲ ਕਰਕੇ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਵਿੱਦਿਆ ਦੇ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਹੈ।

ਭਾਰਤ ਸੰਵਿਧਾਨ ਵਿਚ ਧਾਰਾ 51ੳ ਵਿੱਚ 11 ਮੌਲਿਕ ਕਰਤੱਵਾਂ ਦਾ ਵਰਣਨ ਕੀਤਾ ਗਿਆ ਹੈ। ਭਾਰਤ ਦਾ ਸੰਵਿਧਾਨ ਕਠੋਰ ਅਤੇ ਲਚਕਦਾਰ ਹੈ। ਭਾਰਤ ਦਾ ਸੰਵਿਧਾਨ ਧਰਮ ਨਿਰਪੇਖ ਰਾਜ ਦੀ ਸਥਾਪਨਾ ਕਰਦਾ ਹੈ। ਪਰਤੂੰ ਰਾਜ ਵਿਅਕਤੀ ਨੂੰ ਆਪਣੀ ਸੁਤੰਤਰਤਾ ਦੇ ਅਧਿਕਾਰ ਨੂੰ ਦੁਰਉਪਯੋਗ ਕਰਨ ਦਾ ਅਧਿਕਾਰ ਨਹੀਂ ਦਿੰਦਾ ਹੈ।

ਭਾਰਤ ਸੰਵਿਧਾਨ ਵਿੱਚ ਦੋ ਸਦਨੀ ਵਿਧਾਨ ਪਾਲਿਕਾ ਪਈ ਜਾਂਦੀ ਹੈ। ਹੇਠਲਾ ਸਦਨ ਲੋਕ ਸਭਾ ਅਤੇ ਉਪਰਲਾ ਸਦਨ ਰਾਜ ਸਭਾ। ਅੱਜ ਕੇਵਲ 5ਰਾਜਾਂ ਵਿੱਚ ਮਹਾਂਰਾਸਟਰ, ਆਂਧਰਾਪਰਦੇਸ਼, ਕਰਨਾਟਕਾ, ਉੱਤਰ ਪ੍ਰਦੇਸ਼ ਅਤੇ ਜੰਮੂ -ਕਸ਼ਮੀਰ ਵਿੱਚ ਦੋ ਸਦਨੀ ਵਿਧਾਨ ਪਾਲਿਕਾ ਪਾਈ ਜਾਂਦੀ ਹੈ।

ਭਾਰਤੀ ਸੰਵਿਧਾਨ ਵਿੱਚ ਇਕਹਿਰੀ ਨਿਆਂ ਪਾਲਿਕਾ ਪਈ ਜਾਂਦੀ ਹੈ। ਭਾਰਤ ਵਿੱਚ ਸੰਸਾਰ ਦੇ ਬਾਕੀ ਰਾਜਾਂ ਦੀ ਤਰਾਂ ਕੇਂਦਰ ਅਤੇ ਰਾਜਾਂ ਦੀਆਂ ਵੱਖਰੀਆਂ -ਵੱਖਰੀਆਂ ਅਦਾਲਤਾਂ ਨਹੀਂ ਹਨ ਸਗੋਂ ਭਾਰਤ ਦੀ ਸਰਬ-ਉੱਚ ਅਦਾਲਤ ਸੁਪਰੀਮ ਕੋਰਟ ਰਾਜ ਪੱਧਰ ਤੇ ਹਾਈ-ਕੋਰਟ ਅਤੇ ਜਿਲ੍ਹਾ ਪੱਧਰ ਤੇ ਜਿਲ੍ਹਾ ਅਦਾਲਤ ਹਨ।

ਭਾਰਤ ਸੰਵਿਧਾਨ ਵਿੱਚ ਸੰਕਟਕਾਲੀ ਸਕਤੀਆਂ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਦੇ ਸੰਵਿਧਾਨ ਅਨੁਸਾਰ 22 ਖੇਤਰੀ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ। ਧਾਰਾ 343 ਅਧੀਨ ਹਿੰਦੀ ਨੂੰ ਦੇਵਨਾਗਰੀ ਲਿਪੀ ਵਿੱਚ ਭਾਰਤ ਦੀ ਸਰਕਾਰੀ ਭਾਸ਼ਾ ਦੇ ਤੌਰ ਤੇ ਮਾਨਤਾ ਪ੍ਰਦਾਨ ਕੀਤੀ ਗਈ ਹੈ।

ਭਾਰਤ ਦਾ ਸੰਵਿਧਾਨ ਸੰਸਾਰ ਦੇ ਸਾਰੇ ਸੰਵਿਧਾਨ ਦੀਆਂ ਚੰਗੀਆਂ ਵਿਵਸਥਾਵਾਂ ਦਾ ਨਿਚੋੜ ਅਤੇ ਸੰਵਿਧਾਨ ਨਿਰਮਾਤਾਵਾਂ ਦੀ ਦੂਰਦਰਸ਼ਨ ਦਾ ਪ੍ਰਤੀਕ ਹੈ ਅਤੇ ਇਹ ਹੀ ਕਾਰਨ ਹੈ ਕਿ ਇਹ ਅੱਜ ਤੱਕ ਸਫਲਤਾ ਪੂਰਵਕ ਚੱਲ ਰਿਹਾ ਹੈ।

## ਧੁੰਦਲਾ ਕੌਮੀ ਭਵਿੱਖ ਉੱਜਲਾ ਕਿਵੇਂ ਹੋਵੇ?

**ਅਵਤਾਰ ਸਿੰਘ ਮਿਸ਼ਨਰੀ (5104325827)**

ਅੱਜ ਤੱਕ ਸਿੱਖ ਕੌਮ 'ਚ ਦਾਨ, ਸੇਵਾ, ਅੰਨੀ-ਸ਼ਰਧਾ, ਸੰਤ-ਬਾਬਿਆਂ ਦੀ ਸੇਵਾ ਤੇ ਇਕੋਤਰੀ ਪਾਠਾਂ ਆਦਿਕ ਗਰਾਹੀਆਂ ਦੇ ਨਾਂ 'ਤੇ ਜਿੰਨੀ ਲੁੱਟ ਹੋਈ ਹੈ ਓਨੇ ਪੈਸੇ ਤੇ ਸਾਧਨਾਂ ਨਾਲ ਨੌਜਵਾਨਾਂ ਨੂੰ ਫੈਰੀ ਐਜੂਕੇਟ ਕਰਕੇ, ਚੋਟੀ ਦੇ ਡਾਕਟਰ, ਇੰਨਜੀਨੀਅਰ, ਆਈ ਐਸ ਔਫੀਸਰ, ਗਿਆਨੀ, ਵਿਗਿਆਨੀ ਬਣਾ, ਕਿਰਤ-ਕਮਾਈ ਦੇ ਵੱਡੇ-ਵੱਡੇ ਰੁਜਗਾਰ ਖੋਲੈਹ ਕੇ, ਪੈਰੀਂ ਖੜੇ ਹੋ ਪੰਜਾਬ-ਭਾਰਤ 'ਚ ਆਰਥਕਤਾ ਦੇ ਜੰਡੇ ਗੱਡਣ ਦੇ ਨਾਲ-ਨਾਲ "ਸ਼ਬਦ ਗੁਰੂ ਗੈਰੰਥ" ਦੀ ਸਰਬ-ਸਾਂਝੀ ਗੁਰਬਾਣੀ ਦੇ ਉਲੱਥੇ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਭਾਸ਼ਾਵਾਂ 'ਚ ਕਰ-ਵੰਡ ਕੇ ਗੁਰਮਤਿ ਗਾਡੀ ਰਾਹ ਦਾ ਸੁਨੇਹਾ ਦੁਨੀਆਂ ਦੇ ਕੋਨੇ-ਕੋਨੇ 'ਚ ਦਿੱਤਾ ਜਾ ਸਕਦਾ ਸੀ। ਇਹ ਹੋਣੀ ਸੀ ਬਹੁਤ ਵੱਡੀ ਸੇਵਾ ਜਿਸ ਨਾਲ ਕੌਮ ਦੁਨੀਆਂ ਭਰ 'ਚ ਨਿਆਰੀ ਤੇ ਸਿਆਣੀ ਦਿਸਣ ਲੱਗ ਪੈਣੀ ਸੀ ਅਤੇ ਜ਼ਾਹਰ ਪੀਰ ਜਗਤ ਗੁਰ ਬਾਬਾ ਨਾਨਕ ਪਾਤਸ਼ਾਹ ਦੇ ਸੱਚੇ-ਸੁੱਚੇ ਗਿਆਨ-ਵਿਗਿਆਨ ਭਰੇ ਉਪਦੇਸ਼ਾਂ ਦੇ ਡੰਕੇ ਸੰਸਾਰ 'ਚ ਵੱਜਣੇ ਸੀ! ਖ਼ੈਰ ਅਜੇ ਵੀ ਜੇ ਕੌਮ ਸਮਝ-ਅਕਲ ਤੋਂ ਕੰਮ ਲੈਣ ਲੱਗ ਪਵੇ ਤਾਂ ਘੱਟ ਤੋਂ ਘੱਟ ਭੇਖੀ ਡੇਰੇਦਾਰਾਂ, ਸੰਪਰਦਾਈਆਂ, ਹੰਕਾਰੀ ਤੇ ਲਾਲਚੀ ਪੁਜਾਰੀ-ਪ੍ਰਚਾਰਕਾਂ ਦੀ ਸ਼ਰਧਾਲੂ ਲੁੱਟ ਤੋਂ ਬਚ ਕੇ "ਆਪਣ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ" ਦੇ ਰਾਹੇ ਪੈ, ਧੁੰਦਲਾ ਹੋ ਚੁੱਕਾ ਕੌਮੀ ਭਵਿੱਖ ਉੱਜਲਾ ਕਰ ਸਕਦੀ ਹੈ।

# ਕਿਸਾਨ ਲੀਡਰਾਂ ਅਤੇ ਵਿਰੋਧੀ ਪਾਰਟੀਆਂ ਨੇ ਪੱਲਾ ਝਾੜਿਆ

(ਸਫਾ 4 ਦੀ ਬਾਕੀ)

ਸਪਸ਼ਟ ਕੀਤਾ ਕਿ ਉਸ ਦੇ ਦੀਪ ਸਿੱਧੂ ਨਾਲ ਕੋਈ ਸਬੰਧ ਨਹੀਂ ਹੈ। ਖਾਲਿਸਤਾਨੀ ਸੰਗਠਨ ਐਸਐਫਜੀ ਨੇ ਆਗਾਮੀ 1 ਫਰਵਰੀ ਨੂੰ ਸੰਸਦ 'ਤੇ ਕਬਜ਼ਾ ਕਰਨ ਦਾ ਐਲਾਨ ਕੀਤਾ ਹੈ। ਨਾਲ ਹੀ ਲਾਲ ਕਿਲੇ 'ਤੇ ਝੰਡਾ ਲਹਿਰਾਉਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਗਣਤੰਤਰ ਦਿਵਸ 'ਤੇ 26 ਜਨਵਰੀ ਵਾਲੇ ਦਿਨ ਹਿੰਸਕ ਹੋਏ ਪ੍ਰਦਰਸ਼ਨਕਾਰੀਆਂ ਵੱਲੋਂ ਤੋੜ-ਫੋੜ ਕਰਨ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ 200 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਿੰਸਾ ਵਿਚ ਕੋਈ ਕਿਸਾਨ ਆਗੂ ਵੀ ਘੇਰੇ ਵਿਚ ਹਨ, ਇਹਨਾਂ 'ਤੇ ਵੀ ਜਲਦ ਕਾਰਵਾਈ ਹੋ ਸਕਦੀ ਹੈ।



ਮਿਲੀ ਜਾਣਕਾਰੀ ਅਨੁਸਾਰ ਸਿੰਘੂ ਬਾਰਡਰ-ਯੂਪੀ ਗੇਟ, ਟਿਕਰੀ ਬਾਰਡਰ, ਗਾਜ਼ੀਪੁਰ ਬਾਰਡਰ ਸਮੇਤ ਦਿੱਲੀ ਦੀਆਂ ਸਾਰੀਆਂ ਹੱਦਾਂ 'ਤੇ ਮੰਗਲਵਾਰ ਰਾਤ 12 ਵਜੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਉਧਰ ਨੋਇਡਾ, ਗਾਜੀਆਬਾਦ 'ਚ ਕਿਸਾਨਾਂ 'ਤੇ ਲਾਠੀ ਚਾਰਜ ਵੀ ਕੀਤਾ ਗਿਆ ਹੈ। ਇਸ ਵਿਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਅਧਿਕਾਰਿਕ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਦਿੱਲੀ 'ਚ ਵੜ ਕੇ ਹਿੰਸਾ, ਤੋੜਫੋੜ ਤੇ ਕੁੱਟਮਾਰ ਕਰਨ ਵਾਲਿਆਂ ਦਾ ਉਹਨਾਂ ਦੇ ਸੰਗਠਨ ਨਾਲ ਕੋਈ ਵਾਸਤਾ ਨਹੀਂ ਹੈ। ਇਸ ਵਿਚ ਕਿਸਾਨਾਂ ਦੇ ਹਿੰਸਕ ਪ੍ਰਦਰਸ਼ਨ ਨੂੰ ਦੇਖਦੇ ਹੋਏ ਦਿੱਲੀ ਮੈਟਰੋ ਦੇ ਕਈ ਸਟੇਸ਼ਨਾਂ ਦੇ ਗੇਟ ਬੰਦ ਕਰ ਦਿੱਤੇ ਗਏ ਹਨ, ਇਹਨਾਂ 'ਚ ਆਈਟੀਓ ਮੈਟਰੋ ਸਟੇਸ਼ਨ ਵੀ ਸ਼ਾਮਲ ਹਨ। ਦੁਪਹਿਰ ਬਾਅਦ ਪ੍ਰਦਰਸ਼ਨਕਾਰੀ ਕਿਸਾਨ ਲਾਲ ਕਿਲੇ 'ਤੇ ਪਹੁੰਚੇ। ਜਿਥੋਂ ਕੁੱਝ ਨਜ਼ਦੀਕ ਹੀ ਕਿਸਾਨਾਂ ਨੇ ਆਈਐੱਸਬੀਟੀ ਦੇ ਕੋਲ ਟਰੈਫ਼ਿਕ ਪੁਲਿਸ ਨਾਲ ਕੁੱਟਮਾਰ ਕੀਤੀ।

ਇਸ ਦੌਰਾਨ ਸੰਯੁਕਤ ਕਿਸਾਨ ਮੋਰਚਾ ਵੱਲੋਂ ਅਧਿਕਾਰਿਤ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਦਿੱਲੀ ਵਿਚ ਵੜ ਕੇ ਹਿੰਸਾ, ਤੋੜ ਭੰਨ ਅਤੇ ਮਾਰ ਕੁੱਟ ਕਰਨ ਵਾਲਿਆਂ ਦਾ ਉਹਨਾਂ ਦੇ ਸੰਗਠਨਾਂ ਨਾਲ ਕੋਈ ਵਾਸਤਾ ਨਹੀਂ ਹੈ। ਇਸ ਦੌਰਾਨ ਕਿਸਾਨਾਂ ਨੇ ਹਿੰਸਕ ਪ੍ਰਦਰਸ਼ਨ ਨੂੰ ਦੇਖਦੇ ਹੋਏ ਦਿੱਲੀ ਮੈਟਰੋ ਦੇ ਕਈ ਸਟੇਸ਼ਨਾਂ ਦੇ ਗੇਟ ਬੰਦ ਕਰ ਦਿੱਤੇ ਗਏ ਹਨ।

ਆਈਟੀਓ 'ਤੇ ਪੁਲਿਸ ਅਤੇ ਕਿਸਾਨਾਂ ਵਿਚ ਝੜਪ ਹੋਈ। ਇਸ ਦੌਰਾਨ ਪੁਲਿਸ ਨੇ ਕਿਸਾਨਾਂ 'ਤੇ ਕਾਬੂ ਪਾਉਣ ਲਈ ਲਾਠੀਚਾਰਜ ਕੀਤਾ ਪਰ ਕਿਸਾਨ ਅੱਗੇ ਵੱਧ ਗਏ। ਇਥੇ ਸਥਿਤੀ ਕਾਫੀ ਤਣਾਅਪੂਰਨ ਹੈ। ਕਈ ਕਿਸਾਨ, ਪੁਲਿਸ ਮੁਲਾਜ਼ਮ ਤੇ ਪੱਤਰਕਾਰ ਵੀ ਜ਼ਖ਼ਮੀ ਹੋ ਗਏ ਹਨ। ਗਾਜ਼ੀਪੁਰ, ਆਈਟੀਓ ਅਤੇ ਨਾਂਗਲੋਈ ਵਿਚ ਕਿਸਾਨਾਂ ਨੇ ਪੁਲਿਸ ਦੀ ਮੌਜੂਦਗੀ ਵਿਚ ਹੀ ਬੈਰੀਕੇਡ ਤੋੜ ਦਿੱਤੇ।




ਉਸਤਾਦ ਨਰਿੰਦਰ 'ਖੇਦੀ' ਅਤੇ ਉਨ੍ਹਾਂ ਦੇ ਸ਼ਗਿਰਦ ਜੋਗਿੰਦਰ ਕੁਮਾਰ 'ਸਾਜਨ' ਦੇ ਲਿਖੇ ਗੀਤ ਗੁਰੂਆਂ, ਪੀਰਾਂ, ਪੈਗੰਬਰਾਂ ਨੂੰ ਸਮਰਪਿਤ ਸਿੱਧੇ ਸਾਦੇ ਬੋਲਾਂ 'ਚ ਲਿਖੇ ਗੀਤ ਹਨ, ਜਿਹਨਾਂ ਨੂੰ ਸਮੇਂ-ਸਮੇਂ ਸਟੇਜਾਂ ਉਤੇ ਬਹੁਤ ਗਾਇਆ ਗਿਆ ਹੈ। ਲੋਕਾਂ ਦੀ ਬੋਲੀ 'ਚ, ਲੋਕ ਹਿਰਦਿਆਂ 'ਚ ਸਮਾਏ ਇਹ ਗੀਤ ਧਰਤੀ ਨਾਲ ਜੁੜੇ ਉਨ੍ਹਾਂ ਲੋਕਾਂ ਦੇ ਮਨਾਂ ਦੀ ਵਾਰਤਾ ਹਨ, ਜਿਹੜੇ ਸਮੇਂ-ਸਮੇਂ ਤਕੜਿਆਂ ਵੱਲੋਂ ਲਿਤਾੜੇ ਜਾਂਦੇ ਰਹੇ ਹਨ। ਆਸ ਹੈ ਪੰਜਾਬੀ ਪਿਆਰੇ ਇਨ੍ਹਾਂ ਗੀਤਾਂ ਨੂੰ ਆਪਣੇ ਹਿਰਦਿਆਂ 'ਚ ਸਤਿਕਾਰ ਨਾਲ ਥਾਂ ਦੇਣਗੇ।

## ਮੇਰੇ ਮਨ ਵਿਚ ਤੂੰਬਾ ਵਜਦਾ ਏ

ਮੇਰੇ ਮਨ ਵਿਚ ਤੂੰਬਾ ਵਜਦਾ ਏ

ਇਹ ਤੂੰਬਾ ਸਤਿਗੁਰ ਤੋਂ ਸੁਣਿਆ, ਸੁਣ ਜੀ ਨਾ ਰਜਦਾ ਏ, ਮੇਰੇ ਮਨ ਵਿਚ ਤੂੰਬਾ ਵਜਦਾ ਏ॥

ਇਹ ਤੂੰਬਾ ਕਿਤੇ ਨਜ਼ਰੀਂ ਨੀ ਆਉਂਦਾ, ਖਬਰੇ ਤੂੰਬਾ ਕੌਣ ਵਜਾਉਂਦਾ

ਸੁਣ ਸੁਣ ਇਹਨੂੰ ਚੜ੍ਹਦੀ ਮਸਤੀ ਭਾਂਤ-ਭਾਂਤ ਦੇ ਗੀਤ ਸੁਣਾਉਂਦਾ

ਜਿਹੜਾ ਤੂੰਬਾ ਮੀਰਾ ਸੁਣਿਆ ਇਹ ਤੂੰਬਾ ਉਹੀ ਲਗਦਾ ਏ, ਮੇਰੇ ਮਨ ਵਿਚ ਤੂੰਬਾ ਵਜਦਾ ਏ

ਇਸ ਤੂੰਬੇ ਦੀ ਤਾਰ ਨਾ ਕੋਈ, ਜਗ ਨੂੰ ਇਹਦੀ ਸਾਰ ਨਾ ਕੋਈ

ਨਾ ਮੜਿਆ ਨਾ ਲਾਈਆਂ ਮੇਖਾਂ, ਫਿਰਦਾ ਬੁਕਲ ਵਿਚ ਲਕੋਈ,

ਜਦ ਇਹ ਪੂਰੀ ਤਾਨ ਤੇ ਆਉਂਦਾ, ਬਦਲਾਂ ਵਾਂਗੂੰ ਗਜਦਾ ਏ ਮੇਰੇ ਮਨ ਵਿਚ ਤੂੰਬਾ ਵਜਦਾ ਏ॥

ਇਹ ਤੂੰਬਾ ਰਵਿਦਾਸ ਗੁਰੂ ਨੇ ਬਹਿ ਕੇ ਕਾਸ਼ੀ ਵਿਚ ਵਜਾਇਆ

ਇਹ ਤੂੰਬਾ ਗੁਰੂ ਨਾਨਕ ਜੀ ਨੇ ਘਰ ਘਰ ਫਿਰ ਕੇ ਬੜਾ ਸੁਣਾਇਆ

ਇਹ ਪੰਜਾ ਦਾ ਸੁੰਦਰ ਕੋਠਾ ਇਸ ਤੂੰਬੇ ਨਾਲ ਸਜਦਾ ਏ, ਮੇਰੇ ਮਨ ਵਿਚ ਤੂੰਬਾ ਵਜਦਾ ਏ॥

ਇਹ ਤੂੰਬਾ ਮੇਰੇ ਮਨ ਵਸਿਆ ਅੰਦਰੋਂ ਅੰਦਰੀਂ 'ਸਾਜਨ' ਹਸਿਆ

ਮਨ ਮੰਦਰ ਵਿਚ ਚਾਨਣ ਹੋਇਆ ਜਨਮ ਜਨਮ ਦਾ ਨ੍ਹੇਰਾ ਨਸਿਆ

ਸਤਿਗੁਰ ਬਾਝੋਂ ਇਸ ਤੂੰਬੇ ਦਾ ਭੇਤ ਕਿਤੇ ਨਾ ਲਜਦਾ ਏ, ਮੇਰੇ ਮਨ ਵਿਚ ਤੂੰਬਾ ਵਜਦਾ ਏ...

**ਬਹੁਤ ਹੀ ਸਤਿਕਾਰਿਤ ਸ਼ਖਸੀਅਤ ਜੋਗਿੰਦਰ ਕੁਮਾਰ 'ਸਾਜਨ' ਦੇ ਅਕਾਲ ਚਲਾਣਾ ਕਰ ਜਾਣ ਤੇ ਅਦਾਰਾ ਦੇਸ਼ ਦੁਆਬਾ ਦਿਲੀ ਦੁੱਖ ਪ੍ਰਗਟ ਕਰਦਾ ਹੈ ਅਤੇ ਸਾਜਨ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੈ।**

# ਦੋ ਸ਼ਬਦ

ਲੋਕ ਕਵੀ ਉਸਤਾਦ ਨਰੇਂਦਰ 'ਖੇਦੀ' ਲੋਕਾਂ ਸੰਗ ਪ੍ਰਣਾਇਆ ਕਵੀ ਸੀ, ਜੋ ਸਾਰੀ ਉਮਰ ਲੋਕਾਂ ਦੇ ਦਰਦ, ਤਕਲੀਫਾਂ, ਔਖਿਆਈਆਂ, ਲੋੜਾਂ ਨੂੰ ਆਪਣੀ ਨਸ਼ਤਰੀ ਕਲਮ ਨਾਲ ਉਜਾਗਰ ਕਰਦਾ ਰਿਹਾ। ਅੰਬਰ ਉਸਦਾ ਪਹਿਲਾ ਕਾਵਿ ਸੰਗ੍ਰਹਿ ਸੀ, ਜਿਸ ਵਿਚ ਉਸ ਨੇ ਆਪਣੀ 40 ਸਾਲਾਂ ਦੇ ਜੀਵਨ-ਸਫਰ ਵਿਚ ਲਿਖੀਆਂ ਲਿਖਤਾਂ ਨੂੰ ਸ਼ਾਮਲ ਕੀਤਾ ਹੈ। ਇਹ ਕਵਿਤਾਵਾਂ ਜਿੱਥੇ ਕਵੀ ਦੇ ਮਨ ਦੀ ਮੌਜ ਹਨ, ਉਥੇ ਉਸਦੇ ਆਪਣੇ ਸ਼ਬਦਾਂ ਵਿਚ ਲੋਕਾਂ ਲਈ ਇਕ ਭਰਵਾਂ ਸੁਨੇਹਾ ਹਨ। ਅੰਬਰ ਕਾਵਿ-ਸੰਗ੍ਰਹਿ ਦੇ ਆਪੇ ਲਿਖੇ ਮੁਖਬੰਦ 'ਮੁਕੱਦਮਾ' ਵਿਚ ਉਹ ਲਿਖਦਾ ਹੈ, ''ਕਿ ਕਵੀ ਸਮੇਂ ਦਾ ਪੈਗੰਬਰ ਅਰਥਾਤ ਸੁਨੇਹਾ ਦੇਣ ਵਾਲਾ ਹੈ, ਸੁਨੇਹਾ ਕਿਸਦਾ ਜਿਸਨੇ ਪਤਾ ਨਹੀਂ ਕਿਸੇ ਆਨੰਦੀ ਮੌਜ ਵਿਚ ਆ ਕੇ ਜਾਂ ਅੱਤ ਕਹਿਰਾਂ ਭਰੇ ਵੇਗ ਵਿਚ ਸ੍ਰਿਸ਼ਟੀ ਦਾ ਸੰਚਾਰ ਕੀਤਾ ਹੈ।''


ਜੋਗਿੰਦਰ ਕੁਮਾਰ 'ਸਾਜਨ'

ਪਰਮ ਸੰਤ ਸ੍ਰੀ ਹਰੀ ਦਾਸ ਜੀ ਦੇ ਗ੍ਰਹਿ ਵਿਖੇ ਪਿੰਡ ਸੁੰਨੜ ਖੁਰਦ (ਜਲੰਧਰ) ਵਿਖੇ 1924 ਈ. 'ਚ ਜਨਮੇ ਕਵੀ 'ਖੇਦੀ' ਦਾ ਮੁੱਢਲਾ ਕਵੀ ਜੀਵਨ ਗੀਤਕਾਰ ਦੇ ਰੂਪ ਵਿਚ ਉਭਰਿਆ ਅਤੇ ਉਸਨੇ ਸੈਂਕੜੇ ਗੀਤ ਲਿਖੇ। ਆਪਣੇ ਖਾਨਦਾਨੀ ਵਿਰਸੇ ਨੂੰ ਅੱਗੇ ਲੈ ਕੇ ਜਾਂਦਿਆਂ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਆਦਿ ਮਸਲਿਆਂ ਬਾਰੇ ਉਨ੍ਹਾਂ ਦੀ ਖੋਜ ਵਿਦਵਤਾ ਵਾਲੀ ਰਹੀ। ਇਸੇ ਵਿਦ-ਵਤਾ ਭਰੀ ਖੋਜ ਦੇ ਵੇਗ ਵਿਚ ਉਹਨਾਂ ਦਾ ਕਾਵਿ-ਮਨ ਕਵਿਤਾਵਾਂ, ਗੀਤ ਸਿਰਜਦਾ ਰਿਹਾ ਅਤੇ ਉਹ ਲੋਕਾਂ ਦੇ ਅੰਗ-ਸੰਗ ਰਹਿ ਕੇ ਉਹਨਾਂ ਬਾਰੇ ਲਿਖਦਾ ਰਿਹਾ। ਉਹਦੇ ਆਪਣੇ ਸ਼ਬਦਾਂ ਵਿਚ ਕਿ ਅਸਲ ਕਵੀ ਦੀ ਗੱਲ ਭਾਵੇਂ ਮੁਟਿਆਰ ਸੋਹਣੀ, ਹੀਰ ਆਦਿ ਤੋਂ ਸ਼ੁਰੂ ਹੋਈ ਹੋਵੇ, ਪਰ ਉਸਦੀ ਅਸਲ ਗੱਲ ਉਦੋਂ ਹੀ ਸ਼ੁਰੂ ਹੁੰਦੀ ਹੈ ਜਦੋਂ ਨਿਰੋਲ ਲੋਕ ਹਿੱਤਾਂ ਦੀ ਗੱਲ ਸੋਚੇ।ਤਦੇ ਉਸਤਾਦ 'ਖੇਦੀ' ਲੋਕ ਹਿੱਤਾਂ ਦਾ ਪਹਿਰੇਦਾਰ ਬਣ ਕੇ ਵਿਚਰਦਾ ਰਿਹਾ।

'ਗੀਤ ਗੁਰਾਂ ਦੇ ਗਾਈਏ' ਪੁਸਤਕ ਵਿਚ ਉਨ੍ਹਾਂ ਦੇ ਸ਼ਗਿਰਦ ਜੋਗਿੰਦਰ ਕੁਮਾਰ 'ਸਾਜਨ' ਨੇ 32 ਗੀਤ ਇਕੱਠੇ ਕੀਤੇ ਹਨ ਅਤੇ ਉਨ੍ਹਾਂ ਦੇ ਆਪਣੇ 42 ਗੀਤ ਵੀ ਇਸ ਸੰਗ੍ਰਹਿ 'ਚ ਸ਼ਾਮਲ ਹਨ।

ਗੁਰੂ ਰਵਿਦਾਸ, ਗੁਰੂ ਨਾਨਕ, ਦਸਮ ਪਿਤਾ, ਮਾਤਾ ਗੁਜਰੀ, ਗੁਰਬਾਣੀ ਪ੍ਰਤੀ ਸ਼ਰਧਾ, ਸਿੱਖ ਸੂਰਮਿਆਂ ਅਤੇ ਲੋਕ ਬਖੇੜਿਆਂ ਪ੍ਰਤੀ ਚੀਰ ਫਾੜ ਉਸਦੇ ਗੀਤਾਂ ਦਾ ਮੁੱਖ ਵਿਸ਼ਾ ਹਨ, ਜਿਨ੍ਹਾਂ ਨੂੰ ਗੀਤਕਾਰ 'ਖੇਦੀ' ਨੇ ਪੂਰੇ ਲੈਅ 'ਚ ਗਾਇਆ ਵੀ, ਨਿਭਾਇਆ ਵੀ ਅਤੇ ਲਿਖਿਆ ਵੀ ਲੋਕ ਬੋਲੀ 'ਚ ਹੈ। ਉਨ੍ਹਾਂ ਦੇ ਸ਼ਗਿਰਦ ਜੋਗਿੰਦਰ ਕੁਮਾਰ 'ਸਾਜਨ' ਨੇ ਵੀ ਇਸ ਪੁਸਤਕ ਵਿਚ ਸ਼ਾਮਲ ਆਪਣੇ ਗੀਤਾਂ 'ਚ ਵੱਖੋ-ਵੱਖਰੇ ਵਿਸ਼ਿਆਂ ਨੂੰ ਛੋਹ ਕੇ ਪੂਰੀ ਤਰ੍ਹਾਂ ਨਿਭਾਇਆ ਹੈ ਅਤੇ ਆਪਣੇ ਉਸਤਾਦ ਦੇ ਕਦਮ ਚਿੰਨ੍ਹਾਂ ਤੇ ਚੱਲਦਿਆਂ ਇਕ ਸੂਝਵਾਨ, ਸ਼ਰਧਾਵਾਨ ਸ਼ਗਿਰਦ ਹੋਣ ਦਾ ਸਬੂਤ ਦਿੱਤਾ ਹੈ।

ਗੀਤ, ਮਨੁੱਖ ਦੇ ਮਨ 'ਚ ਉਪਜੇ ਉਹ ਵਿਚਾਰ ਹੁੰਦੇ ਹਨ, ਜਿਹੜੇ ਜੀਵਨ ਸੰਘਰਸ਼ ਕਰਦਿਆਂ, ਆਲੇ-ਦੁਆਲੇ 'ਚ ਵਿਚਰਦਿਆਂ ਆਪ ਮੁਹਾਰੇ ਮਨ 'ਚ ਇਕ ਫੁਰਨੇ ਵਾਂਗਰ ਫੁਰਦੇ ਹਨ। ਗੀਤ ਮਨ ਦਾ ਅਕਸ ਹੁੰਦੇ ਹਨ, ਸਮਾਜ ਦਾ ਦਰਪਨ, ਜਿਸਨੂੰ ਸੰਗੀਤਕ ਵਿਧਾ 'ਚ ਲਿਖ ਕੇ ਕਵੀ ਮਨ ਦੀ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਕਵੀ ਮਨ ਦੀ ਸੰਤੁਸ਼ਟੀ ਜੇਕਰ ਲੋਕ ਮਨਾਂ 'ਚ ਵੇਦਨਾ, ਸੰਗੀਤਕ ਲੈਅ ਪੈਦਾ ਕਰਦੀ ਹੈ, ਉਸਨੂੰ ਹੁਲਾਰਾ ਦਿੰਦੀ ਹੈ ਤਾਂ ਸਮਝੋ ਕਵੀ, ਗੀਤਕਾਰ ਦੀ ਕਲਮ ਸਫਲ ਹੋ ਜਾਂਦੀ ਹੈ।

ਉਸਤਾਦ ਨਰਿੰਦਰ 'ਖੇਦੀ' ਅਤੇ ਉਹਨਾਂ ਦਾ ਸ਼ਗਿਰਦ ਜੋਗਿੰਦਰ ਕੁਮਾਰ 'ਸਾਜਨ' ਆਪਣੇ ਲਿਖਣ ਕਾਰਜ ਵਿਚ ਸਫਲ ਹੋਏ ਦਿੱਸਦੇ ਹਨ ਕਿਉਂਕਿ ਉਨ੍ਹਾਂ ਦੇ ਗੀਤ, ਲੋਕਾਂ ਦੇ ਮੂੰਹੋਂ ਲੋਕ ਗੀਤਾਂ ਵਾਂਗਰ ਉਚਾਰੇ ਗਏ ਹਨ।

# BIOGRAPHY JOGINDER KUMAR SAJAN

Birth: 4/7/1935
Birth place: Village Chachrari, Dist. Jallandhar
Parents: Father Nama Ram - Mother Ratni
Spouse: Amar Kaur
Children: 4 (Three daughters and one son)
Education: Primary education at Government High School, Phillaur
F.A. from Arya College, Ludhiana
J.B.T. from Punjab University
Job: School teacher at village Lambra, Distt. Jallandhar for 6 months only (Then he got sick and lost eyesight)

During his early life, he was fond of singing. In school and college life, he used to take part in dramas and singing activities. After his eye sight was gone, he met Narinder Khedi, a famous poet of his time, and learned songs writing and singing Punjabi folk songs from him. Mr. Sajan recorded many religious and Punjabi folk songs. His well wishers praised him a lot like Paramjit Bhutta who helped him release a book "GEET GURAN DE GAYEY" in which he recorded 32 songs with 42 of his guru Narinder Khedi. He was in close contact with Shri Bhulla Ram Chann Gorayanwala who helped him to record many religious and Punjabi folk songs too.

Sajan visited England and U.S.A. in the years 1995-96. During his stay in U.S.A., he performed his talent at Shri Guru Ravidass Temple in Pittsburg California and Guru Ravidass Temple, New York.

During last days of his life, he was sick for a few months and finally breathed his last on January 18, 2021.



We pray to the Almighty Father to grant peace to his soul in Heavens and give encouragement to the bereaved family and his well wishers to bear this loss.

**Bansi Lal Bangar**
**1670 Fir Avenue,**
**Clovis, CA 93611**
**(559)216-5040**

## ਤੂੰਬਾ ਮੀਰਾ ਦਾ

ਤੂੰਬਾ ਮੀਰਾ ਦਾ ਸੋਹੰ ਸੋਹੰ ਕਹਿੰਦਾ
ਬਹਿੰਦਿਆਂ ਉਠਦਿਆਂ ਸ਼ਾਮ ਸਵੇਰੇ ਨਾਮ ਰਵੀ ਦਾ ਲੈਂਦਾ
ਤੂੰਬਾ ਮੀਰਾ ਦਾ ਸੋਹੰ ਸੋਹੰ ਕਹਿੰਦਾ ..

ਤੋੜ ਕੇ ਮਨ 'ਚੋਂ ਮੋਹ ਦੀਆਂ ਤੰਦਾਂ ਪ੍ਰੀਤ ਰਵੀ ਨਾਲ ਪਾਣੀ
ਮਨ ਮੰਦਿਰ ਵਿਚ ਸੱਚੇ ਗੁਰੂ ਦੀ ਸੱਚੀ ਜੋਤ ਜਗਾਈ
ਐਸਾ ਰੰਗ ਰੰਗਾਇਆ ਮੀਰਾ ਜਿਹੜਾ ਕਦੇ ਨੀ ਲਹਿੰਦਾ
ਤੂੰਬਾ ਮੀਰਾ ਦਾ ਸੋਹੰ ਸੋਹੰ ਕਹਿੰਦਾ ..

ਦੌਰੀ ਵਿਚੋਂ ਪਾਣੀ ਪੀ ਕੇ ਠਰ ਗਈ ਜਿੰਦ ਨਿਮਾਣੀ
ਊਚ-ਨੀਚ ਤੇ ਜਾਤ-ਪਾਤ ਦੀ ਦਿਲ 'ਚੋਂ ਗਈ ਕਹਾਣੀ
ਸਤਿਗੁਰੂ ਬਾਜੋਂ ਕੂੜ ਕਪਟ ਦਾ ਬੁਰਜ ਕਦੇ ਨੀ ਢਹਿੰਦਾ
ਤੂੰਬਾ ਮੀਰਾ ਦਾ ਸੋਹੰ ਸੋਹੰ ਕਹਿੰਦਾ ..

ਇਕੋ ਸੱਚਾ ਨਾਮ ਗੁਰੂ ਦਾ ਝੂਠੇ ਹੋਰ ਪਸਾਰੇ
ਮੋਹ ਮਾਇਆ ਵਿਚ ਫਸ ਕੇ ਬੰਦਾ ਝੂਠੇ ਜਾਲ ਖਿਲਾਰੇ
ਇਸ ਦੁਨੀਆਂ ਦੇ ਮੇਲੇ ਵਿਚੋਂ ਸਭ ਨੂੰ ਜਾਣਾ ਪੈਂਦਾ
ਤੂੰਬਾ ਮੀਰਾ ਦਾ ਸੋਹੰ ਸੋਹੰ ਕਹਿੰਦਾ ..

ਮਨ ਦੀਆਂ ਤਾਰਾਂ ਪਾ ਕੇ ਤਨ ਦਾ ਤੂੰਬਾ ਜਦੋਂ ਬਜਾਵੇ
ਰੋਮ ਰੋਮ ਵਿਚ ਰੂਪ ਰਵੀ ਦਾ 'ਸਾਜਨ' ਨਜ਼ਰੀਂ ਆਵੇ
ਨੈਣਾਂ ਦੇ ਵਿਚ ਨੂਰੀ ਮੁਖੜਾ ਹਰ ਦਮ ਵਸਿਆ ਰਹਿੰਦਾ
ਤੂੰਬਾ ਮੀਰਾ ਦਾ ਸੋਹੰ ਸਤਿਨਾਮ ਕਹਿੰਦਾ ..

## ਜਨਮਾਂ ਦੇ ਰੋਗ ਮੁੱਕ ਗਏ

ਜਾ ਕੇ ਗੁਰੂ ਦਾ ਦੀਦਾਰ ਜਦੋਂ ਪਾਇਆ ਜਨਮਾਂ ਦੇ ਰੋਗ ਮੁੱਕ ਗਏ।
ਪਾਣੀ ਜਦੋਂ ਮੈਨੂੰ ਦੌਰੀ ਦਾ ਪਿਲਾਇਆ ਜਨਮਾਂ ਦੇ ਰੋਗ ਮੁੱਕ ਗਏ।

ਐਵੇਂ ਤੀਰਥਾਂ ਤੇ ਰਹੀ ਜਿੰਦ ਰੋਲਦੀ
ਰਹੀ ਮੰਦਰਾਂ ਸ਼ਿਵਾਲਿਆਂ 'ਚ ਟੋਲਦੀ
ਭਾਗ ਆਣ ਕੇ ਕੁੱਲ੍ਹੀ ਨੂੰ ਉਹਨੇ ਲਾਇਆ
ਜਨਮਾਂ ਦੇ ਰੋਗ ਮੁੱਕ ਗਏ ...

ਜਿਹਨੂੰ ਕਹਿੰਦੇ ਸੀ ਚਮਾਰ ਜੋੜੇ ਗੰਢਦਾ
ਉਹ ਤਾਂ ਮਿਹਰਾਂ ਦੇ ਖਜ਼ਾਨੇ ਪਿਆ ਵੰਡਦਾ
ਮੇਰਾ ਪਲਾਂ ਵਿਚ ਭਰਮ ਗੁਆਇਆ
ਜਨਮਾਂ ਦੇ ਰੋਗ ਮੁੱਕ ਗਏ ...

ਰਾਤਾਂ ਮੁੱਕ ਗਈਆਂ ਜਿੰਦ ਵਿਚੋਂ ਕਾਲੀਆਂ
ਮੇਰੇ ਆਸੇ ਪਾਸੇ ਨੂਰੀ ਜੋਤ ਵਾਲੀਆਂ
ਮੇਰੇ ਜਨਮਾਂ ਦੇ ਨੇਰ ਗੁਆਇਆ
ਜਨਮਾਂ ਦੇ ਰੋਗ ਮੁੱਕ ਗਏ ...

ਖੈੜ੍ਹਾ ਛੱਡ ਦਿੱਤਾ ਮੈਂ ਤਾਂ ਸਾਰੇ ਜੱਗ ਦਾ
ਮੈਨੂੰ ਗੁਰੂ ਬਾਜੋਂ ਚੰਗਾ ਨਈ ਕੋਈ ਲੱਗਦਾ
ਮੈਂ ਤਾਂ ਇਕੋ ਵੱਸ 'ਸਾਜਨ' ਨੂੰ ਬਣਾਇਆ
ਜਨਮਾਂ ਦੇ ਰੋਗ ਮੁੱਕ ਗਏ ਪਾਣੀ ਜਦੋਂ ਮੈਨੂੰ ਦੌਰੀ ਦਾ ਪਿਲਾਇਆ।

# ਗੱਲ ਜਾਰੀ ਏ ਪੰਜਾਬ ਦੀ ਬਰਬਾਦੀ ਦੀ?



ਜਸਵੰਤ ਸਿੰਘ 'ਅਜੀਤ'
91 9 827-19890

ਕੇਂਦਰ ਸਰਕਾਰ ਵਲੋਂ ਬਣਾਏ ਗਏ ਖੇਤੀ ਕਾਨੂੰਨਾਂ, ਜਿਨ੍ਹਾਂ ਨੂੰ ਕਿਸਾਨਾਂ ਦੇ ਵੱਡੇ ਹਿਤਾਂ ਵਿਰੁਧ ਮੰਨਿਆ ਜਾ ਰਿਹਾ ਹੈ, ਦੇ ਵਿਰੁਧ ਅੱਜ ਭਾਵੇਂ ਸਮੁਚੇ ਦੇਸ਼ ਦੇ ਕਿਸਾਨ ਇੱਕ-ਜੁਟ ਹੋ ਸੰਘਰਸ਼ ਦੇ ਰਾਹ ਤੇ ਪੈ ਗਏ ਹੋਏ ਹਨ, ਪ੍ਰੰਤੂ ਸੱਚਾਈ ਇਹੀ ਹੈ ਕਿ ਇਸ ਸੰਘਰਸ਼ ਦੀ ਪਹਿਲ ਪੰਜਾਬ ਦੇ ਕਿਸਾਨਾਂ ਨੇ ਹੀ ਕੀਤੀ ਹੈ ਅਤੇ ਬੀਤੇ ਲਗਭਗ ਚਾਰ ਮਹੀਨਿਆਂ ਤੋਂ ਉਹੀ ਦੇਸ਼ ਦੇ ਸਮੁੱਚੇ ਕਿਸਨਾਂ ਦੀ ਅਗਵਾਈ ਸੰਭਾਲੀ ਚਲੇ ਆ ਰਹੇ ਹਨ। ਇਸਦਾ ਕਾਰਣ ਇਹ ਹੈ ਕਿ ਅੱਜ ਦੇ ਪੰਜਾਬ ਦੇ ਬਹੁਤੇ ਕਿਸਾਨ ਪੜ੍ਹੇ-ਲਿਖੇ ਹਨ। ਉਨ੍ਹਾਂ ਨੇ ਹੀ ਇਨ੍ਹਾਂ ਕਾਨੂੰਨਾਂ ਨੂੰ ਪੜ੍ਹਿਆ, ਘੋਖਿਆ ਅਤੇ ਸਮਝਿਆ। ਕਿਸਾਨ ਕਾਨੂੰਨਾਂ ਦੀ ਘੋਖ ਕਰਨ ਉਪਰੰਤ ਉਨ੍ਹਾਂ ਸਮਝਿਆ ਕਿ ਇਹ ਕਾਨੂੰਨ ਜ਼ਹਿਰ ਲਿਬੜੀ ਮਿਠੀ ਗੋਲੀ ਹੈ, ਜੋ ਕਿਸਾਨ ਨੂੰ ਖੁਆ, ਉਸਦੀ ਬਰਬਾਦੀ ਦਾ ਬਾਨ੍ਹਣੂ ਬੰਨਿਆ ਗਿਆ ਹੈ। ਇਹ ਗਲ ਸਾਮ੍ਹਣੇ ਆਉਂਦਿਆਂ ਹੀ ਉਨ੍ਹਾਂ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਸਰਕਾਰ ਰ੍ਹਿਧ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਵਲੋਂ ਚੁਕੀ ਆਵਾਜ਼ ਨੂੰ ਹਰਿਆਣਾ ਦੇ ਕਿਸਨਾਂ ਨੇ ਵੀ ਸੁਣਿਆ ਤੇ ਸਮਝਿਆ ਫਲਸਰੂਪ ਉਹ ਵੀ ਉਨ੍ਹਾਂ ਨਾਲ ਆ ਖੜੇ ਹੋਏ। ਇਸ ਸਾਂਝ ਦੇਸ਼ ਭਰ ਦੇ ਕਿਸਾਨਾਂ ਪੁਰ ਅਸਰ ਹੋਇਆ ਤੇ ਉਹ ਵੀ ਜ਼ਹਿਰ ਲਿਬੜੀ ਮਿਠੀ ਗੋਲੀ ਦੀ ਸੱਚਾਈ ਜਾਣ ਉਨ੍ਹਾਂ ਨਾਲ ਆ ਜੁੜੇ। ਇਸ ਉਭਰੀ ਅਦੁੱਤੀ ਕਿਸਾਨੀ ਸਾਂਝ ਨੇ ਸਰਕਾਰ ਨੂੰ ਹਿਲਾ ਕੇ ਰਖ ਦਿੱਤਾ। ਫਲਸਰੂਪ ਇਸ ਸਾਂਝ ਨੂੰ ਤੋੜਨ ਲਈ ਉਸਨੇ ਇਨ੍ਹਾਂ ਕਿਸਾਨਾਂ ਦੀ ਅਗਵਾਈ ਕਰ ਰਹੇ ਪੰਜਾਬ ਦੇ ਕਿਸਾਨਾਂ ਨੂੰ 'ਖਾਲਿਸਤਾਨੀ, ਅੱਤਵਾਦੀ, ਮਾਊਵਾਦੀ ਆਦਿ ਕਈ ਦੇਸ਼-ਵਿਰੋਧੀ 'ਸਰਟੀਫਿਕੇਟ' ਦੇ ਕੇ ਦੇਸ਼ ਦੇ ਦੂਸਰੇ ਹਿਸਿਆਂ ਦੇ ਕਿਸਾਨਾਂ ਨੂੰ ਉਨ੍ਹਾਂ ਨਾਲੋਂ ਤੋੜਨ ਦੀ ਕੌਸ਼ਿਸ਼ ਕੀਤੀ। ਪ੍ਰੰਤੂ ਉਹ ਕਿਸਾਨ, ਜੋ ਸੱਚਾਈ ਨੂੰ ਸਮਝ ਚੁਕੇ ਹੋਏ ਸਨ, ਸਰਕਾਰ ਦੇ ਦੁਸ਼-ਪ੍ਰਚਾਰ ਦਾ ਸ਼ਿਕਾਰ ਨਾ ਹੋ ਸਕੇ। ਸਰਕਾਰ ਦੇ ਦੁਸ਼-ਪ੍ਰਚਾਰ ਦਾ ਜਵਾਬ ਉਨ੍ਹਾਂ ਨੇ ਛਾਤੀ ਤੇ ਹੱਥ ਮਾਰ ਇਹ ਕਹਿ ਕੇ ਦਿੱਤਾ ਕਿ 'ਇਹ ਖਾਲਿਸਤਾਨੀ ਹਨ ਤਾਂ ਮੈਂ ਵੀ ਖਾਲਿਸਤਾਨੀ ਹਾਂ'।

ਇਹ ਕਾਲਮ ਲਿਖੇ ਜਾਣ ਤਕ ਸਰਕਾਰ ਵਲੋਂ ਕਿਸਾਨਾਂ ਨੂੰ ਲੁਭਾਣ ਲਈ, ਉਨ੍ਹਾਂ ਨਾਲ ਦਸ ਬੈਠਕਾਂ ਕਰ ਅਤੇ ਯਾਰ੍ਹਵੀਂ ਬੈਟਕ ਲਈ ਵੀ ਤਾਰੀਖ ਮਿਥ ਚੁਕੀ ਹੈ। ਦੇਸ਼ ਦੇ ਆਰਥਕ ਮਾਹਿਰਾਂ ਅਨੁਸਾਰ ਖੇਤੀ ਦੀ ਉਪਜ ਦੇ ਮਾਮਲੇ ਤੇ ਪੰਜਾਬ ਭਾਵੇਂ ਤੀਜੇ ਨੰਬਰ ਤੇ ਹੈ, ਪ੍ਰੰਤੂ ਉਸਦੀ ਸਮੁਚੀ ਆਰਥਕਤਾ ਖੇਤੀ ਪੁਰ ਨਿਰਭਰ ਹੈ। ਜਿਸ ਕਾਰਣ ਪੰਜਾਬ ਦੀ ਆਰਥਕਤਾ ਪੁਰ ਨਜ਼ਰ ਰਖਣ ਵਾਲੇ ਮਾਹਿਰ ਇਨ੍ਹਾਂ ਖੇਤੀ ਕਾਨੂੰਨ ਪੰਜਾਬ ਲਈ ਬਹੁਤ ਹੀ ਘਾਤਕ ਅਤੇ ਉਸਦੀ ਆਰਥਕਤਾ ਪੁਰ ਮਾਰੂ ਹਮਲਾ ਕਰਾਰ ਦਿੰਦੇ ਹਨ।

ਪੰਜਾਬ ਵਿਰੋਧੀ ਮੁਹਿੰਮ ਕਈ ਦਹਾਕਿਆਂ ਤੋਂ ਜਾਰੀ ਹੈ। ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ, ਜੋ ਰਾਜਸੀ ਸੋਚ ਦੇ ਅਧਾਰ 'ਤੇ ਕਿਸੇ ਵੀ ਪਾਰਟੀ ਨਾਲ ਸੰਬੰਧਤ ਨਹੀਂ, ਫਿਰ ਵੀ ਸਮੇਂ-ਸਮੇਂ ਦੇਸ਼, ਸਮਾਜ, ਸਿੱਖ ਜਗਤ ਅਤੇ ਪੰਜਾਬ ਨਾਲ ਜੁੜੀਆਂ ਚਲੀਆਂ ਆਉਂਦੀਆਂ ਸੱਮਸਿਆਵਾਂ ਪੁਰ ਆਪਣੀ ਬੇ-ਬਾਕ ਰਾਇ ਦਿੰਦੇ ਰਹਿੰਦੇ ਹਨ, ਨੇ ਸਰਕਾਰ ਵਲੋਂ ਬਣਾਏ ਗਏ, ਖੇਤੀ ਕਾਨੂੰਨਾਂ ਦੇ ਪੰਜਾਬ ਪੁਰ ਪੈਣ ਵਾਲੇ ਨਕਾਰਾਤਮਕ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਨੂੰ ਪੰਜਾਬ-ਵਿਰੋਧੀ ਸੋਚੀ-ਸਮਝੀ ਸਾਜ਼ਿਸ਼ ਦਾ ਹੀ ਇਕ ਹਿੱਸਾ ਕਰਾਰ ਦਿੱਤਾ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਪੰਜਾਬ ਨੂੰ ਤਬਾਹ ਤੇ ਬਰਬਾਦ ਕਰ ਦੇਣ ਦੀ ਕਾਫੀ ਸਮੇਂ ਤੋਂ ਚਲਦੀ ਆ ਰਹੀ ਸੋਚੀ-ਸਮਝੀ ਰਣਨੀਤੀ ਦੇ ਤਹਿਤ ਹੀ ਕਦਮ ਅਗੇ ਵਧਾਇਆ ਗਿਆ ਹੈ। ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਸ਼ਾਇਦ ਇਹ ਕਹਾਣੀ ਉਸ ਸਮੇਂ ਸ਼ੁਰੂ ਹੋਈ ਜਦੋਂ ਪੰਜਾਬੀਆਂ ਵਲੋਂ ਕੀਤੇ ਗਏ ਇੱਕ ਲੰਮੇਂ ਸੰਘਰਸ਼ ਤੋਂ ਬਾਅਦ 'ਲੰਗੜੇ ਪੰਜਾਬੀ ਸੂਬੇ' ਦੇ ਰੂਪ ਵਿੱਚ ਪੰਜਾਬੀਆਂ ਨੂੰ 'ਲਾਲੀਪਾਪ' ਥਮਾਇਆ ਗਿਆ ਸੀ। ਉਨ੍ਹਾਂ ਇਹ ਵੀ ਸ਼ੰਕਾ ਪ੍ਰਗਟ ਕੀਤੀ ਕਿ ਇਸੇ ਸੋਚੀ-ਸਮਝੀ ਰਣਨੀਤੀ ਦੇ ਅਧਾਰ ਤੇ ਹੀ ਪੰਜਾਬ ਵਿੱਚ ਅੱਤਵਾਦ ਉਭਾਰ, ਪੰਜਾਬ ਦੇ ਸਦਭਾਵਨਾ ਪੂਰਣ ਵਾਤਾਵਰਣ ਵਿੱਚ ਅੱਗ ਲਾ, ਉਸਨੂੰ ਹਵਾ ਦਿੱਤੀ ਗਈ।

ਜਸਟਿਸ ਸੋਢੀ ਨੇ ਹੋਰ ਕਿਹਾ ਕਿ ਪੰਜਾਬ ਵਿੱਚ ਵੱਧੇ ਅਤਿਵਾਦ ਦੀ ਅੱਗ, ਜਿਸਦੇ ਵਿਰੁਧ ਲੜਾਈ ਸਿੱਧੀ ਕੇਂਦਰ ਦੀ ਆਪਣੀ ਸੀ, ਉਸ ਅੱਗ ਨੂੰ ਬੁਝਾਣ ਵਿੱਚ ਪੰਜਾਬੀਆਂ ਦੇ ਮਿਲੇ ਸਹਿਯੋਗ ਨੂੰ ਨਜ਼ਰ-ਅੰਦਾਜ਼ ਕਰ, ਉਸ ਲੜਾਈ ਪੁਰ ਹੋਏ ਸਾਰੇ ਖਰਚੇ ਨੂੰ, ਨਾ ਕੇਵਲ ਮੂਲ ਰੂਪ ਵਿੱਚ ਹੀ ਨਹੀਂ, ਸਗੋਂ ਉਸ ਪੁਰ ਵਿਆਜ ਦਰ ਵਿਆਜ ਲਾ ਪੰਜਾਬੀਆਂ ਦੇ ਸਿਰ ਮੜ੍ਹ, ਪੰਜਾਬ ਦੀ ਆਰਥਕਤਾ ਨੂੰ ਤਬਾਹ ਕਰਨ ਲਈ, ਸਦੀਵੀ ਘੁਣ ਲਾ ਦਿੱਤਾ ਗਿਆ। ਜਿਸਦੇ ਚਲਦਿਆਂ ਪੰਜਾਬ ਦੀ ਆਰਥਕ ਹਾਲਤ ਅਜਿਹੇ ਦੌਰ ਵਿੱਚ ਜਾ ਪੁਜੀ ਕਿ ਤਿੰਨ ਦਹਾਕਿਆਂ (੩੯ ਵਰ੍ਹਿਆਂ) ਤੋਂ ਕਿਤੇ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਲਈ ਉਸ ਕਰਜ਼ ਦੀ ਲੋੜੀਂਦੀ ਕਿਸ਼ਤ ਤਕ ਚੁਕਾ ਪਾਣਾ ਹੀ ਮੁਹਾਲ ਨਹੀਂ, ਸਗੋਂ ਕਰਜ਼ੇ ਦਾ ਵਿਅਜ ਤਕ ਦੇ ਪਾਣਾ ਵੀ ਉਸਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ।

ਉਨ੍ਹਾਂ ਦਸਿਆ ਕਿ ਇਸਦੇ ਵਿਰੁਧ ਕਸ਼ਮੀਰ ਸਹਿਤ ਦੇਸ਼ ਦੇ ਕਈ ਹੋਰ ਰਾਜਾਂ ਵਿੱਚ ਫੈਲੇ ਅਤਿਵਾਦ ਨੂੰ ਦਬਾਣ ਲਈ ਹੁੰਦੇ ਚਲੇ ਆ ਸਾਰੇ ਖਰਚ ਕੇਂਦਰ ਸਰਕਾਰ ਆਪਣੇ ਸਿਰ ਤੇ ਲੈ ਰਹੀ ਹੈ। ਪਰ ਪੰਜਾਬ ਵਿੱਚ ਹੋਏ ਖਰਚ ਨੂੰ ਪੰਜਾਬੀਆਂ ਦੇ ਮੱਥੇ ਮੜ੍ਹ ਦਿਤਾ ਗਿਆ ਹੈ। ਸੁਆਲ ਊਠਦਾ ਹੈ ਕਿ ਪੰਜਾਬ ਨਾਲ ਇਹ ਵਿਤਕਰਾ ਕਿਉਂ? ਕੀ ਪੰਜਾਬ ਦੇਸ਼ ਦਾ ਹੀ ਹਿੱਸਾ ਨਹੀਂ, ਜਾਂ ਫਿਰ ਦੇਸ਼ ਦੀ ਅਜ਼ਾਦੀ ਅਤੇ ਅਜ਼ਾਦੀ ਤੋਂ ਬਾਅਦ ਉਸਦੀਆਂ ਸਰਹਦਾਂ ਦੀ ਰਖਿਆ ਕਰਨ ਲਈ ਹੋਈਆਂ ਲੜਾਈਆਂ ਵਿੱਚ ਸਭ ਤੋਂ ਵੱਧ ਦਿੱਤੀਆਂ ਕੁਰਬਾਨੀਆਂ ਦੀ ਸਜ਼ਾ ਉਸਨੂੰ ਦਿੱਤੀ ਜਾ ਰਹੀ ਹੈ?

ਜਸਟਿਸ ਸੋਢੀ ਨੇ ਕਿਹਾ ਕਿ ਗਲ ਇਥੇ ਹੀ ਨਹੀਂ ਮੁਕੀ, ਇਸਤੋਂ ਅਗੇ ਵੱਧੀ, ਪੰਜਾਬ ਦੀ ਅਰਥਕਤਾ ਨੂੰ ਪਟੜੀਉਂ ਉਤਾਰਨ ਲਈ ਪੰਜਾਬ ਦੇ ਗੁਆਂਢੀ ਰਾਜਾਂ ਵਿੱਚ ਉਦਯੋਗ ਲਾਉਣ ਲਈ ਉਦਯੋਗਪਤੀਆਂ ਨੂੰ ਉਤਸਾਹਿਤ ਕਰਨ ਲਈ ਕਈ ਰਿਆਇਤਾਂ ਅਤੇ ਸਹੂਲਤਾਂ ਦਿੱਤੀਆਂ ਗਈਆਂ, ਜਿਸਦੇ ਮੁਕਾਬਲੇ ਪੰਜਾਬ ਦੇ ਉਦਯੋਗਾਂ ਨੂੰ ਉਜੜਨ ਤੋਂ ਬਚਾਣ ਲਈ ਕੋਈ ਵੀ ਰਿਆਇਤ ਜਾਂ ਸਹੂਲਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸਦੇ ਨਤੀਜੇ ਵਜੋਂ ਪੰਜਾਬ ਦਾ ਉਦਯੋਗ ਉਜੜਦਾ ਚਲਿਆ ਜਾ ਰਿਹਾ ਹੈ ਤੇ ਉਸਦੇ ਗੁਆਂਢੀ ਰਾਜਾਂ ਦੇ ਉਦਯੋਗ ਵੱਧ-ਫੁਲ ਰਿਹਾ ਹੈ।

ਜਸਟਿਸ ਸੋਢੀ ਨੇ ਕਿਹਾ ਕਿ ਇਤਨਾ ਹੀ ਨਹੀਂ ਪੰਜਾਬ ਦੀ ਵੰਡ ਕਰਦਿਆਂ ਉਸਦੀਆਂ ਸੋਨਾ ਉਗਲਦੀਆਂ ਜ਼ਮੀਨਾਂ ਨੂੰ ਬੰਜਰ ਬਨਾਉਣ ਲਈ ਉਸ ਪਾਸੋਂ ਪਾਣੀਆਂ ਨੂੰ ਤਾਂ ਖੋਹਿਆਂ ਹੀ ਸੀ, ਹੁਣ ਖੇਤੀ (ਵਿਰੋਧੀ) ਕਾਨੂੰਨ ਬਣਾ ਪਹਿਲਾਂ ਤੋਂ ਹੀ ਬਰਬਾਦੀ ਦੀ ਰਾਹ ਤੇ ਅਗੇ ਵੱਧ ਰਹੇ ਪੰਜਾਬ ਦੀ 'ਰੀੜ੍ਹ ਦੀ ਹੱਡੀ' ਕਿਸਾਨੀ ਪੁਰ ਵੀ ਮਾਰੂ ਚੋਟ ਮਾਰ, ਉਸਨੂੰ ਹੋਰ ਤਬਾਹੀ ਦੇ ਰਸਤੇ ਧਕਿਆ ਜਾ ਰਿਹਾ ਹੈ। ਜਸਟਿਸ ਸੋਢੀ ਨੇ ਚਿਤਾਵਨੀ ਦਿੱਤੀ ਕਿ ਕਿਸੇ ਸਮੇਂ ਦੇਸ਼ ਦੇ ਸਭ ਤੋਂ ਵੱਧ ਖੁਸ਼ਹਾਲ ਅਤੇ ਦੇਸ਼ ਦੀ (ਰਖਿਅਕ) ਭੁਜਾ ਮੰਨੇ ਜਾਂਦੇ ਰਹੇ ਪੰਜਾਬ ਨੂੰ, ਜਿਸ ਤਰ੍ਹਾਂ ਸੋਚੀ-ਸਮਝੀ ਰਣਨੀਤੀ ਦੇ ਤਹਿਤ ਬਰਬਾਦੀ ਵੱਲ਼ ਧਕਿਆ ਜਾ ਰਿਹਾ ਹੈ, ਉਹ ਕਿਸੇ ਵੀ ਤਰ੍ਹਾਂ ਦੇਸ਼ ਦੇ ਵੱਡੇ ਹਿਤਾਂ ਵਿੱਚ ਨਹੀਂ ਹੋਵੇਗਾ।

**ਅਤੇ ਅੰਤ ਵਿੱਚ:** ਜੇ ਸੱਚਾਈ ਸਵੀਕਾਰ ਕਰਨ ਦੀ ਦਲੇਰੀ ਹੋਵੇ ਤਾਂ ਇੱਕ ਸੱਚਾਈ ਇਹ ਵੀ ਹੈ ਕਿ ਅਣਵੰਡੇ ਪੰਜਾਬ ਵਿੱਚ ਜੋ ਪੰਜਾਬੀ ਰਾਜਸੀ ਵਿਚਾਰਧਾਰਕ ਸੋਚ ਤੋਂ ਉਪਰ ਉਠ, ਸਾਂਝਾ, ਸਦੱਭਾਵਨਾ-ਪੂਰਣ ਤੇ ਪਿਆਰ ਭਰਿਆ ਜੀਵਨ ਜੀਉਂਦੇ ਤੇ ਦਿਲਾਂ ਦੀਆਂ ਡੂੰਘਿਆਈਆਂ ਵਿਚੋਂ ਉਮੜੇ ਪਿਆਰ ਨਾਲ ਇੱਕ-ਦੂਸਰੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਚਲੇ ਆ ਰਹੇ ਸਨ, ਉਹ ਭਾਂਵੇਂ ਅੱਜ ਵੀ ਇੱਕ-ਦੂਸਰੇ ਦਾ ਦੁਖ-ਸੁਖ ਵੰਡਾਣ ਲਈ ਅੱਗੇ ਆ ਜਾਂਦੇ ਹਨ, ਪ੍ਰੰਤੂ ਰਾਜਸੀ ਵਿਚਾਰਧਾਰਕ ਸੋਚ ਦੇ ਅਧਾਰ 'ਤੇ ਉਹ ਉਸੇ ਤਰ੍ਹਾਂ ਵੰਡੇ ਹੋਏ ਹਨ, ਜਿਵੇਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਉਹ ਵੰਡੇ ਗਏ ਸਨ।

ਅੱਜ, ਪੰਜਾਬੀ ਸੂਬੇ ਨੂੰ ਹੋਂਦ ਵਿੱਚ ਆਇਆਂ ਭਾਵੇਂ ਲਗਭਗ ਤਿੰਨ ਦਹਾਕਿਆਂ ਤੋਂ ਵੀ ਵੱਧ ਦਾ ਸਮਾਂ ਬੀਤ ਗਿਆ ਹੈ, ਫਿਰ ਵੀ ਇੱਕ ਪਾਸੇ ਭਾਜਪਾ ਪੰਜਾਬੀ ਸੂਬਾ ਮੋਰਚੇ ਦੌਰਾਨ ਹਿੰਦੂਆਂ ਦੀ ਪ੍ਰਤੀਨਿਧ ਜੱਥੇਬੰਦੀ ਹੋਣ ਦੇ ਮਿਲੇ ਉਭਾਰ ਤੋਂ ਆਪਣੇ ਆਪਨੂੰ ਮੁਕੱਤ ਨਹੀਂ ਕਰ ਸਕੀ 'ਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵੀ ਪੰਜਾਬੀ ਮੋਰਚੇ ਦੌਰਾਨ ਸਿੱਖਾਂ ਦੀ ਜਥੇਬੰਦੀ ਹੋਣ ਦੇ ਮਿਲੇ ਉਭਾਰ ਤੋ ਮੁਕਤ ਨਹੀਂ ਹੋ ਸਕਿਆ। ਇਹੀ ਕਾਰਣ ਹੈ ਕਿ ਅੱਜ ਵੀ ਪੰਜਾਬ ਵਿੱਚ ਵਧੇਰੇ ਹਿੰਦੂ ਅਤੇ ਸਿੱਖ ਰਾਜਸੀ ਵਿਚਾਰਧਾਰਕ ਸੋਚ ਦੇ ਚਲਦਿਆਂ ਆਪੋ ਵਿੱਚ ਵੰਡੇ ਚਲੇ ਆ ਰਹੇ ਹਨ।


# ਡਾ. ਸੁਖਵਿੰਦਰ ਕੰਬੋਜ ਵਿਪਸਾ ਦੇ ਨਵੇਂ ਪ੍ਰਧਾਨ ਨਿਯੁਕਤ

ਬੀਤੇ ਐਤਵਾਰ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਦੀ ਮਹੀਨੇਵਾਰ ਬੈਠਕ ਖ਼ੁਸ਼ਗਵਾਰ ਮਾਹੌਲ ਵਿਚ ਸੰਪਨ ਹੋਈ। ਸਵਾਗਤੀ ਭਾਸ਼ਨ ਉਪਰੰਤ, ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਕੋਰੋਨਾ ਵਾਇਰਸ ਦੇ ਕਹਿਰ ਹੱਥੋਂ ਵਿਛੜੀਆਂ ਆਤਮਾਵਾਂ ਅਤੇ ਦਿੱਲੀ ਦਿਆਂ ਬਾਡਰਾਂ ਉੱਤੇ ਕਿਸਾਨ ਸੰਘਰਸ਼ ਹਿੱਤ ਸ਼ਹਾਦਤ ਪਾ ਗਏ ਸੂਰਮਿਆਂ ਨੂੰ ਸ਼ਰਧਾਂਜਲੀ ਅਰਪਨ ਕਰਨ ਲਈ ਰਲਵੀਂ ਅਰਦਾਸ ਕਰਨ ਲਈ ਬੇਨਤੀ ਕੀਤੀ। ਇਸ ਮਗਰੋਂ ਦਸੰਬਰ ਮਹੀਨੇ ਕਰਵਾਈ ਗਈ ਸਾਹਿਤਕ ਬੈਠਕ ਦੀ ਰਿਪੋਰਟ ਪੜ੍ਹ ਕੇ ਸੁਣਾਈ। ਤਾਰਾ ਸਾਗਰ ਨੇ ਵਰ੍ਹਾ 2020 ਦੇ ਆਮਦਨ ਖ਼ਰਚ ਦਾ ਵੇਰਵਾ ਮੁਖ ਰਖਦਿਆਂਅਕੈਡਮੀ ਦੀ ਕਾਰਜ ਕਰਦਗੀ ਨੂੰ ਸੁਖਾਵੇਂ ਢੰਗ ਨਾਲ ਪੇਸ਼ ਕੀਤਾ।ਅਗਲੇ ਚਰਣ ਵਿਚ ਸੁਰਿੰਦਰ ਸੀਰਤ ਨੇ ਮੌਜੂਦਾ ਕਾਰਜਕਾਰਨੀ ਕਮੇਟੀ ਨੂੰ ਭੰਗ ਕਰਨਦੀ ਘੋਸ਼ਣਾ ਕੀਤੀ ਅਤੇਚੋਣ ਕਮਿਸ਼ਨਰ ਚੁਣੇ ਜਾਣ ਉਪਰੰਤ, ਅਗਲੇ ਮਹੀਨੇ ਨੂੰ ਕਰਵਾਈ ਜਾਣ ਵਾਲੀ ਚੋਣ, ਸੰਵਿਧਾਨ ਅਨੁਸਾਰ ਕਰਾਉਣ ਲਈ ਵਚਨਬੱਧਤਾ ਦਰਸਾਈ। ਪਰ ਸਮੇਂ ਨੂੰ ਮੁੱਖ ਰਖਦਿਆਂ ਇਹ ਚੋਣ ਇਸੇ ਬੈਠਕ ਵਿਚ ਨੇਪਰੇ ਚਾੜ੍ਹੀ ਗਈ ਅਤੇ ਸਰਬ-ਸੰਮਤੀ ਨਾਲ ਡਾ. ਸੁਖਵਿੰਦਰ ਕੰਬੋਜ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ (ਵਿਪਸਾ. ਇੰਕ) ਦਾ ਵਰ੍ਹਾ 2021-2022 ਲਈ ਪ੍ਰਧਾਨਨਿਯੁਕਤ ਕੀਤਾ ਗਿਆ। ਹਾਜ਼ਰ ਸਾਰਿਆਂ ਲੇਖਕਾਂ; ਕੁਲਵਿੰਦਰ, ਅਮਰਜੀਤ ਪੰਨੂ, ਲਾਜ ਨੀਲਮ ਸੈਣੀ, ਤਾਰਾ ਸਾਗਰ, ਚਰਨਜੀਤ ਸਿੰਘ ਪੰਨੂ,ਐਸ਼ਕਮ ਐਸ਼,ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਮਹਿੰਦਰ ਸਿੰਘ ਸੰਘੇੜਾ ਅਤੇ ਹਜ਼ੂਰਾ ਸਿੰਘ ਹਜ਼ੂਰ ਨੇ ਡਾ. ਸੁਖਵਿੰਦਰ ਕੰਬੋਜ ਨੂੰ ਵਿਪਸਾ ਦੇ ਨਵੇਂ ਪ੍ਰਧਾਨ ਚੁਣੇ ਜਾਣ ਲਈ ਵਧਾਈਆਂ ਦਿੱਤੀਆਂ। ਅਗਲੇ ਏਜੰਡੇ ਅਨੁਸਾਰ, ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਪੰਜਾਬ ਬਨਾਮ ਕੈਲੀਫੋਰਨੀਆ- ਹਸਪਤਾਲ ਦੀ ਡਾਇਰੀ'ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਪੁਸਤਕ ਪ੍ਰਤੀ ਪਰਵੇਸ਼ ਸ਼ਬਦਾਂ ਵਿਚ ਸੀਰਤ ਨੇ ਇਸ ਪੁਸਤਕ ਨੂੰ ਇਕ ਮਿੰਨੀ ਨਾਵਲਿਟ ਦੀ ਸੰਗਿਆ ਦਿੱਤੀ ਅਤੇ ਰਚਿਤ ਵਾਰਤਕ-ਸ਼ੈਲੀ ਦੀ ਪਰਪੱਕਤਾਨੂੰ ਉਹਨਾਂ ਦੀ ਪ੍ਰਾਪਤੀ ਦਰਸਾਇਆ। ਡਾ. ਸੁਖਵਿੰਦਰ ਕੰਬੋਜ ਨੇ ਚਰਨਜੀਤ ਸਿੰਘ ਪੰਨੂ ਦੀ ਇਸ ਪੁਸਤਕ ਨੂੰ ਉਹਨਾਂ ਦੇ ਭਾਰਤ ਅਤੇ ਕੈਲੀਫੋਰਨੀਆ ਦਿਆਂ ਹਸਪਤਾਲਾਂ ਵਿਚ ਨਿੱਝੀ ਅਨੁਭਵਾਂ ਰਾਹੀਂ ਜਿੱਥੇ ਦੋਹਾਂ ਦੁਨੀਆਵਾਂ ਦੇ ਚਕਿਤਸਿਕ ਮਨੋਵਿਗਿਆਨ ਨੂੰ ਸਾਹਮਣੇ ਲਿਆਇਆ ਉੱਥੇ ਹੀ ਇਸ ਪੁਸਤਕ ਵਿਚ ਵਿਚਰ ਰਹੀਆਂ ਦਿਲਚਸਪ ਕਹਾਣੀਆਂ ਰਾਹੀਂ ਆਪਣੀ ਵਾਰਤਕ ਲੇਖਣੀ ਦਾ ਲੋਹਾ ਮਨਵਾਇਆ ਹੈ। ਇਸ ਪੁਸਤਕ ਦੇ ਸਬੰਧ ਵਿਚ ਡਾ. ਭੀਮ ਇੰਦਰ ਸਿੰਘ (ਹੈਡ- ਸਕੂਲ ਆਫ਼ ਪੰਜਾਬੀ ਅਧਿਅਨ ਵਿਭਾਗ, ਪਟਿਆਲਾ ਯੂਨੀਵਰਸਿਟੀ) ਨੇ ਵੀ ਆਪਣੀ ਕਲਮ ਰਾਹੀਂ ਪ੍ਰਸੰਸਾ ਦੇ ਸ਼ਬਦ ਉਲੀਕੇ ਹਨ।

ਕਵਿਤਾ ਸੈਸ਼ਨ ਦਾ ਸੰਚਾਲਨ ਸੰਭਾਲਦਿਆਂ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣੀਆਂ ਰੁਬਾਈਆਂ ਰਾਹੀਂ ਸਮਾਂ ਬੰਨ੍ਹ ਦਿੱਤਾ। ਇਕ ਰੁਬਾਈ ਅਨੁਸਾਰ, "ਮੈਂ ਕਲਮਾਂ ਤਕੀਆਂ ਸ਼ਬਦਾਂ ਨੂੰ ਬੇਲਿਬਾਸ ਕਰਦੀਆਂ/ ਕਲਮਾਂ ਦੀਆਂ ਬੇਸ਼ਰਮੀਆਂ ਤੋਂ ਤਕੀਆਂ ਹਵਾਵਾਂ ਡਰਦੀਆਂ/ ਧਰਤੀ ਹੈ ਧਾਹਾਂ ਮਾਰਦੀ ਅਸਮਾਨ ਹੰਝੂ ਕੇਰਦਾ/ 'ਸੁਰਜੀਤ' ਜਦ ਕਲਮਾਂ ਦੀਆਂ ਤਕੀਆਂ ਜ਼ਮੀਰਾਂ ਮਰਦੀਆਂ"

ਕਵਿਤਾ ਸੈਸ਼ਨ ਦੇ ਆਰੰਭ ਵਿਚ ਚਰਨਜੀਤ ਸਿੰਘ ਪੰਨੂ ਨੇ ' ਪੇਪਰ ਪਤਨੀ ਚਾਹੀਦੀ' ਇਕ ਪ੍ਰਚੱਲਤ ਯਥਾਰਥ ਨੂੰ ਹਾਸ-ਵਿਅੰਗ ਕਵਿਤਾ ਰਾਹੀਂ ਪ੍ਰਸਤੁਤ ਕੀਤਾ ਅਤੇ ਹਜ਼ੂਰਾ ਸਿੰਘ ਹਜ਼ੂਰ ਨੇ ਸੁਰੀਲੀ ਆਵਾਜ਼ ਵਿਚ ਇਕ ਰੁਮਾਨਚਿਕ ਗੀਤ ਦਾ ਗਾਇਨ ਕੀਤਾ। ਮਹਿੰਦਰ ਸਿੰਘ ਸੰਘੇੜਾ ਨੇ, 'ਮੋਦੀ ਵਿਚ ਔਰੰਗਜ਼ੇਬ ਦੀ ਰੂਹ', ਤਾਰਾ ਸਾਗਰ ਨੇ, 'ਮੌਤ ਦੀ ਸਾਨੂੰ ਪਰਵਾਹ ਨਹੀਂ' ਅਤੇ ਐਸ਼ਕਮ ਐਸ਼ ਨੇ ਕਵਿਤਾ, 'ਅਸੀਂ ਕੀ ਕਰਨਾ ਏ ਸਰਕਾਰੇ ਤੇਰੇ ਇਹੋ ਜਿਹੇ ਸਨਮਾਨਾਂ ਨੂੰ' ਕਹਿ ਕੇ ਕਿਰਸਾਨ ਸੰਘਰਸ਼ ਵਿਚ ਭਾਜੀ ਪਾਈ।ਜਿੱਥੇ ਕੁਲਵਿੰਦਰ ਦੀ 'ਕਵਿਤਾ ਨਾਲ ਸੰਵਾਦ' ਕਵਿਤਾ ਵਿਚ ਉਹ ਘਰ ਆਈ ਕਵਿਤਾ ਨੂੰ ਕੁਝ ਚਿਰ ਠਹਿਰਨ ਲਈ ਜੋਦੜੀ ਕਰਦਾ ਪਰਤੀਤ ਹੁੰਦਾ ਹੈ ਉੱਥੇ ਹੀ ਡਾ. ਸੁਖਵਿੰਦਰਕੰਬੋਜ ਦੀ ਕਵਿਤਾ, 'ਉਦੋਂ ਤੇ ਅੱਜ' ਉਸ ਨੂੰ ਯਥਾਰਥ ਤੋਂ ਕਿਤੇ ਉੱਪਰ ਬੌਧਿਕਤਾ ਦੀ ਚਰਮਸੀਮਾ ਤੇ ਲੈ ਅਪੜਦੀ ਹੈ।


ਇਹ ਕਵਿਤਾ ਪੜ੍ਹਨ ਨਾਲ ਸਬੰਧ ਰਖਦੀ ਹੈ। ਸੀਰਤ ਨੇ '6 ਜਨਵਰੀ 2021 ਨੂੰ ਸਮਰਪਿਤ ਕਵਿਤਾ- ਪਹਿਰੇਦਾਰ ' ਨਾਲ ਸਮੇਂ ਦੇ ਪ੍ਰਤੀ ਜਗਿਆਸਾ ਦਰਸਾਉਣ ਦੀ ਕੋਸ਼ਿਸ਼ ਕੀਤੀ ਅਤੇ ਅੰਤ ਵਿਚ ਬੀਬੀ ਸੁਰਜੀਤ ਕੌਰ ਨੇ ਦੋ ਕਵਿਤਾਵਾਂ, 'ਕਰੋਨਾ' ਅਤੇ 'ਉਡੀਕਾਂ'ਰਾਹੀਂ ਆਪਣੀ ਕਾਵਿ-ਕੋਸ਼ਲਤਾ ਦਾ ਪਰਮਾਣ ਦਿੱਤਾ। ਇਹ ਬੈਠਕ ਇਕ ਖ਼ੁਸ਼ਗਵਾਰ ਮਾਹੌਲ ਵਿਚ ਸੰਪਨ ਹੋਈ ਅਤੇ ਡਾ. ਸੁਖਵਿੰਦਰ ਕੰਬੋਜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮਗਰੋਂ ਉਹਨਾਂ ਆਪਣੀ ਕਾਰਜ ਕਾਰਨੀ ਕਮੇਟੀ ਦਿਆਂ ਮੈਂਬਰਾਂ ਦੀ ਘੋਸ਼ਣਾ ਕੀਤੀ ਜਿੰਨ੍ਹਾਂ ਵਿਚ ਅਮਰਜੀਤ ਪੰਨੂੰ-ਮੀਤ ਪ੍ਰਧਾਨ, ਕੁਲਵਿੰਦਰ-ਜਨਰਲ ਸਕੱਤਰ, ਲਾਜ ਨੀਲਮ ਸੈਣੀ-ਸਹਾਇਕ ਸਕੱਤਰ, ਗੁਲਸ਼ਨ ਦਿਆਲ- ਸਾਹਿਤ ਸਕੱਤਰ, ਤਾਰਾ ਸਿੰਘ ਸਾਗਰ-ਖ਼ਜ਼ਾਨਚੀ, ਜਗਜੀਤ ਨੌਸ਼ਹਿਰਵੀ-ਆਰਗੇਨਾਈਜ਼ਰ, ਸੁਖਦੇਵ ਸਾਹਿਲ-ਰੰਗ-ਮੰਚ ਕੋਆਰਡੀਨੇਟਰ ਅਤੇ ਓਮ ਕਮਲ-ਮੀਡੀਆ ਕੋਆਡੀਨੇਟਰ ਸ਼ਾਮਲ ਹਨ।



Dr. Sukhwinder Kamboj



Bibi Surjit Kaur Sacramento



Amarjit Kaur Pannu



Charanjit Singh Pannu



Surinder Singh Seerat



Tara Singh Sagar



Laj Neelam Saini






Mahinder Singh Sanghera



Kulwinder



Hazoora Singh Hazoor

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਗੁਰੂ ਹਰਿਰਾਏ ਸਾਹਿਬ ਜੀ





ਪ੍ਰੀਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਰਾਏ ਜੀ ਦੇ ਇਕ ਆਦਰਸ਼ਕ ਗੁਰ-ਵਿਅਕਤੀ ਦੇ ਗੁਣ ਦੇਖਦੇ ਹੋਏ, ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸੱਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ ਵਿਚ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਣੀ-ਵਿਚਾਰ, ਬੀਰ ਰਸ ਦੇ ਪ੍ਰਭਾਵ ਦੇ ਨਾਲ ਨਾਲ ਸ਼ਸ਼ਤਰ ਵਿੱਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ। ਬਾਲ ਅਵਸਥਾ ਤੋਂ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਅਤੇ ਬੀਰਤਾ ਦੇ ਪੁੰਜ ਸਨ। ਉਹਨਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਹਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿੱਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ: ਸ਼ੀਸ਼ ਮਹੱਲ ਕੀਰਤਪੁਰ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ 1640 ਈ: ਨੂੰ ਮਾਤਾ ਕ੍ਰਿਸ਼ਨ ਕੌਰ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਤੇ ਹਰਿਕ੍ਰਿਸ਼ਨ (ਗੁਰੂ) ਜੀ ਸਨ। ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਈ: ਹੈ। ਆਪ ਜੀ ਦੇ ਗੁਰੂ-ਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅੱਗੇ ਤੋਰਿਆ। ਉਸੇ ਆਸ਼ੇ ਅਧੀਨ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਜੀ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ, ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁੰਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ।

ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜ੍ਹਾ ਖਾਣ, ਧੋੜ੍ਹਾ ਸੌਣ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਤੇ ਸਹਿਜ ਵਿਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਿਆਦਾ ਬਣਾ ਦਿੰਤੀ ਕਿ ਸਿੱਖ ਦੇ ਘਰੋਂ ਕੋਈ ਭੁੱਖਾ ਨਿਰਾਸ਼ ਨਾ ਜਾਵੇ। ਘਰ-ਘਰ ਅੰਦਰ ਧਰਮਸ਼ਾਲ ਦੇ ਨਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ-ਬਹਿਣੀ ਦਾ ਇਕ ਪ੍ਰਪੱਕ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦ 1644 ਈ: ਵਿਚ ਲਾਹੌਰ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਗੁਰੂ ਦੀਆਂ ਸੰਗਤਾਂ ਨੇ ਗਰੀਬਾਂ-ਬੇਸਹਾਰਿਆਂ, ਰੋਗੀਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ-ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫੌਜ ਆਪ ਜੀ ਕੋਲ ਸੀ। ਜੋ ਖਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ-ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਅ ਦੀ ਬੇਲਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ। ਦਾਰਾ ਸ਼ਿਕੋਅ ਬਚ ਨਿਕਲਣ ਵਿਚ ਸਫਲ ਹੋਇਆ। ਜਿੱਥੇ ਆਪ ਸੰਗਤ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੀ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰ ਵਿਚ ਜੋ ਵੀ ਰਸਦ ਵਸਤੂ ਆਵੇ ਬੜੀ ਸੰਭਾਲ ਕੇ ਰੱਖਣੀ ਹੈ। ਜੋ ਲੋੜ ਪੈਣ 'ਤੇ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਦੇ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਜਮ੍ਹਾ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਕੋਅ ਸਖਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨਾ ਦੀਆਂ ਔਸ਼ਧੀਆਂ ਵਸਤੂਆਂ ਨਾਲ ਤੰਦਰੁਸਤ ਹੋ ਗਿਆ। ਉਸਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਸੁਣ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਜੀ ਨਾਲ ਦਾਰਾ ਸ਼ਿਕੋਅ ਦਾ ਮੇਲ-ਮਿਲਾਪ ਵਧਦਾ ਵੇਖ ਕੇ ਔਰੰਗਜ਼ੇਬ ਨੇ ਬਹਾਨੇ ਨਾਲ ਗੁਰੂ ਜ ਨੂੰ ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜ ਦਿੱਤਾ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਜਬਰੀ ਧਰਮ ਪਰਿਵਰਤਨ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸਨੂੰ ਇਸਲਾਮ ਵਿਚ ਲਿਆਂਦਾ ਜਾਵੇ। ਉਸਨੇ ਬਾਣੀ ਦਾ ਹਵਾਲਾ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਦਰਜ ਹੈ ਕਿ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਘੜਿ ਭਾਂਡੇ ਇਟਾਂ ਕੀਆਂ ਜਲਦੀ ਕਰੇ ਪੁਕਾਰ।।' ਅੰਗ 466। ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਬਾਣੀਕਾਰ ਲਿਖਾਰੀ ਦੀ ਗਲਤੀ ਹੈ ਕਿ ਮਿੱਟੀ ਮੁਸਲਮਾਨ ਦੀ ਨਹੀਂ ਮਿੱਟੀ ਬੇਈਮਾਨ ਕੀ ਹੈ। ਉਸ ਦੀ ਚਤੁਰਤਾ ਤੋਂ ਖੁਸ਼ ਹੋ ਕੇ ਬਾਦਸ਼ਾਹ ਨੇ ਦੂਨ ਦਾ ਇਲਾਵਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਰਹਿਰਾਏ ਜੀ ਨੂੰ ਉਸਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਹਨਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਜੀ ਅਸੂਲਾਂ ਦੇ ਬਹੁਤ ਪੱਕੇ ਸਨ। ਉਹਨਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕੀਤਾ ਕਿ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹੈ।

ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਗੁਰੂ ਜੀ ਨੇ ਪ੍ਰਚਾਰਕ ਦੌਰੇ ਕੀਤੇ। ਉਹਨਾਂ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਸਥਾਪਤ ਕੀਤੇ। ਉਥੇ ਸੁਚੱਜੇਧਰਮ ਪ੍ਰਚਾਰਕ ਥਾਪੇ। ਜਿਵੇਂ ਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ ਤੇ ਭਾਈ ਭਗਤੂ ਆਦਿ । 20 ਅਕਤੂਬਰ 1666 ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ 'ਤੇ ਬਿਠਾਇਆ ਅਤੇ ਆਪ ਜੋਤੀ ਜੋਤ ਸਮਾ ਗਏ।

# ਚੰਡੀਗੜ੍ਹ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਵੈਬਿਨਾਰ ਦੌਰਾਨ 10 ਦੇਸ਼ਾਂ ਦੀਆਂ ਸੁਪਰੀਮ ਕੋਰਟਾਂ ਦੇ ਜੱਜ ਕਰਨਗੇ ਸ਼ਮੂਲੀਅਤ

## 'ਆਧੁਨਿਕ ਸਮੇਂ ਦੀਆਂ ਵਿਸ਼ਵਵਿਆਪੀ ਚਣੌਤੀਆਂ' ਵਿਸ਼ੇ 'ਤੇ ਹੋਣਗੇ ਅਹਿਮ ਵਿਚਾਰ ਵਟਾਂਦਰੇ



'ਆਧੁਨਿਕ ਸਮੇਂ ਦੀਆਂ ਵਿਸ਼ਵਵਿਆਪੀ ਚਣੌਤੀਆਂ' ਵਰਗੇ ਪੇਚੀਦਾ ਵਿਸ਼ੇ 'ਤੇ ਵਿਸ਼ਵਵਿਆਪੀ ਪੱਧਰ ਤੋਂ ਕਾਨੂੰਨ ਪੇਸ਼ੇਵਰਾਂ ਅਤੇ ਵਿਸ਼ਾ ਮਾਹਿਰਾਂ ਦਾ ਨਜ਼ਰੀਆ ਸਮਝਣ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ 30 ਅਤੇ 31 ਜਨਵਰੀ, 2021 ਨੂੰ ਅੰਤਰਰਾਸ਼ਟਰੀ ਵੈਬਿਨਾਰ ਕਰਵਾਉਣ ਜਾ ਰਹੀ ਹੈ। ਇਸ ਦੌਰਾਨ 10 ਦੇਸ਼ਾਂ ਦੀਆਂ ਸਪਰੀਮ ਕੋਰਟਾਂ ਦੇ ਮਾਨਯੋਗ ਜੱਜਾਂ ਤੋਂ ਇਲਾਵਾ ਵੱਖ-ਵੱਖ ਹਾਈਕੋਰਟਾਂ ਦੇ ਚੀਫ਼ ਜਸਟਿਸ ਅਤੇ ਜਸਟਿਸਾਂ ਤੋਂ ਇਲਾਵਾ ਸਿੱਖਿਆ ਸ਼ਾਸ਼ਤਰੀ, ਸੀਨੀਅਰ ਵਕੀਲ, ਵਾਤਾਵਰਣ ਪ੍ਰੇਮੀ, ਸਮਾਜ ਸੇਵੀ, ਪ੍ਰੋਫੈਸਰ, ਬੁੱਧੀਜੀਵੀ ਅਤੇ ਬਹੁ ਗਿਣਤੀ ਵਿਦਿਆਰਥੀ ਸੈਮੀਨਾਰ 'ਚ ਸ਼ਮੂਲੀਅਤ ਕਰਨਗੇ। ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟੱਡੀਜ਼ ਵੱਲੋਂ ਆਨਲਾਈਨ ਪੱਧਰ 'ਤੇ ਕਰਵਾਇਆ ਜਾਣ ਵਾਲਾ ਦੋ ਰੋਜ਼ਾ ਅੰਤਰ-ਰਾਸ਼ਟਰੀ ਵੈਬਿਨਾਰ ਵੱਖ-ਵੱਖ ਸੈਸ਼ਨਾਂ 'ਚ ਵੰਡਿਆ ਗਿਆ ਹੈ, ਜਿਸ ਦੇ ਸਾਰੇ ਪ੍ਰਬੰਧ 'ਵਰਸਿਟੀ ਪ੍ਰਸ਼ਾਸ਼ਨ ਵੱਲੋਂ ਮੁਕੰਮਲ ਕਰ ਲਏ ਗਏ ਹਨ। ਡਾ. ਬਾਵਾ ਨੇ ਦੱਸਿਆ ਕਿ ਵੈਬਿਨਾਰ ਦੌਰਾਨ ਭਾਰਤ ਦੇ ਸਾਬਕਾ ਜੱਜ, ਸਾਬਕਾ ਸੁਪਰੀਮ ਕੋਰਟ ਅਤੇ ਐਨ.ਜੀ.ਟੀ ਦੇ ਪ੍ਰਧਾਨ ਜਸਟਿਸ ਸਵਤੰਤਰ ਕੁਮਾਰ ਚੀਫ਼ ਪੈਟਰਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਪੈਟਰਨ ਦੀ ਭੂਮਿਕਾ ਨਿਭਾਉਣਗੇ।

ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ 'ਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਦੱਸਿਆ ਕਿ ਵੈਬਿਨਾਰ ਦੌਰਾਨ ਮਨੁੱਖੀ ਅਧਿਕਾਰਾਂ, ਸਿੱਖਿਆ ਸਬੰਧੀ ਅਧਿਕਾਰਾਂ ਅਤੇ ਵਾਤਾਵਰਣ ਸੁਰੱਖਿਆ ਸਬੰਧੀ ਵਿਸ਼ਿਆਂ 'ਤੇ ਵਿਸ਼ਵਵਿਆਪੀ ਪੱਧਰ 'ਤੇ ਦਰਪੇਸ਼ ਆ ਰਹੀਆਂ ਚਣੌਤੀਆਂ ਅਤੇ ਉਨ੍ਹਾਂ ਦੇ ਹੱਲਾਂ ਸਬੰਧੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੋਂ ਕਾਨੂੰਨੀ ਪੇਸ਼ੇਵਰਾਂ, ਵਾਤਾਵਰਣ ਪ੍ਰੇਮੀਆਂ, ਸਿੱਖਿਆ ਸ਼ਾਸ਼ਤਰੀਆਂ ਦਾ ਨਜ਼ਰੀਆ ਜਾਣਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਵੈਬਿਨਾਰ ਦੌਰਾਨ ਜਸਟਿਸ ਅਜੇ ਮਾਨਿਕਰਾਓ ਖਾਨਵਿਲਕਰ (ਸੁਪਰੀਮ ਕੋਰਟ ਦੇ ਜੱਜ, ਸਾਬਕਾ ਚੀਫ਼ ਜਸਟਿਸ, ਮੱਧ ਪ੍ਰਦੇਸ਼ ਹਾਈ ਕੋਰਟ ਅਤੇ ਹਿਮਾਚਲ ਪ੍ਰਦੇਸ਼ ਹਾਈ ਕੋਰਟ), ਜਸਟਿਸ ਸੰਜੇ ਕਿਸ਼ਨ ਕੌਲ (ਸੁਪਰੀਮ ਕੋਰਟ ਦੇ ਜੱਜ, ਸਾਬਕਾ ਚੀਫ਼ ਜਸਟਿਸ ਮਦਰਾਸ ਹਾਈ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ), ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਾਵੈ (ਸੁਪਰੀਮ ਕੋਰਟ ਦੇ ਜੱਜ, ਸਾਬਕਾ ਜੱਜ ਬੰਬੇ ਹਾਈ ਕੋਰਟ) ਅਤੇ ਜਸਟਿਸ ਸੂਰਿਆ ਕਾਂਤ (ਸੁਪਰੀਮ ਕੋਰਟ ਦੇ ਜੱਜ, ਸਾਬਕਾ ਚੀਫ ਜਸਟਿਸ ਹਿਮਾਚਲ ਪ੍ਰਦੇਸ਼ ਹਾਈ ਕੋਰਟ) ਉਚੇਚੇ ਤੌਰ 'ਤੇ ਵਿਸ਼ੇ ਸਬੰਧੀ ਆਪਣੇ ਵਿਚਾਰ ਸਾਂਝੇ ਕਰਨਗੇ।

ਡਾ. ਬਾਵਾ ਨੇ ਦੱਸਿਆ ਕਿ ਵੱਖ-ਵੱਖ ਸੈਸ਼ਨਾਂ ਦੌਰਾਨ ਵੈਬਿਨਾਰ ਚਾਰ ਮੁੱਖ ਵਿਸ਼ਿਆਂ 'ਤੇ ਆਧਾਰਿਤ ਹੋਵੇਗਾ, ਜਿਸ 'ਚ ਸਮਾਜਿਕ ਕਾਨੂੰਨੀ ਮਾਨਤਾ- ਮੌਜੂਦਾ ਸਮੇਂ ਦੌਰਾਨ ਭਾਰਤ 'ਚ ਸਿੱਖਿਆ ਦੇ ਅਧਿਕਾਰ, ਪ੍ਰਮਾਣੂ ਊਰਜਾ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਡੈਮੇਮਾ ਦੀ ਜ਼ਰੂਰਤ, ਮਨੁੱਖ ਅਧਿਕਾਰਾਂ ਸਬੰਧੀ ਅੰਤਰਰਾਸ਼ਟਰੀ ਸੰਮੇਲਨ; ਕੀ ਡੋਮਾਈਲਾਈਲ ਕਾਨੂੰਨ ਜ਼ਰੂਰੀ ਹਨ ਅਤੇ ਪ੍ਰਵਾਸੀਆਂ ਦੇ ਰਹਿਣ ਸਬੰਧੀ ਅਧਿਕਾਰ; ਚਣੌਤੀਆਂ ਅਤੇ ਹੱਲਾਂ ਨਾਲ ਜੁੜੇ ਮੁੱਦਿਆਂ 'ਤੇ ਭਾਰਤ ਸਮੇਤ ਵਿਸ਼ਵਵਿਆਪੀ ਪੱਧਰ ਤੋਂ ਮਾਹਿਰਾਂ ਨਾਲ ਵਿਚਾਰ ਵਟਾਂਦਰੇ ਹੋਣਗੇ। ਉਨ੍ਹਾਂ ਦੱਸਿਆ ਕਿ 30 ਅਤੇ 31 ਜਨਵਰੀ ਨੂੰ ਸਵੇਰ ਦਾ ਸੈਸ਼ਨ 9:50 ਤੋਂ 11:55 ਤੱਕ ਚੱਲੇਗਾ ਅਤੇ ਸ਼ਾਮ ਦੇ ਸੈਸ਼ਨ 2:50 ਤੋਂ 4:50 ਤੱਕ ਚੱਲਣਗੇ। ਉਨ੍ਹਾਂ ਦੱਸਿਆ ਕਿ ਸਮੁੱਚੇ ਵੈਬਿਨਾਰ ਦਾ ਸਿੱਧਾ ਪ੍ਰਸਾਰਣ ਚੰਡੀਗੜ੍ਹ ਯੂਨੀਵਰਸਿਟੀ ਦੇ ਯੂ-ਟਿਊਬ ਚੈਨਲ ਤੋਂ ਇਲਾਵਾ ਅਧਿਕਾਰਿਤ ਸੋਸ਼ਲ ਮੀਡੀਆ ਪੇਜਾਂ 'ਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਇਸ ਨਿਵੇਕਲੇ ਉਪਰਾਲੇ ਦਾ ਕਾਨੂੰਨ ਪੇਸ਼ੇਵਰ, ਵਕੀਲ, ਲੀਗਲ ਮਾਹਿਰ, ਲਾਅ ਫ਼ੋਰਮਾਂ, ਵਾਤਾਵਰਣ ਸੰਭਾਲ ਲਈ ਕੰਮ ਰਹੀਆਂ ਸੰਸਥਾਵਾਂ, ਵੱਖ-ਵੱਖ ਸਿੱਖਿਅਕ ਸੰਸਥਾਵਾਂ ਦੇ ਕਾਨੂੰਨ ਵਿਭਾਗ ਦੇ ਵਿਦਿਆਰਥੀ ਅਤੇ ਹੋਰ ਵਾਤਾਵਰਣ ਪ੍ਰੇਮੀ ਅਤੇ ਬੁੱਧੀਜੀਵੀ ਇਸ ਕਾਨਫ਼ਰੰਸ ਦਾ ਹਿੱਸਾ ਬਣਨ ਲਈ ਯੂਨੀਵਰਸਿਟੀ ਦੀ ਵੈਬਸਾਈਟ http://bit.ly/Law-Conference 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਡਾ. ਬਾਵਾ ਨੇ ਦੱਸਿਆ ਕਿ ਲਾਈਵ ਸੈਸ਼ਨਾਂ ਦੌਰਾਨ ਜਸਟਿਸ ਮਾਈਕਲ ਡੀ. ਵਿਲਸਨ (ਜੱਜ, ਸੁਪਰੀਮ ਕੋਰਟ ਹਵਾਈ), ਇਰਮ ਅਹਿਸਨ (ਸੀਨੀਅਰ ਕੌਂਸਲ, ਦਫ਼ਤਰ ਜਨਰਲ ਕਾਊਂਸਲ, ਏਸ਼ੀਅਨ ਡਿਵੈਲਪਮੈਂਟ ਬਲਾਕ), ਜਸਟਿਸ ਐਲਟਨ ਲਿਮ (ਬ੍ਰਾਜ਼ੀਲੀਅਨ ਬੋਟੈਨੀਸਟ, ਵਾਤਾਵਰਣ ਪ੍ਰੇਮੀ ਅਤੇ ਲੇਖਕ), ਲਾਰਡ ਕਾਰਨਵਥ (ਸਾਬਕਾ ਜੱਜ, ਬ੍ਰਿਟਿਸ਼ ਸੁਪਰੀਮ ਕੋਰਟ), ਜਸਟਿਸ ਇਮੈਨਯੂਲ ਉਗੀਰੈਸ਼ਬੂਜਾ (ਪੂਰਬੀ ਅਫ਼ਰੀਕੀ ਕੋਰਟ ਆਫ਼ ਜਸਟਿਸ ਦੇ ਪ੍ਰਧਾਨ), ਪ੍ਰੋ. ਗੀਤਾਂਜਲੀ ਗਿੱਲ (ਸੀਨੀਅਰ ਲੈਕਚਰਾਰ, ਸਕੂਲ ਆਫ਼ ਲਾਅ ਨੌਰਥੁਮਬੀਰੀਆ ਯੂਨੀਵਰਸਿਟੀ), ਪ੍ਰੋ. ਟਰੈਸੀ ਹੈਸਟਰ (ਯੂਨੀਵਰਸਿਟੀ ਆਫ਼ ਹਿਊਸਟਨ ਲਾਅ ਸੈਂਟਰ ਦੇ ਨਿਰਦੇਸ਼ਕ ਸਹਿਯੋਗੀ ਪ੍ਰੋਫੈਸਰ), ਜਸਟਿਸ ਮਾਈਕਲ ਹੈਂਟੇਕੇ ਡੋਮੇਸ (ਸਾਬਕਾ ਜਸਟਿਸ, ਤੀਜੀ ਵਾਤਾਵਰਣਕ ਅਦਾਲਤ, ਚਿਲੀ), ਜਸਟਿਸ ਸਬਰੀਨਾ ਮੈਕਨੇਨਾ (ਜੱਜ, ਸੁਪਰੀਮ ਕੋਰਟ ਆਫ਼ ਹਵਾਈ, ਯੂ.ਐਸ.ਏ), ਜਸਟਿਸ ਬ੍ਰਾਇਨ ਪ੍ਰੀਸਟਨ (ਨਿਊ ਸਾਊਥ ਵੇਲਜ਼ ਦੀ ਭੂਮੀ ਅਤੇ ਵਾਤਾਵਰਣ ਅਦਾਲਤ ਦੇ ਚੀਫ਼ ਜੱਜ), ਜਸਟਿਸ ਆਨੰਦਾ ਮੋਹਨ (ਜਸਟਿਸ, ਸੁਪਰੀਮ ਕੋਰਟ ਆਫ਼ ਨੇਪਾਲ), ਜਸਟਿਸ ਪ੍ਰੀਸ਼ਾਥ ਡੀਪ (ਸ਼੍ਰੀ ਲੰਕਾ ਦੇ ਜੱਜ ਅਤੇ ਵਕੀਲ), ਪ੍ਰੋ. ਡੋਮੋਨਿਕੋ ਐਮੀਰੈਂਟ (ਪ੍ਰੋਫੈਸਰ ਡੋਮੇਨਿਕੋ ਐਮੀਰੈਂਟ ਯੂਨੀਵਰਸਿਟੀ ਆਫ਼ ਕੈਂਪਨੀਆ), ਐਲੀ ਕੋਹੇਨ (ਦਿ ਕਲਾਈਮੈਂਟ ਸੈਂਟਰ, ਇਸਰਾਈਲ ਦੇ ਸੀ.ਈ.ਓ ਅਤੇ ਸੰਸਥਾਪਕ) ਅਤੇ ਪ੍ਰੋ. ਮੁਹੰਮਦ ਤਾਵਿਕ ਲਦਾਨ (ਐਨ.ਆਈ.ਏ.ਐਲ.ਐਸ ਨਾਈਜ਼ੀਰੀਆ ਦੇ ਡਾਇਰੈਕਟਰ ਜਨਰਲ) ਅੰਤਰਰਾਸ਼ਟਰੀ ਵੈਬਿਨਾਰ ਦੇ ਵੱਖ-ਵੱਖ ਸੈਸ਼ਨਾਂ ਨੂੰ ਸੰਬੋਧਨ ਕਰਨਗੇ।

# ਆਖਿਰ ਕਦੋਂ ਤੱਕ ਦੇਸ਼ ਦਾ ਅੰਨਦਾਤਾ ਕਰਦਾ ਰਹੇਗਾ ਖੁਦਕਸ਼ੀਆਂ



ਬੱਗਾ ਸੇਲਕੀਆਣਾ
91-98762-87262

ਪੂਰੇ ਮੁਲਕ ਦੇ ਪੇਟ ਦੀ ਭੁੱਖ ਮਿਟਾਉਣ ਵਾਲਾ ਦੇਸ਼ ਦਾ ਅੰ-ਨਦਾਤਾ ਜਦੋਂ ਦਾ ਹੋਂਦ ਚ ਆਇਆ ਕੋਈ ਨਾ ਕੋਈ ਮੁਸੀਬਤ ਚ ਉਲਝਿਆ ਹੀ ਦਿਸਿਆ ਜਿਨਾਂ ਚ ਕਦੇ ਫਸਲ ਦਾ ਸਮਰਥਨ ਮੁੱਲ ਨਾਂ ਮਿਲਣਾ, ਜਾਂ ਸੁੱਟੀ ਫਸਲ ਦੀ ਅਦਾਇਗੀ ਨਾਂ ਹੋਣੀ, ਕਦੇ ਸੋਕਾ ਪੈ ਗਿਆ, ਕਦੇ ਪਾਣੀ ਦੀ ਮਾਰ ਪੈ ਗਈ, ਕਦੇ ਫਸਲ ਦਾ ਸਹੀ ਨਾ ਹੋ ਪਾਉਣਾ ਜਾਂ ਮੰਡੀ ਚ ਵੇਚਣ ਲਈ ਲਿਆਦੀ ਜਿਣਸ ਦਾ ਭਾਅ ਨਾਂ ਲੱਗਣਾ, ਕਦੇ ਡੀਜਲ ਦੇ ਭਾਅ ਵੱਧ ਗਏ,ਕਦੇ ਮਸ਼ੀਨਰੀ ਖਰਾਬੀ, ਕਦੇ ਖਾਦਾਂ ਅਤੇ ਦਵਾਈਆਂ ਦੇ ਖਰਚੇ ਆਦਿ ਤੇ ਇਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਪੰਜਾਬ ਸਾਰੇ ਰਾਜਾਂ ਨਾਲੋਂ ਖੇਤੀ ਪ੍ਰਧਾਨ ਸੂਬਾ ਹੈ ਤੇ ਬਹੁਤੇ ਕਿਸਾਨਾਂ ਦੇ ਘਰਦੇ ਖਰਚੇ ਖੇਤੀ ਦੇ ਧੰਦੇ ਨਾਲ ਹੀ ਚੱਲਦੇ ਹਨ ਇਥੇ ਦਾ ਖਾਸਕਰ ਦੋਆਬੇ ਦਾ ਕਿਸਾਨ ਬਹੁਤ ਅਮੀਰ ਵੀ ਹੈ ਤੇ ਹਰ ਸੁੱਖ ਸਹੂਲਤ ਉਸਦੇ ਕੋਲ ਹੈ ਪਰ ਜਦੋਂ ਕਿਤੇ ਕਿਸਾਨ ਵਲੋਂ ਪੁੱਤਾਂ ਵਾਂਗ ਪਾਲੀ ਹੋਈ ਫਸਲ ਦਾ ਪੂਰਾ ਸਮਰਥਨ ਮੁੱਲ ਨਾ ਮਿਲੇ ਤਾਂ ਆੜਤੀਏ ਜਾਂ ਬੈਂਕਾਂ ਤੋਂ ਲਿਆ ਕਰਜਾ ਵਿਆਜ ਦੇ ਹਨੇਰੇ ਵਿੱਚ ਮੌਤ ਦਾ ਕਾਲ ਬਣ ਕੇ ਲੁਕ ਜਾਂਦਾ ਹੈ ਤੇ ਜੋ ਸਰਕਾਰ ਵਲੋਂ ਕਰਜਾ ਯੋਜਨਾ ਸਕੀਮ ਸ਼ੁਰੂ ਕੀਤੀ ਹੈ ਇਸ ਦੇ ਮੱਕੜ ਜਾਲ ਚ ਫਸਣ ਲਈ ਮਜਬੂਰ ਹੋ ਜਾਂਦਾ ਹੈ ਤੇ ਕਰਜਾ ਲੈਣਾ ਉਸ ਦੀ ਮਜਬੂਰੀ ਬਣ ਜਾਂਦੀ ਹੈ ਕਿਉਕਿ ਕਿਸਾਨ ਦੁਵਾਰਾ ਬੀਜੀ ਫਸਲ ਤੇ ਕੀਤੀ ਮਿਹਨਤ ਦਾ ਮੁੱਲ ਤਾਂ ਪੈਸੇ ਦੇ ਕੇ ਹੀ ਮੋੜਨਾਂ ਪੈਂਦਾ ਹੈ ਅਗਰ ਕਿਸਾਨ ਨੂੰ ਮੰਡੀ ਚ ਸੁੱਟੀ ਫਸਲ ਦੀ ਰਕਮ ਸਮੇਂ ਸਿਰ ਮਿਲ ਜਾਵੇ ਤਾਂ ਬਹੁਤ ਵਧੀਆਂ ਨਹੀਂ ਤਾਂ ਕਰਜਾ ਤਾਂ ਲੈਕੇ ਹੀ ਆਪਣੀ ਲੇਬਰ ਨੂੰ ਖਰਚਾ ਦੇਣਾ ਪੈਂਦਾ ਹੈ ਤੇ ਆਪਣੀ ਫਸਲ ਦੇ ਪੈਸੇ ਸਰਕਾਰ ਕੋਲੋਂ ਪਤਾ ਨਹੀਂ ਕਦੋਂ ਮਿਲਣੇ ਆਂ ਇਸ ਦੀ ਕੋਈ ਗਰੰਟੀ ਨਹੀਂ ਇੱਕ ਗੱਲ ਹੋਰ ਦੇਖਣ ਚ ਆਈ ਹੈ ਕਿ ਪਿਛਲੇ ਸੱਤ ਅੱਠ ਸਾਲ ਤੋਂ ਕਿਸਾਨਾਂ ਦੇ ਗੰਨੇ ਦੀ ਫਸਲ ਦੇ ਪੈਸੇ ਸਰਕਾਰ ਵੱਲ ਜਾਂ ਖੰਡ ਮਿੱਲਾਂ ਵੱਲ ਬਕਾਇਆ ਖੜੇ ਹਨ ਪਰ ਜੋ ਅਜੇ ਤੱਕ ਨਹੀਂ ਮਿਲੇ ਤੇ ਜਿਹੜੇ ਕਿਸਾਨਾਂ ਨੇ ਆੜਤੀਏ ਜਾਂ ਬੈਂਕਾਂ ਤੋਂ ਕਰਜਾ ਲਿਆ ਹੈ ਉਸ ਦੇ ਵਿਆਜ ਨੂੰ ਵਿਆਜ ਲੱਗ ਰਿਹਾ ਹੈ ਤੇ ਜਿਹੜਾ ਕਿਸਾਨਾਂ ਨੇ ਸਰਕਾਰ ਤੋਂ ਜਾਂ ਆੜਤੀਆਂ ਕੋਲੋ ਆਪਣੀ ਫਸਲ ਦਾ ਪੈਸਾ



ਲੈਣਾ ਹੈ ਉਸ ਦਾ ਕੋਈ ਵਿਆਜ ਨਹੀ ਇਥੇ ਵੀ ਕਿਸਾਨ ਦਾ ਰੱਜ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ ਇਹ ਕਰਜਾ ਇਸ ਕਿਸਾਨ ਦੀ ਜਾਨ ਦਾ ਦੁਸ਼ਮਣ ਬਣ ਜਾਂਦਾ ਹੈ ਤੇ ਇਹ ਕਰਜਾ ਬੇਸ਼ੱਕ ਮੁੜੇ ਚਾਹੇ ਨਾਂ ਮੁੜੇ ਕਿਸਾਨ ਪ੍ਰੇਸ਼ਾਨੀ ਦੇ ਆਲਮ ਵਿਚੋਂ ਗੁਜਰਦਾ ਹੋਇਆ ਤੇ ਆਪਣੇ ਸਮਾਜ ਚ ਆਪਣੇ ਸਮਾਨ ਜਾਂ ਜਮੀਨ ਦੀ ਕੁਰਕੀ ਹੋਣ ਜਾਂ ਇੱਕ ਕਰਜਾਈ ਹੋਣ ਦਾ ਠੱਪਾ ਲੱਗਣ ਦੇ ਡਰੋਂ ਤੇ ਬੈਂਕ ਮੁਲਾਜਮਾਂ ਤੇ ਆੜਤੀਏ ਦੇ ਗੇੜੇ ਤੋਂ ਬਚਦਾ ਹੋਇਆ ਤੇ ਇਹ ਅੰਨਦਾਤਾ ਇਸ ਜੱਗ ਤੋਂ ਸਦਾ ਲਈ ਦੂਰ ਚਲਾ ਜਾਂਦਾ ਹੈ ਤੇ ਮਗਰ ਕਰਜਾਈ ਕਿਸਾਨ ਦੇ ਪ੍ਰਿਵਾਰਕ ਮੈਂਬਰ ਵੀ ਅਨੇਕਾਂ ਮੁਸ਼ਕਿਲਾ ਚ ਘਿਰੇ ਨਜਰ ਆਉਦੇ ਹਨ ਤੇ ਸਮੇਂ ਦੀਆਂ ਸਰਕਾਰਾਂ ਦੇ ਲੀਡਰ ਮ੍ਰਿਤਕ ਕਿਸਾਨ ਦੇ ਕਰਜੇ ਮੁਆਫੀ ਦੀਆਂ ਲਿਸਟਾਂ ਬਣਾਕੇ ਆਪਣੇ ਕੋਲ ਹੀ ਰੱਖ ਛੱਡਦੇ ਹਨ ਤੇ ਆਮ ਸ਼ੋਸਲ ਮੀਡੀਆ ਤੇ ਦੇਖਣ ਤੇ ਸੁਣਨ ਨੂੰ ਮਿਲਦਾ ਹੈ ਤੇ ਕਈ ਤਾਂ ਉਹ ਕਿਸਾਨਾਂ ਦੇ ਪ੍ਰਿਵਾਰਕ ਮੈਂਬਰ ਕਰਜੇ ਮੁਆਂਫੀ ਵਾਲੇ ਨਾਮ ਦੀ ਲਿਸਟ ਲੈਕੇ ਉਨਾਂ ਲਾਰੇਬਾਜ ਗੱਪੀ ਲੀਡਰਾਂ ਦੇ ਦਫਤਰਾਂ ਚ ਗੇੜੇ ਮਾਰਦੇ ਜਰੂਰ ਦੇਖੇ ਜਾਂਦੇ ਹਨ ਅਤੇ ਆਖਿਰ ਉਨਾਂ ਪਰਿਵਾਰਕ ਮੈਂਬਰਾਂ ਨੂੰ ਖੁਦਕਸ਼ੀ ਵਾਲਾ ਰਸਤਾ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਬੜੇ ਹੈਰਾਨੀ ਵਾਲੀ ਗੱਲ ਹੈ ਕਿ ਆਖਿਰ ਕਦੋਂ ਤੱਕ ਦੇਸ਼ ਦਾ ਅੰਨਦਾਤਾ ਖੁਦਕਸ਼ੀਆਂ ਵਾਲੇ ਪਾਸੇ ਜਾਣ ਲਈ ਮਜਬੂਰ ਹੰਦਾ ਰਹੇਗਾ ਤੇ ਸਰਕਾਰ ਲਈ ਬੜਾ ਗੰਭੀਰ ਵਿਸ਼ਾ ਬਣਿਆ ਹੋਇਆ ਹੈ ਤੇ ਇਨਾਂ ਖੁਦਕਸ਼ੀਆਂ ਨੂੰ ਰੋਕਣ ਲਈ ਸਰਕਾਰ ਨੂੰ ਖਾਸ ਕਦਮ ਚੁੱਕਣ ਦੀ ਲੋੜ ਹੈ ਵੱਖ ਵੱਖ ਫਸਲਾਂ ਦੇ ਪੈਸੇ ਜਿਸ ਵੀ ਫਰਮ ਕੋਲੌਂ ਹਨ ਉਨਾਂ ਕੋਲੋਂ ਜਰੂਰ ਦਿਵਾਏ ਜਾਣ ਤੇ ਦੇਸ਼ ਵਿਚੋਂ ਬੇਰੁਜਗਾਰੀ, ਮਹਿੰਗਾਈ ਨੂੰ ਕੰਟਰੋਲ ਕਰਨ ਲਈ ਜੋ ਸਰਕਾਰ ਬਣਨ ਤੋਂ ਪਹਿਲਾਂ ਵਾਅਦੇ ਕੀਤੇ ਸਨ ਉਹ ਜਰੂਰ ਪੂਰੇ ਕੀਤੇ ਜਾਣ ਤੇ ਜਿਹੜਾ ਨਵਾਂ ਕਿਸਾਨੀ ਮੁੱਦਾ ਸਰਕਾਰ ਵਲੋਂ ਸਹੇੜਿਆ ਇਸ ਦਾ ਵੀ ਹੱਲ ਕਰਨ ਦੀ ਲੋੜ ਹੈ ਤੇ ਜੋ ਸਰਕਾਰ ਨੇ ਕਿਸਾਨ ਵਿਰੋਧੀ ਬਿੱਲ ਪਾਸ ਕਰਕੇ ਫਸਲਾਂ ਦੇ ਨਾਲ ਨਾਲ ਨਸਲਾਂ ਨੂੰ ਵੀ ਤਬਾਹ ਕਰਨ ਦੀ ਕਸਮ ਖਾਕੇ ਆਪਣਾ ਸੋਹਣਾ ਦੇਸ਼ ਜੋ ਦੇਸ਼ ਦੇ ਮਹਾਨ ਯੋਧਿਆਂ ਨੇ ਜਾਨ ਦੀਆਂ ਕੁਰਬਾਨੀਆਂ ਦੇ ਕੇ ਮਸਾਂ ਹੀ ਅਜਾਦ ਕਰਵਾਇਆ ਸੀ ਮੁੜ ਉਸ ਹਾਲਤ ਲਿਆਉਣ ਲਈ ਦੇਸ਼ ਦੇ ਲੋਕਤੰਤਰ ਦਾ ਕਤਲ ਕਰਕੇ ਪ੍ਰਾਈਵੇਟ ਘਰਾਣਿਆਂ ਦੀ ਚੁੰਗਲ ਫਸਾਉਣ ਦੀ ਕੇਂਦਰ ਸਰਕਾਰ ਨੇ ਕੋਈ ਕਸਰ ਨਹੀਂ ਛੱਡੀ ਤੇ ਹੁਣ ਕਿਸਾਨਾਂ ਦੇ ਨਾਲ ਨਾਲ ਦੇਸ ਵਾਸੀ ਸੋਚਣ ਲਈ ਮਜਬੂਰ ਹੋਇਆ ਕਹਿੰਦਾ ਹੈ ਦੇਸ਼ ਨਹੀਂ ਮਾੜਾ ਦੇਸ਼ ਨੂੰ ਚਲਾਉਣ ਵਾਲੇ ਦੇਸ਼ ਨੂੰ ਵੇਚਣ ਚੱਲੇ ਨੇ--।

# ਮਿਹਨਤ ਅਤੇ ਇਮਾਨਦਾਰੀ ਦਾ ਪ੍ਰਤੀਕ ਮਾਸਟਰ ਸੰਕਰ ਦਾਸ ਸੈਣੀ



ਮੇਜਰ ਸਿੰਘ ਨਾਭਾ
91-94635-53962

ਸਾਹਮਣੇ ਰੱਖੀ ਮੰਜ਼ਿਲ ਨੂੰ ਪਾਉਣਾ ਸੌਖਾ ਨਹੀਂ ਹੁੰਦਾ ਪਰ ਲਗਨ ਅਤੇ ਦ੍ਰਿੜ ਇਰਾਦੇ ਵਾਲੇ ਵਿਰਲੇ ਹੀ ਹੁੰਦੇ ਹਨ ਜੋ ਸਫਲ ਹੋ ਜਾਂਦੇ ਹਨ। ਉਨ੍ਹਾਂ 'ਚੋਂ ਹੀ ਇੱਕ ਸਖਸ਼ੀਅਤ ਹੈ ਮਾਸਟਰ ਸੰਕਰ ਦਾਸ ਸੈਣੀ ਜਿਹੜੇ ਸਿੱਖਿਆ ਵਿਭਾਗ 'ਚੋਂ ਬਤੌਰ ਪੰਜਾਬੀ ਮਾਸਟਰ ਸ਼ਾਨਦਾਰ ਸੇਵਾਵਾਂ ਦੇ ਕੇ ਸਰਕਾਰੀ ਹਾਈ ਸਕੂਲ ਮੰਡੋਲੀ (ਪਟਿਆਲਾ) ਤੋਂ 31 ਜਨਵਰੀ 2021 ਨੂੰ ਸੇਵਾ ਮੁਕਤ ਹੋ ਰਹੇ ਹਨ।ਉਨ੍ਹਾਂ ਦਾ ਜਨਮ ਸ੍ਰੀ ਰਤਨ ਚੰਦ ਦੇ ਘਰ ਮਾਤਾ ਸ਼੍ਰੀਮਤੀ ਅਮਰੋ ਦੇਵੀ ਦੀ ਕੁੱਖੋਂ 12 ਜਨਵਰੀ 1963 ਨੂੰ ਪਿੰਡ ਖੇੜੀ ਜਿਲ੍ਹਾ ਰੋਪੜ ਵਿਖੇ ਹੋਇਆ। ਉਨ੍ਹਾਂ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ.ਖੇੜੀ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਅੱਠਵੀਂ ਤੱਕ ਦੀ ਪੜ੍ਹਾਈ ਸ.ਮਿ.ਸ. ਬੜਵਾ ਅਤੇ ਦਸਵੀਂ ਤੱਕ ਦੀ ਪੜ੍ਹਾਈ 1980 ਵਿੱਚ ਸ.ਹ.ਸ. ਚਨੌਲੀ (ਰੋਪੜ) ਤੋਂ ਪ੍ਰਾਪਤ ਕਰ ਲਈ ।ਪਰਿਵਾਰ ਦੀ ਆਰਥਿਕ ਮੰਦਹਾਲੀ ਕਾਰਣ ਉਨ੍ਹਾਂ ਨੇ ਜਲਦੀ ਰੋਜਗਾਰ ਦੀ ਪ੍ਰਾਪਤੀ ਲਈ ਦਸਵੀਂ ਪਾਸ ਕਰਨ ਉਪਰੰਤ ਸਰਕਾਰੀ ਉਦਯੋਗਿਕ ਟ੍ਰੇਨਿੰਗ ਸੰਸਥਾ ਨੰਗਲ ਡੈਮ ਤੋਂ ਦੋ ਸਾਲਾ ਸਰਟੀਫਿਕੇਟ ਕੋਰਸ 1982 ਵਿੱਚ ਪ੍ਰਾਪਤ ਕਰ ਲਿਆ ।ਉਨ੍ਹਾਂ ਨੇ ਐਸਕਾਰਟਸ ਲਿਮ: ਬਹਾਦਰਗੜ੍ਹ ਵਿਖੇ 12 ਨਵੰਬਰ 1982 ਤੋਂ 11 ਨਵੰਬਰ 1983 ਤੱਕ ਇੰਟਰਨਲਸ਼ਿਪ ਲਗਾਈ।ਇਥੇ ਹੀ 15 ਅਕਤੂਬਰ 1984 ਤੋਂ ਬਤੌਰ ਟੈਕਨੀਸੀਅਨ 10 ਸਤੰਬਰ 1997 ਤੱਕ ਸੇਵਾ ਨਿਭਾਈ।ਇਸ ਦੌਰਾਨ 1994 ਵਿੱਚ ਸਵ: ਸ਼੍ਰ. ਮਹਿੰਦਰ ਸਿੰਘ ਵਿੱਤ ਅਫਸਰ / ਡੀ.ਆਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਪੁੱਤਰੀ



ਬੀਬਾ ਕੁਲਜੀਤ ਕੌਰ ਨਾਲ ਵਿਆਹ ਹੋ ਗਿਆ । ਇਸੇ ਦੌਰਾਣ ਉਸ ਨੇ ਪੜ੍ਹਾਈ ਦੇ ਸ਼ੌਕ ਨੂੰ ਜਾਰੀ ਰੱਖਿਆ। ਉਨ੍ਹਾਂ ਨੇ ਪ੍ਰਾਈਵੇਟ ਤੌਰ ਤੇ ਗਿਆਨੀ ਸਤੰਬਰ 1988 ਵਿੱਚ ਕਰ ਲਈ। ਉਨ੍ਹਾਂ ਨੇ ਦਸੰਬਰ 1990 ਵਿੱਚ ਬੀ.ਏ. ਕਰਨ ਤੋਂ ਬਾਅਦ ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ ਤੋਂ ਕਰ ਲਈ। ਕਠੋਰਤਾ ਤੋਂ ਸੂਖਮਤਾ ਵੱਲ ਆਉਣ ਦੀ ਰੁੱਚੀ ਨੇ ਉਨ੍ਹਾਂ ਦੇ ਮਨ ਅੰਦਰ ਅਧਿਆਪਕ ਬਣਨ ਦੀ ਤਮੰਨਾ ਪੈਦਾ ਕਰ ਦਿੱਤੀ। ਇਸ ਲਈ ਉਨ੍ਹਾਂ ਨੇ ਜੰਮੂ ਯੂਨੀਵਰਸਿਟੀ ਤੋਂ ਪੱਤਰ-ਵਿਹਾਰ ਰਾਹੀਂ 1995 ਵਿੱਚ ਬੀ.ਐਡ. ਕਰਕੇ ਅਧਿਆਪਕ ਲੱਗਣ ਲਈ ਯੋਗਤਾ ਪਾਪਤ ਕਰ ਲਈ। ਇਹ ਸੁਪਨਾ ਉਨ੍ਹਾਂ ਦਾ ਉਦੋਂ ਪੂਰਾ ਹੋ ਗਿਆ ਜਦੋਂ ਉਨ੍ਹਾਂ ਦੀ ਬਤੌਰ ਜੇ.ਬੀ.ਟੀ. ਅਧਿਆਪਕ ਨਿਯੁਕਤੀ ਹੋ ਗਈ ਅਤੇ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਬਠਲੀ (ਪਟਿਆਲਾ) ਵਿਖੇ 11 ਸਤੰਬਰ 1997 ਨੂੰ ਹਾਜ਼ਰੀ ਦੇ ਕੇ ਟੈਕਨੀਸ਼ੀਅਨ ਦੇ ਕਠੋਰ ਕੰਮ ਨੂੰ ਤਿਲਾਂਜਲੀ ਦੇ ਦਿੱਤੀ। ਇਥੇ ਤੱਕ ਪੁੱਜਣ 'ਚ ਉਹ ਆਪਣੇ ਭੈਣੋਈਏ ਸਵ: ਸ੍ਰੀ ਹਰੀ ਕ੍ਰਿਸ਼ਨ ਸੈਣੀ ਦੇ ਵਿਸ਼ੇਸ਼ ਸਹਿਯੋਗ ਦਾ ਵੱਡਾ ਅਹਿਸਾਨ ਮੰਨਦੇ ਹਨ।ਮਾਸਟਰ ਕਾਡਰ ਦੀਆਂ ਆਸਾਮੀਆਂ ਲਈ ਭਰਤੀ ਹੋਣ ਸਮੇਂ ਸੰਕਰ ਦਾਸ ਸੈਣੀ ਦੀ ਨਿਯੁਕਤੀ ਬਤੌਰ ਪੰਜਾਬੀ ਮਾਸਟਰ ਹੋ ਗਈ। ਉਨ੍ਹਾਂ ਜੇ.ਬੀ.ਟੀ. ਦੀ ਆਸਾਮੀ ਤੋਂ ਅਸਤੀਫਾ ਦੇ ਕੇ 26 ਅਗਸਤ 1998 ਨੂੰ ਬਤੌਰ ਪੰਜਾਬੀ ਮਾਸਟਰ ਸ.ਹ.ਸ. ਸਮਗੋਲੀ (ਪਟਿਆਲਾ) ਵਿਖੇ ਹਾਜ਼ਰੀ ਦਿੱਤੀ ਅਤੇ ਇਸ ਸਕੂਲ ਵਿੱਚ 7 ਜੁਲਾਈ 1999 ਤੱਕ ਕੰਮ ਕੀਤਾ। ਉਨ੍ਹਾਂ ਨੇ ਸ.ਹ.ਸ.ਉਲਾਣਾ ਵਿਖੇ ਬਦਲੀ ਹੋਣ ਉਪਰੰਤ 8 ਜੁਲਾਈ 1999 ਤੋਂ 2 ਨਵੰਬਰ 2003 ਤੱਕ ਇਮਾਨਦਾਰੀ ਨਾਲ ਸੇਵਾ ਨਿਭਾਈ। ਘਰ ਤੋਂ ਦੂਰ ਹੋਣ ਕਾਰਣ ਨੇੜੇ ਦੇ ਸਕੂਲ ਸ.ਹ.ਸ.ਮੰਡੋਲੀ (ਪਟਿ:) ਵਿਖੇ ਬਦਲੀ ਕਰਵਾ ਕੇ 3 ਨਵੰਬਰ 2003 ਨੂੰ ਇਥੇ ਆ ਕੇ ਹਾਜ਼ਰੀ ਦਿੱਤੀ ਅਤੇ ਸੇਵਾ ਮੁਕਤੀ ਤੱਕ ਪੂਰੀ ਲਗਨ ਅਤੇ ਮਿਹਨਤ ਨਾਲ ਉਹ ਬੱਚਿਆਂ ਨੂੰ ਪੜ੍ਹਾਉਂਦੇ ਰਹੇ ਹਨ। ਉਨ੍ਹਾਂ ਦੇ ਵਿਸ਼ੇ ਦਾ ਨਤੀਜਾ ਹਮੇਸ਼ਾ ਬੋਰਡ ਦੇ ਨਤੀਜਿਆਂ ਤੋਂ ਵੱਧ ਆ ਰਿਹਾ ਹੈ। ਉਹ ਲੋੜਵੰਦ ਬੱਚਿਆਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ ਰਹਿੰਦੇ ਹਨ।

ਸੰਕਰ ਦਾਸ ਸੈਣੀ ਸਕੂਲ ਦੇ ਕਲੈਰੀਕਲ ਕੰਮ ਕਰਨ 'ਚ ਮਾਹਿਰ ਹੈ। ਉਹ ਅਧਿਆਤਮਕ ਪੱਖੋਂ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ । ਉਹ ਆਪਣੀ ਸੁਪਤਨੀ ਸ਼ੀਮਤੀ ਕੁਲਜੀਤ ਕੌਰ (ਲਾਇਬ੍ਰੇਰੀ ਅਸਿਸਟੈਂਟ, ਪੰਜਾਬੀ ਯੂਨੀਵਰਸਿਟੀ) ਅਤੇ ਇਕਲੌਤੀ ਬੇਟੀ ਸਿਮਰਨਜੀਤ ਸੈਣੀ ਜੋ ਕਿ ਬੀ.ਐਸ.ਸੀ. (ਆਨਰਜ਼ ਇਨ ਇਕਨਾਮਿਕਸ) ਪੰਜਾਬੀ ਯੂਨੀਵਰਸਿਟੀ ਵਿਖੇ ਕਰ ਰਹੀ ਹੈ, ਨਾਲ ਜੀ.ਐੱਚ.ਐੱਸ. ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ। ਇਸ ਜੋੜੇ ਨੂੰ ਅਪਣੀ ਬੇਟੀ ਤੇ ਪੂਰਾ ਮਾਣ ਹੈ ਜਿਸ ਨੇ ਲੜਕੀਆਂ ਪ੍ਰਤੀ ਅੱਜ ਦੇ ਸਮਾਜ ਦੀ ਸੋਚ ਨੂੰ ਨਕਾਰਦੇ ਹੋਏ ਲੜਕਿਆਂ ਬਰਾਬਰ ਹੀ ਨਹੀਂ ਸਗੋਂ ਵਧੇਰੇ ਮੌਕੇ ਪ੍ਰਦਾਨ ਕਰਨ ਦਾ ਅਹਿਦ ਲਿਆ ਹੈ। ਉਨ੍ਹਾਂ ਦੀ ਇਸ ਸੋਚ ਨੂੰ ਸਲਾਮ ਹੈ। ਪ੍ਰਮਾਤਮਾ ਹਮੇਸ਼ਾ ਉਨ੍ਹਾਂ ਨੂੰ ਅਤੇ ਪਰਿਵਾਰ ਨੂੰ ਚੜ੍ਹਦੀਕਲਾ ਬਖਸ਼ੇ।

## ਤਰੀਕ ਤੇ ਤਰੀਕ

ਤੇਰਾ ਫ਼ੈਸਲਾ ਨੀ ਹੈਗਾ ਇਹ ਠੀਕ ਦਿੱਲੀਏ
ਪਾਈ ਜਾਨੀਂ ਏਂ ਤਰੀਕ ਤੇ ਤਰੀਕ ਦਿੱਲੀਏ।

ਅੰਨਦਾਤੇ ਦਾ ਤੂੰ ਪਰਖੀ ਜਾਨੀ ਏ ਸਬਰ
ਟਾਲ ਮਟੋਲ ਵੀ ਹੁੰਦੈ ਇੱਕ ਹੱਦ ਤੀਕ ਦਿੱਲੀਏ ।

ਜੇ ਹੱਥ ਤੇਰੀ ਕੁਰਸੀ ਦੇ ਪਾਵਿਆਂ ਨੂੰ ਪਾ ਲਿਆ
ਚੱਡਿਆਂ ਚ ਲੈ ਕੇ ਪੂਛ ਉੱਠੇਂਗੀ ਤੂੰ ਚੀਕ ਦਿੱਲੀਏ ।

ਵੇਲੇ ਸਿਰ ਪਾ ਲੈ ਝੋਲੀ ਚੁੱਕ ਡੁੱਲੈਹੇ ਹੋਏ ਬੇਰਾਂ ਨੂੰ
ਪਛਤਾਵੇਂਗੀ ਜੇ ਸਾਡੀ ਮੁੱਕਗੀ ਉਡੀਕ ਦਿੱਲੀਏ ।

ਕੋਝੀਆਂ ਤੂੰ ਚਾਲਾਂ ਸਦੀਆਂ ਤੋਂ ਆਈ ਚੱਲਦੀ
ਸਾਡੀ ਪੀੜ ਦੀ ਵੀ ਕਦੇ ਬਣ ਜਾ ਸ਼ਰੀਕ ਦਿੱਲੀਏ ।

ਇੱਟ ਕੁੱਤੇ ਦਾ ਤੂੰ ਸਦੀਆਂ ਤੋਂ ਵੈਰ ਰੱਖਿਆ
ਜੱਗੋਂ ਤੇਰਵੀਂ ਕੋਈ ਗੱਲ ਕਰ ਬਣਕੇ ਰਫ਼ੀਕ ਦਿੱਲੀਏ ।

ਕੁਝ ਪਾ ਗਏ ਸ਼ਹੀਦੀਆਂ ਤੇ ਅਸੀਂ ਤਿਆਰ ਬੈਠੇ ਹਾਂ
ਜਿੱਤ ਕੇ ਹੀ ਮੁੜਨਾ, ਹੈ ਗੱਲ ਤਸਦੀਕ ਦਿੱਲੀਏ।

ਜਤਿੰਦਰ ਭੁੱਚੋ
91-95014-75400



## ਮੋਦੀ-ਨੀਂਦ

ਪਾਸ ਕੀਤੇ ਕਾਨੂੰਨ ਜਿਹੜੇ ਹੁਣ ਲਾਗੂ ਕਿਉਂ ਨਹੀਂ ਕਰਦਾ
ਜਣਾ ਖਣਾ ਹੁਣ ਵੇਖੀ ਤੇਰੀ ਧੌਣ ਤੇ ਗੋਡਾ ਧਰਦਾ
ਪੁੱਠੇ ਸਿੱਧੇ ਕੰਮ ਤੂੰ ਕੀਤੇ ਕਿਉਂ ਤੂੰ ਕਰਦਾ ਜਾਣ ਕੇ
ਜਾਗ ਵੇ ਸੁੱਤੇ ਮੋਦੀਆ ਕਿਉਂ ਪੈ ਗਿਆ ਲੰਮੀ ਤਾਣ ਕੇ।

ਪਹਿਲਾਂ ਖਾ ਗਏ ਧੋਖਾ ਤੇ ਹੁਣ ਹੋਰ ਸਹਿਣ ਨਾ ਹੋਵੇ
ਇਸੇ ਕਰਕੇ ਪਿੱਟੀ ਦੁਨੀਆਂ ਹੁਣ ਜਾਨ ਤੇਰੀ ਨੂੰ ਰੋਵੇ
ਕਿਵੇਂ ਚੱਕ ਲਈਆਂ ਕਿਰਪਾਨਾਂ ਸਭ ਨੇ ਲਾ ਲਈਆਂ ਨੇ ਜਾਨ ਤੇ
ਉੱਠ ਜਾਗ ਵੇ ਸੁੱਤੇ ਮੋਦੀਆ ਕਿਉਂ ਪੈ ਗਿਆ ...

ਲੁੱਟ-ਖੋਹ ਦੀ ਕੋਈ ਹੱਦ ਹੁੰਦੀ ਨਾ ਰੋਟੀ ਕਿਸੇ ਨੂੰ ਮਿਲਦੀ
ਜੇ ਮੰਨ ਲਵੇ ਪੁੱਤ ਮੇਰਿਆ ਵੇ ਤੈਨੂੰ ਬਾਤ ਸੁਣਾਵਾਂ ਦਿਲ ਦੀ
ਤੂੰ ਤਾਂ ਤੇਰੇ ਸਾਥੀਆਂ ਨੇ ਲੱਕ ਬੰਨਿਆ ਸਭ ਨੂੰ ਖਾਣ ਤੇ
ਉੱਠ ਜਾਗ ਵੇ ਸੁੱਤੇ ਮੋਦੀਆ ਕਿਉਂ ਪੈ ਗਿਆ ...

ਸੰਤੋਖ ਸਬਰ ਦੀ ਹੁੰਦੀ ਨਾ ਵੱਜਣੇ ਕਦੇ ਘੁਰਾੜੇ
ਵੇਖੀ ਮੰਨ ਲੈਣੀਆਂ ਮੰਗਾਂ ਪਿੱਛੋਂ ਲੋਕ ਕਹੇਂਗਾ ਮਾੜੇ
ਮਾੜੇ ਵੀ ਫਿਰ ਲੈਣ ਤਾਂ ਬਦਲਾ ਲੈਂਦੇ ਖਾਕ ਤਾਂ ਛਾਣਕੇ
ਉੱਠ ਜਾਗ ਵੇ ਸੁੱਤੇ ਮੋਦੀਆ ਕਿਉਂ ਪੈ ਗਿਆ ...

ਕਰਨ ਮੀਟਿੰਗਾਂ ਤੋਰ ਦੇਵੇ ਕੋਈ ਗੱਲ ਨਾ ਭਾਂਡੇ ਪਾਉਂਦੇ
ਤਾਹੀਉਂ 'ਪਿੰਡ ਘੋਲੀਆ' ਦਿੱਲੀ ਦੇ ਵਿਚ ਬਹਿ ਗਿਆ ਸਾਰਾ ਆਣ ਕੇ
ਉੱਠ ਜਾਗ ਵੇ ਸੁੱਤੇ ਮੋਦੀਆ ਕਿਉਂ ਪੈ ਗਿਆ ਲੰਮੀਆਂ ਤਾਣ ਕੇ।



- ਦੇਵ ਘੋਲੀਆ ਖੁਰਦ
669-232-7764

# ਦੁਨੀਆ ਦਾ ਵਿਲੱਖਣ ਅਧਿਆਪਕ - ਰਣਜੀਤ ਸਿੰਘ ਦੀਸਾਲੇ



**ਰਾਜ ਹੀਉਂ (ਬੰਗਾ)**
**98154-61875**

**ਇਸ ਵਰੇ ਦੇ ਗਲੋਬਲ ਪੁਰਸਕਾਰ ਵਿਜੇਤਾ ਮਾ. ਦਿਸਾਲੇ ਵੱਲੋਂ ਇਨਾਮ ਵਜੋਂ ਮਿਲੇ 10 ਲੱਖ ਡਾਲਰ ਵਿੱਚੋਂ ਅੱਧੇ ਮੁਕਾਬਲੇ 'ਚ ਰਹਿਣ ਵਾਲੇ ਨੌਂ ਅਧਿਆਪਕਾਂ ਵਿਚਕਾਰ ਵੰਡ ਦਿੱਤੇ ਗਏ**

ਕੋਰੋਨਾ ਮਹਾਂਮਾਰੀ ਦੇ ਇਸ ਦੌਰ ਵਿੱਚ ਜਦੋਂ ਸਮੁੱਚੀ ਦੁਨੀਆ ਇਸ ਬਿਮਾਰੀ ਦੀ ਚਪੇਟ ਵਿੱਚ ਹੈ। ਇਸ ਸਮੇਂ ਜਦੋਂ ਭਾਰਤ ਵਿੱਚ ਵੀ ਲਾਕਡਾਊਨ ਅਤੇ ਕਰਫਿਊ ਵਰਗੀਆਂ ਬੰਦਸ਼ਾਂ ਤਹਿਤ ਅੱਧ-ਮਾਰਚ ਤੋਂ ਸਭ ਸਕੂਲ ਬੰਦ ਪਏ ਹਨ। ਬੱਚੇ ਘਰਾਂ ਵਿੱਚ ਹੀ ਆਨ-ਲਾਇਨ ਸਿੱਖਿਆ ਪ੍ਰਾਪਤ ਕਰ ਰਹੇ ਹਨ। ਅਜਿਹੇ ਉਦਾਸੀਨ ਮਹੌਲ ਵਿੱਚ ਮਹਾਰਾਸ਼ਟਰ ਦੇ ਜਿਲਾ ਸ਼ੋਲਾ-ਪੁਰ ਦੇ ਪਿੰਡ ਪ੍ਰੀਤੇਵਾੜੀ ਦੇ ਜਿਲ੍ਹਾ ਪਰੀਸ਼ਦ ਅਧੀਨ ਚੱਲ ਰਹੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕ ਰਣਜੀਤ ਸਿੰਘ ਦੀਸਾਲੇ ਨੇ ਕੁੱਝ ਅਜਿਹਾ ਕਰ ਵਿਖਾਇਆ ਹੈ ਜਿਸ ਉੱਤੇ ਪੂਰਾ ਵਿਸ਼ਵ ਮਾਣ ਕਰ ਰਿਹਾ ਹੈ। ਮਾ.ਰਣਜੀਤ ਸਿੰਘ ਦੀਸਾਲੇ ਵੱਲੋਂ ਇਸ ਵਰ੍ਹੇ ਪਿਛਲੇ ਹਫ਼ਤੇ ਜਿੱਤਿਆ ਗਲੋਬਲ ਟੀਚਰ ਅਵਾਰਡ ਜਿੱਥੇ ਸਮੁੱਚੇ ਭਾਰਤ ਲਈ ਅਜਿਹਾ ਪਹਿਲਾ ਅਵਾਰਡ ਹੈ ਉੱਥੇ ਇਨਾਮ ਵਜੋਂ ਜਿੱਤੀ ਰਕਮ ਦਾ ਅੱਧ ਆਪਣੇ ਮੁਕਾਬਲੇ ਵਿੱਚ ਰਹੇ 9 ਸਾਥੀਆਂ ਵਿਚਕਾਰ ਵੰਡ ਦੇਣ ਨਾ਼ਲ ਰਣਜੀਤ ਸਿੰਘ ਦੀਸਾਲੇ ਦੁਨੀਆ ਭਰ ਵਿੱਚ ਆਪਣੀ ਕਿਸਮ ਦਾ ਪਹਿਲਾ ਵਿਜੇਤਾ ਅਤੇ ਵਿਲੱਖਣ ਬਣ ਗਿਆ ਹੈ।

ਇੰਗਲੈਂਡ ਵਿਖੇ ਸਨੀ ਵਾਰਕੇ ਵੱਲੋ 2014 ਤੋਂ ਚੱਲ ਰਹੀ ਵਾਰਕੇ ਫਾਊਂਡੇਸ਼ਨ ਵੱਲੋਂ ਹਰ ਵਰ੍ਹੇ ਗਲੋਬਲ ਟੀਚਰ ਅਵਾਰਡ ਦੇਣ ਲਈ ਮੁਕਾਬਲਾ ਕਰਵਾਇਆ ਜਾਂਦਾ ਹੈ। ਇਸ ਸਾਲ ਇਹ ਮੁਕਾਬਲੇ ਕੋਵਿਡ-19 ਦੇ ਮੱਦੇ ਨਜ਼ਰ ਆਨ-ਲਾਇਨ ਕਰਵਾਏ ਗਏ। ਮੁਕਾਬਲਿਆਂ ਵਿੱਚ ਦੁਨੀਆ ਭਰ ਦੇ 140 ਦੇਸ਼ਾਂ ਤੋਂ 12000 ਅਧਿਆਪਕਾਂ ਨੇ ਭਾਗ ਲਿਆ।ਮੁਕਾਬਲੇ ਦੇ ਆਖ਼ਰੀ ਗੇੜ ਵਿੱਚ ਜੋ 10 ਅਧਿਆਪਕ ਮੁਕਾਬਲੇ ਵਿੱਚ ਰਹੇ ਉਹਨਾਂ ਵਿੱਚ ਭਾਰਤ ਵੱਲੋਂ ਮਹਾਰਾਸ਼ਟਰ ਦੇ ਰਣਜੀਤ ਸਿੰਘ ਦੀਸਾਲੇ ਵੀ ਸ਼ਾਮਲ ਸਨ।ਇੰਗਲੈਂਡ ਦੇ ਪ੍ਰਸਿੱਧ ਅਦਾਕਾਰ ਅਤੇ ਬਰਾਡਕਾਸਟਰ ਸਟੀਫ਼ਨ ਫਰਾਈ ਨੇ ਲੰਡਨ ਦੇ ਨੈਚੁਰਲ ਹਿਸਟਰੀ ਮਿਊਜ਼ੀਅਮ ਦੇ ਮੰਚ ਤੋਂ ਸਾਲ 2020 ਲਈ ਵਿਸ਼ਵ ਵਿਜੇਤਾ ਵਜੋਂ ਰਣਜੀਤ ਸਿੰਘ ਦੀਸਾਲੇ ਦਾ ਨਾਮ ਐਲਾਨਿਆ ਗਿਆ। ਆਨ ਲਾਇਨ ਹੀ ਚੱਲ ਇਸ ਇਨਾਮ ਵੰਡ ਸਮਾਗਮ ਵਿੱਚ ਜਦੋਂ ਅਧਿਆਪਕ ਰਣਜੀਤ ਸਿੰਘ ਦੀਸਾਲੇ ਨੂੰ ਪੁਰਸਕਾਰ ਵਜੋਂ 10 ਲੱਖ ਡਾਲਰ (ਸੱਤ ਕਰੋੜ ਸੈਂਤੀ ਲੱਖ ਅਤੇ ਅੱਸੀ ਹਜ਼ਾਰ ਰੁਪਏ) ਦੀ ਰਕਮ ਭੇਂਟ ਕਰਨ ਦਾ ਐਲਾਨ ਕੀਤਾ ਗਿਆ ਤਾਂ ਘਰ ਵਿੱਚ ਆਪਣੇ ਮਾਂ ਬਾਪ ਕੋ਼ਲ ਬੈਠੇ ਮਾ.ਦੀਸਾਲੇ ਨੇ ਮੌਕੇ 'ਤੇ ਹੀ ਇਨਾਮ ਦੀ ਇਸ ਰਕਮ ਵਿੱਚੋਂ 5 ਲੱਖ ਡਾਲਰ ਆਪਣੇ ਨਾਲ ਮੁਕਾਬਲੇ ਵਿੱਚ ਰਹੇ ਬਾਕੀ 09 ਅਧਿਆਪਕਾਂ ਵਿੱਚ ਬਰਾਬਰ ਵੰਡਣ ਦਾ ਐਲਾਨ ਕਰ ਦਿੱਤਾ। ਅਜਿਹਾ ਕਰਕੇ ਜਿੱਥੇ ਅਧਿਆਪਕ ਰਣਜੀਤ ਸਿੰਘ ਦੀਸਾਲੇ ਨੇ ਦੁਨੀਆ ਭਰ ਵਿੱਚ ਹਰ ਬੰਦੇ ਦਾ ਦਿਲ ਜਿੱਤ ਲਿਆ ਉੱਥੇ ਦੀਸ-ਾਲੇ ਨੇ ਭਾਰਤ ਦੀ ਦਰਿਆ-ਦਿਲੀ ਦਾ ਤਿਰੰਗਾ ਪੂਰੇ ਵਿਸ਼ਵ ਵਿੱਚ ਲਹਿਰਾ ਦਿੱਤਾ। ਮੰਚ ਤੋਂ ਜਦ ਇਸ ਦਰਿਆ ਦਿਲੀ ਦਾ ਕਾਰਨ ਪੁੱਛਿਆ ਗਿਆ ਤਾਂ ਮਾ. ਦੀਸਾਲੇ ਨੇ ਦੱਸਿਆ ਕਿ ਦਸਾਂ ਵਿੱਚੋਂ ਮੇਰਾ ਨਾਮ ਜੇਤੂ ਐਲਾਨੇ ਜਾਣ ਨਾਲ ਮੈਂ ਬਾਕੀ ਨੌਂ ਅਧਿਆਪਕਾਂ ਨੂੰ ਹਰਿਆ ਨਹੀਂ ਵੇਖਣਾ ਚਾਹੁੰਦਾ। ਇਹਨਾਂ ਸਭ ਨੇ ਵੀ ਆਪੋ-ਆਪਣੇ ਦੇਸ਼ ਅੰਦਰ ਸਿੱਖਿਆ ਦੇ ਖੇਤਰ ਵਿੱਚ ਮੇਰੇ ਵਾਂਗ ਹੀ ਯੋਗਦਾਨ ਪਾਇਆ ਹੈ। ਅੱਜ ਅਗਰ ਇੱਕ ਦੋ ਅੰਕਾਂ ਤੇ ਮੈਂ ਅੱਗੇ ਆ ਗਿਆ ਹਾਂ ਤਾਂ ਇਹਨਾਂ ਦੀ ਦੇਣ ਨੂੰ ਵੀ ਨੀਵਾਂ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ। ਮੈਂ ਇਹ ਰਕਮ ਇਹਨਾਂ ਦੇਸ਼ਾਂ ਦੇ ਬੱਚਿਆਂ ਦਾ ਭਵਿੱਖ ਸੁਆਰਨ ਲਈ ਵੰਡ ਰਿਹਾ ਹਾਂ। ਮੇਰੇ ਵਿਸ਼ਵਾਸ ਅਨੁਸਾਰ ਜੇਕਰ ਪ੍ਰਮਾਤਮਾ ਸਾਨੂੰ ਕੁੱਝ ਬਖਸ਼ਦਾ ਹੈ ਤਾਂ ਉਹ ਵੰਡਣ ਲਈ ਬਖਸ਼ਦਾ ਹੈ ਤੇ ਵੰਡਦੇ ਰਹਿਣ ਨਾ਼ਲ ਹੀ ਹਮੇਸ਼ਾ ਵਾਧਾ ਹੁੰਦਾ ਹੈ। ਮੰਚ ਤੋਂ ਬਾਕੀ ਰਕਮ ਨੂੰ ਵਰਤੋਂ ਬਾਰੇ ਪੁੱਛੇ ਜਾਣ ਤੇ ਅਧਿਆਪਕ ਰਣਜੀਤ ਸਿੰਘ ਦੀਸਾਲੇ ਨੇ ਦੱਸਿਆ ਕਿ ਉਹਨਾਂ ਵੱਲੋਂ ਬਾਕੀ ਬਚੀ ਰਕਮ ਦਾ ਇੱਕ ਹਿੱਸਾ ਸਿੱਖਿਆ ਪ੍ਰਦਾਨ ਕਰਨ ਲਈ ਨਵੀਆਂ ਵਿਧੀਆਂ ਖੋਜਣ ਵਾ਼ਲੇ ਅਧਿਆਪਕਾਂ 'ਤੇ ਖਰਚ ਕੀਤਾ ਜਾਵੇਗਾ ਅਤੇ ਇੱਕ ਹਿੱਸਾ ਭਾਰਤ-ਪਾਕਿਸਤਾਨ, ਫਲਸਤੀਨ-ਇਜ਼ਰਾਈਲ, ਇਰਾਨ-ਇਰਾਕ ਅਤੇ ਅਮਰੀਕਾ-ਉੱਤਰੀ ਕੋਰੀਆ ਬਾਰਡਰ 'ਤੇ ਸ਼ਾਂਤੀ ਬਹਾਲੀ ਲਈ ਖਰਚ ਕਰਨਗੇ। ਇੱਥੇ ਜਿਕਰ ਯੋਗ ਹੈ ਕਿ ਮਾ. ਦੀਸਾਲੇ ਸੰਨ 2018 ਤੋਂ "Let's Cross The Borders" (ਆਓ! ਸਰਹੱਦਾਂ ਪਾਰ ਕਰੀਏ) ਪ੍ਰੋਜੈਕਟ ਰਾਹੀਂ ਸਰਹੱਦਾਂ 'ਤੇ ਸ਼ਾਂਤੀ ਬਹਾਲੀ ਲਈ ਘਰ-ਘਰ ਪ੍ਰਚਾਰ ਕਰਨ ਲਈ ਖਰਚੇ ਗਏ। ਮਾ. ਦੀਸਾਲੇ ਹੁਣ ਤੱਕ ਦੁਨੀਆ ਦੇ ਅੱਠ ਤਣਾਓ ਗ੍ਰਸਤ ਦੇਸ਼ਾਂ ਦੇ 19 ਹਜ਼ਾਰ ਵਿਦਿਆਰਥੀਆਂ ਨੂੰ ਉਪਰੋਕਤ ਕਾਰਜ ਲਈ ਆਨ-ਲਾਈਨ ਆਪਸ ਵਿੱਚ ਜੋੜ ਚੁੱਕੇ ਹਨ। ਦੀਸਾਲੇ ਦਾ ਮਕਸਦ 2030 ਤੱਕ 50 ਹਜ਼ਾਰ ਵਿਦਿਆਰਥੀਆਂ ਨੂੰ ਇਸ ਕਾਰਜ ਲਈ ਜਥੇਬੰਦ ਕਰਨ ਦਾ ਹੈ। ਇਨਾਮ ਦੀ ਰਕਮ ਦੀ ਵਰਤੋਂ ਦੀ ਵੰਡ 'ਤੇ ਯੂਨੈਸਕੋ ਦੇ ਸਿੱਖਿਆ ਖੇਤਰ ਵਿੱਚ ਸਹਾਇਕ ਜਨਰਲ ਮਿ. ਸਟੇਫਾਨੀਆ ਗਿਆਨਨਿਨੀ ਨੇ ਅਧਿਆਪਕ ਰਣਜੀਤ ਸਿੰਘ ਦੀਸਾਲੇ ਦੀ ਤਹਿ ਦਿਲੋਂ ਪ੍ਰਸੰਸਾ ਕਰਦੇ ਹੋਏ ਵਧਾਈ ਦਿੱਤੀ ਹੈ।



ਅਧਿਆਪਕ ਰਣਜੀਤ ਸਿੰਘ ਦੀਸਾਲੇ ਅਨੁਸਾਰ ਅਧਿਆਪਨ ਦਾ ਕਿੱਤਾ ਮੁਨਾਫ਼ੇ ਦਾ ਕਿੱਤਾ ਨਹੀਂ ਹੈ ਇੱਥੇ ਤੇ ਹਰ ਅਧਿਆਪਕ ਨੇ ਚਾਕ ਅਤੇ ਚੁਣੌਤੀਆਂ ਦੇ ਮਿਸ਼ਰਣ ਨਾਲ ਆਪਣੇ ਸਾਹਮਣੇ ਬੈਠੇ ਵਿਦਿਆਰਥੀ ਦੀ ਜ਼ਿੰਦਗੀ ਦੀ ਸਿਰਜਣਾ ਕਰਨੀ ਹੁੰਦੀ ਹੈ। ਦੀਸਾਲੇ ਅਨੁਸਾਰ ਇੱਕ ਅਧਿਆਪਕ ਵਰਗ ਹੀ ਹੈ ਜੋ ਸਮਾਜਿਕ ਕ੍ਰਾਂਤੀ ਲਿਆ ਸਕਦਾ ਹੈ।

ਇੰਜੀਨੀਅਰ ਬਣਨ ਦੀ ਇੱਛਾ ਰੱਖਣ ਵਾ਼ਲੇ ਰਣਜੀਤ ਸਿੰਘ ਨੇ ਆਪਣੇ ਪਿਤਾ( ਸੇਵਾ ਮੁਕਤ ਸਰਕਾਰੀ ਅਧਿਆਪਕ) ਦੇ ਮਾਰਗ ਦਰਸ਼ਨ ਤੇ ਅਧਿਆਪਨ ਦਾ ਕਿੱਤਾ ਚੁਣਿਆ ਅਤੇ ਪੜ੍ਹਾਈ ਪੂਰੀ ਕਰਨ ਉਪਰੰਤ ਰਣਜੀਤ ਸਿੰਘ 2009 ਵਿੱਚ ਸ਼ੋਲਾਪੁਰ ਜਿਲ੍ਹਾ ਪਰੀਸ਼ਦ ਅਧੀਨ ਚੱਲ ਰਹੇ ਸਕੂਲ ਪਿੰਡ ਪ੍ਰੀਤੇਵਾੜੀ ਦੇ ਸਕੂਲ ਵਿਖੇ ਜੁਆਇਨ ਕਰਨ ਲਈ ਪਹੁੰਚਿਆ ਤਾਂ ਸੋਕੇ ਦੇ ਮਾਰੇ ਇਸ ਪਿੰਡ ਦੇ ਸਕੂਲ ਦੀ ਇਮਾਰਤ ਵੱਲੋਂ ਵੇਖ ਕੇ ਹੈਰਾਨ ਰਹਿ ਗਿਆ। ਸਕੂਲ ਗਊਸ਼ਾਲਾ ਅਤੇ ਗੁਦਾਮ ਦੇ ਵਿਚਕਾਰ ਸੀ।ਸਕੂਲ ਵਿਚ ਬੱਚਿਆਂ ਦੀ ਹਾਜ਼ਰੀ ਨਾ-ਮਾਤਰ ਹੀ ਸੀ। ਗਰੀਬੀ ਦੀ ਰੇਖਾ ਤੋਂ ਹੇਠਾਂ ਜਿਉਂ ਰਹੇ ਪਿੰਡ ਵਾਸੀਆਂ ਦਾ ਰੁਝਾਨ ਬਾਲ ਉਮਰ ਦੇ ਲੜਕਿਆਂ ਨੂੰ ਖੇਤੀਬਾੜੀ ਦੇ ਕੰਮਾਂ ਲਈ ਵਰਤਣਾ ਅਤੇ ਲੜਕੀਆਂ ਨੂੰ ਘਰੇਲੂ ਕੰਮਾਂ ਦੌਰਾਨ ਔਖੇ-ਸੌਖੇ 12-13 ਸਾਲ ਦੀ ਕਰਕੇ ਵਿਆਹ ਦੇਣ ਦਾ ਹੀ ਸੀ।ਲੜਕੀਆਂ ਲਈ ਸਿਖਿਆ ਤਾਂ ਲੋਕਾਂ ਦੇ ਜ਼ਿਹਨ ਦੇ ਨੇੜੇ ਤੇੜੇ ਵੀ ਨਹੀਂ ਸੀ। ਇਸ ਸਭ ਨੂੰ ਵੇਖਦਿਆਂ ਅਧਿਆਪਕ ਰਣਜੀਤ ਸਿੰਘ ਨੇ ਕੁੱਝ ਕ੍ਰਾਂਤੀਕਾਰੀ ਕਰਨ ਦਾ ਤਹੱਈਆ ਕੀਤਾ।

ਉਹ ਪਿੰਡ ਪ੍ਰੀਤੇਵਾੜੀ ਦੇ ਘਰ ਘਰ ਗਿਆ, ਖੇਤਾਂ ਵਿੱਚ ਕੰਮ ਕਰਦੇ ਲੋਕਾਂ ਨੂੰ ਖੇਤਾਂ ਦੀ ਵੱਟਾਂ'ਤੇ ਜਾ ਮਿਲਿਆ। ਮਾ. ਰਣਜੀਤ ਸਿੰਘ ਇਹਨਾਂ ਲੋਕਾਂ ਵਿਚਕਾਰ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਵਜੋਂ ਵਿਚਰਿਆ।ਲੋਕਾਂ ਨੂੰ ਪੜ੍ਹਾਈ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਉਹਨਾਂ ਨੂੰ ਅਨਪੜ੍ਹਤਾ ਕਾਰਨ ਉਹਨਾਂ ਦੀ ਮਿਹਨਤ ਦੀ ਹੋ ਰਹੀ ਲੁੱਟ ਤੋਂ ਜਾਣੂ ਕਰਵਾਇਆ।ਆਖ਼ਰ ਲੋਕ ਉਸ ਦੀ ਗੱਲ ਸਮਝਣ ਲੱਗੇ ਅਤੇ ਮੁੰਡਿਆ ਦੇ ਨਾਲ ਨਾਲ ਕੁੜੀਆਂ ਨੂੰ ਵੀ ਸਕੂਲ ਭੇਜਣ ਲਈ ਸਹਿਮਤ ਹੋ ਗਏ।

ਹੁਣ ਵੱਡੀ ਮੁਸ਼ਕਲ ਇਹ ਆਈ ਕਿ ਬੱਚੇ ਹੀ ਸਕੂਲ ਆ ਕੇ ਪੜਨ ਤੋਂ ਆਨਾਕਾਨੀ ਕਰਨ ਲੱਗੇ। ਮਾ. ਰਣਜੀਤ ਸਿੰਘ ਨੇ ਕਾਰਨ ਲੱਭਿਆ ਕਿ ਸਕੂਲ ਵਿੱਚ ਪੜ੍ਹਾਈਆਂ ਜਾਣ ਵਾ਼ਲੇ ਸਾਰੇ ਵਿਸ਼ਿਆਂ ਦੀਆਂ ਕਿਤਾਬਾਂ ਅੰਗਰੇਜ਼ੀ ਵਿੱਚ ਹਨ ਜੋ ਇਹਨਾਂ ਬੱਚਿਆਂ ਲਈ ਕਾ਼ਲਾ ਅੱਖਰ ਮੱਝ ਬਰਾਬਰ ਹਨ। ਅਧਿਆਪਕ ਰਣਜੀਤ ਸਿੰਘ ਦੀਸਾਲੇ ਨੇ ਸਕੂਲ ਦੀਆਂ ਸਾਰੀਆਂ ਦਾ ਉਲੱਥਾ ਮਾਤ-ਭਾਸ਼ਾ ਵਿੱਚ ਆਪਣੇ ਪੱਧਰ 'ਤੇ ਹੀ ਕੀਤਾ। ਫਿਰ ਵੀ ਬੱਚੇ ਪੜ੍ਹਾਈ ਨੂੰ ਬੋਝਲ ਹੀ ਸਮਝਦੇ ਸਨ। ਮਾਸਟਰ ਦੀਸਾਲੇ ਨੇ ਪੜ੍ਹਾਈ ਕਰਵਾਉਣ ਦਾ ਤਰੀਕਾ ਹੀ ਬਦਲ ਦਿੱਤਾ।ਉਸਨੇ ਪਿਤਾ ਜੀ ਮਦਦ ਨਾਲ ਲੈਪ-ਟਾਪ ਖ਼ਰੀਦਿਆ ਅਤੇ ਸਿਲੇਬਸ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਭਾਸਣਾਂ ਨੂੰ ਗਾਣ ਅਤੇ ਨਾਟਕਾਂ ਵਿੱਚ ਪਰੋਅ ਲਿਆ। ਹੁਣ ਬੱਚੇ ਸਕੂਲ ਵਿੱਚ ਪੜ੍ਹਨ ਨਹੀਂ ਸਗੋਂ ਮਨੋਰੰਜਨ ਕਰਨ, ਖੇਡਣ-ਕੁੱਦਣ ਅਤੇ ਨੱਚਣ ਗਾਉਣ ਆਉਣ ਲੱਗੇ। ਵੇਖਦਿਆਂ ਹੀ ਵੇਖਦਿਆਂ ਜਿੱਥੇ ਬੱਚਿਆਂ ਦੀ ਹਾਜ਼ਰੀ ਸੱਤ ਪ੍ਰਤੀਸ਼ਤ ਰਹਿਣ ਲੱਗੀ ਉੱਥੇ ਬੱਚਿਆਂ ਦੀ ਗਿਣਤੀ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਮਾਸਟਰ ਜੀ ਵੱਲੋਂ ਇਸ ਪਿੰਡ ਵਿੱਚ ਲਾਇਆ ਗਿਆ ਨਾਹਰਾ "ਬੱਚੀਆਂ ਨੂੰ ਵਿਆਹੁਣਾ ਨਹੀਂ, ਪੜਾਉਣਾ ਹੈ" ਵੇਖਦੇ ਹੀ ਵੇਖਦੇ ਸਮੁੱਚੇ ਮਹਾਰਾਸ਼ਟਰ ਦੀ ਆਵਾਜ਼ ਬਣ ਗੂੰ-ਜਆ। ਜਿੱਥੇ ਪੂਰੇ ਪ੍ਰਦੇਸ਼ ਵਿੱਚ ਹਰ ਸਾਲ 39000 ਲੜਕੀਆਂ ਨੂੰ 12-13 ਸਾਲ ਦੀ ਉਮਰ ਵਿੱਚ ਹੀ ਵਿਆਹ ਦਿੱਤਾ ਜਾਂਦਾ ਸੀ ਉੱਥੇ ਮਾਸਟਰ ਜੀ ਦੀ ਦਸ ਸਾਲਾ ਮਿਹਨਤ ਉਪਰੰਤ ਇਹ ਦਰ ਸਿਫ਼ਰ ਕਿਨਾਰੇ ਪਹੁੰਚ ਗਈ।

ਮਾਸਟਰ ਰਣਜੀਤ ਸਿੰਹੁ ਅੱਗੇ ਹੁਣ ਵੱਡੀ ਸਮੱਸਿਆ ਸੀ ਕਿ ਬੱਚਿਆਂ ਦੇ ਹੱਥ ਵਿਚਲੀ ਪੂਰੀ ਦੀ ਪੂਰੀ ਕਿਤਾਬ ਨੂੰ ਕਿਵੇਂ ਡਿਜ਼ੀਟਲ ਕੀਤਾ ਜਾਵੇ ਅਤੇ ਬੱਚਿਆਂ ਦੇ ਮੁਬਾਇਲ, ਕੰਪਿਊਟਰ ਜਾਂ ਲੈਪਟਾਪ ਤੱਕ ਪਹੁੰਚਾਇਆ ਜਾਵੇ। ਪਰ ਤਰੀਕਾ ਨਹੀਂ ਸੀ ਸੁੱਝ ਰਿਹਾ। ਇੱਕ ਦਿਨ ਮਾਸਟਰ ਜੀ ਨੇ ਇਕ ਦੁਕਾਨ ਤੇ ਦੁਕਾਨਦਾਰ ਨੂੰ Q R Code ਸਕੈਨ ਕਰਦੇ ਵੇਖਿਆ ਤਾਂ ਉਹਨਾਂ ਨੇ ਆਪ ਮਿਹਨਤ ਕਰਕੇ ਸਕੂਲ ਦੀਆਂ ਸਾਰੀਆਂ ਕਿਤਾਬਾਂ ਦੇ ਸਾਰੇ ਪਾਠ Q R Code ਨਾਲ ਜੋੜ ਕੇ ਬੱਚਿਆਂ ਦੇ ਮੁਬਾਇਲਾਂ ਤੱਕ ਪਹੁੰਚਾ ਦਿੱਤੇ। ਮਾਸਟਰ ਰਣਜੀਤ ਸਿੰਹੁ ਦੀਸਾਲੇ ਨੇ ਜਿੱਥੇ ਪ੍ਰਾਇਮਰੀ ਪੱਧਰ ਦੀਆਂ ਕਿਤਾਬਾਂ ਥ੍ਰ ਛੋਦਣ ਵਿਚ ਪਰੋਅ ਦਿੱਤੀਆਂ ਉੱਥੇ ਮਹਾਰਾਸ਼ਟਰ ਸਰਕਾਰ ਨੇ ਦੀਸਾਲੇ ਤੋਂ ਸਬਕ ਲੈਂਦਿਆਂ ਸਮੂਹ ਵਿਦਿਆਰਥੀ ਵਰਗ ਦੀਆਂ ਕਿਤਾਬਾਂ ਲਈ Q R Code ਜੋੜ ਦਿੱਤੀਆਂ। ਇਸੇ ਤਰਾਂ ਫਿਰ NCERT ਨੇ ਆਪਣੀਆਂ ਸਾਰੀਆਂ ਕਿਤਾਬਾਂ ਲਈ ਥ੍ਰ ਛੋਦਣ ਬਣਾਉਣ ਦਾ ਐਲਾਨ ਕਰ ਦਿੱਤਾ।

ਮਾਸਟਰ ਦੀਸਾਲੇ ਅਨੁਸਾਰ ਕਲਾਸ ਵਿੱਚ ਬੈਠੇ ਹਰ ਬੱਚੇ ਦੀ ਸਿੱਖਣ ਸਮਰੱਥਾ ਦੀ ਗਤੀ ਆਪੋ-ਆਪਣੀ ਹੁੰਦੀ।ਇੱਕ ਅਧਿਆਪਕ ਇੱਕ ਜਾਂ ਦੋ ਵਾਰ ਸਮਝਾ ਕੇ ਸਾਰੇ ਬੱਚਿਆ ਨਾਲ ਨਿਆਂ ਨਹੀਂ ਕਰ ਸਕਦਾ। ਜੇ ਕਰ ਬੱਚੇ ਲਈ ਹਰ ਪਾਠ੍ਹ ਵ ਝਰਦਕ ਨਾਲ ਜੋੜ ਦਿੱਤਾ ਜਾਵੇ ਤਾਂ ਬੱਚਾ ਜਦੋਂ ਚਾਹੇ ਤੇ ਜਿੰਨੀ ਵਾਰ ਚਾਹੇ ਉਸ ਪਾਠ ਦਾ ਫਿਲਮਾਂਕਣ ਆਪਣੇ ਮੁਬਾਇਲ 'ਤੇ ਵੇਖ ਸਕਦਾ ਹੈ ਅਤੇ ਆਪਣੀ ਸਮਝ ਵਿਕਸਤ ਕਰ ਸਕਦਾ ਹੈ। ਮਾ. ਦੀਸਾਲੇ ਨੇ ਆਪਣੇ ਤਜਰਬੇ ਵਿੱਚੋਂ ਦੱਸਿਆ ਕਿ ਕੋਈ ਵੀ ਸਕੂਲ, ਸਕੂਲ ਨਾ ਹੋ ਕੇ ਮਨੋਰੰਜਨ ਦਾ ਕੇਂਦਰ ਹੋਣਾ ਚਾਹੀਦਾ ਹੈ ਤਾਂ ਜੋ ਅਧਿਆਪਕ ਬੱਚਿਆਂ ਦਾ ਮਨੋਰੰਜਨ ਕਰਦੇ ਹੋਏ ਬੱਚਿਆਂ ਨੂੰ ਗਿਆਨ ਪ੍ਰਦਾਨ ਕਰ ਸਕੇ।

ਸਮੇਂ ਦੀਆਂ ਸਰਕਾਰਾਂ ਵੱਲੋਂ ਰੁਖ ਕਰਦਿਆਂ ਮਾ. ਰਣਜੀਤ ਸਿੰਘ ਦੀਸਾਲੇ ਨੇ ਆਖਿਆ ਕਿ ਸਰਕਾਰਾਂ ਨੂੰ ਸਿੱਖਿਆ ਨੀਤੀਆਂ ਆਲੀਸ਼ਾਨ ਦਫ਼ਤਰਾਂ ਵਿੱਚ ਬੈਠਕੇ ਤਿਆਰ ਕਰਨ ਦੀ ਬਜਾਏ ਪਿੰਡਾਂ ਦੀਆਂ ਗਲੀਆਂ ਵਿੱਚ ਸਿੱਖਿਆ ਸੁਧਾਰ ਲਈ ਫ਼ਿਕਰਮੰਦਾਂ ਵਜੋਂ ਕੰਮ ਕਰਦੇ ਆਮ ਲੋਕਾਂ ਨਾਲ ਰਾਏ-ਸ਼ੁਮਾਰੀ ਕਰਕੇ ਤਿਆਰ ਕਰਨੀਆਂ ਚਾਹੀਦੀਆਂ ਹਨ।

ਮਾ. ਰਣਜੀਤ ਸਿੰਘ ਦੀਸਾਲੇ ਨੇ ਅਧਿਆਪਕ ਵਰਗ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ ਕਿ ਮੈਨੂੰ ਕਰੋੜਾਂ ਦੇ ਇਨਾਮਾਂ ਦੀ ਲਾਲਸਾ ਨਹੀਂ ਮੈਨੂੰ ਮੇਰੇ ਗੁਜ਼ਾਰੇ ਲਈ ਸਰਕਾਰ ਵੱਲੋਂ ਮਿ਼ਲ ਰਹੀ ਤਨਖਾਹ ਹੀ ਬਹੁਤ ਹੈ। ਜਿਹਨਾਂ ਸੱਚ-ਮੁੱਚ ਹੀ ਲੋਕਾਂ ਲਈ ਕੁੱਝ ਕਰ ਗੁਜ਼ਰਨਾ ਹੁੰਦਾ ਹੈ ਉਹ ਰਾਤ ਨੂੰ ਸੌਣ ਸਮੇਂ ਨਿੱਜੀ ਨਫ਼ੇ-ਨੁਕਸਾਨ ਦਾ ਹਿਸਾਬ-ਕਿਤਾਬ ਨਹੀਂ ਲਾਉਂਦੇ ਹੁੰਦੇ।

## ਮਿੰਨੀ ਕਹਾਣੀ

# ਹੱਕ ਦੇ ਨਿਬੇੜੇ

ਜੰਗੀਰ ਸਿੰਓ ਉਮਰ ਪੱਖੋਂ ਅੱਸੀ ਸਾਲ ਦੇ ਨੇੜੇ-ਤੇੜੇ ਸੀ। ਤੁਰਨਾ ਫਿਰਨਾ ਲਈ ਉਸ ਲਈ ਔਖਾ ਸੀ। ਪਰ ਸੱਥ ਵਿੱਚ ਆ ਕੇ ਦੇਸ਼ ਦੇ ਵਿਗੜੇ ਹਲਾਤਾਂ ਬਾਅਦ ਪੁੱਛਦਾ ਰਹਿੰਦਾ। ਉਸ਼ੇਰਾ ਮੈਂ ਦਿੱਲੀ ਤਾਂ ਨਹੀਂ ਜਾ ਸਕਿਆ, ਸਹੋਰੇ ਹੱਡ-ਪੈਰ ਜਾਵਬ ਦੇਈ ਜਾਂਦੇ ਆ ਪਰ ਮੇਰਾ ਦਿਲ ਜਾਣ ਨੂੰ ਬੜਾ ਕਰਦਾ ਐ। ਜਵਾਕ ਕਹਿੰਦੇ ਐ ਅਸੀਂ ਹੈਗੇ ਨਾ ਜਾਣ ਲਈ, ਤੂੰ ਘਰ ਰਹਿ ਕੇ ਖੇਤਾਂ ਵੱਲ ਧਿਆਨ ਰੱਖੀਂ। ਇੱਕ ਬੰਦਾ ਘਰ ਵੀ ਜਰੂਰੀ ਐ। ਓਏ ਨਾਜ਼ਰਾ ਦੱਸ ਖਾਂ ਦਿੱਲੀ ਦੀ ਕੋਈ ਖਬਰਸਾਰ ਕੀ ਐ। ਹੁਣ ਤਾਂ ਆ ਫੋਨਾਂ 'ਚ ਤਾਂ ਬਿੰਦ-ਬਿੰਦ ਖਬਰਾਂ ਆਉਂਦੀਆਂ ਨੇ, ਜਵਾਕ ਦੱਸਦੇ ਸੀ", ਜੰਗੀਰ ਸਿੰਓ ਨੇ ਖੂੰਡਾ ਥੜ੍ਹੇ ਤੇ ਰੱਖ ਕੇ ਬੈਠਦਿਆਂ ਹੋਇਆਂ ਕਿਹਾ।

ਉਕੀ ਦੱਸਾਂ ਤਾਇਆ ਲੋਕ ਤਾਂ ਰੋਲ ਕੇ ਰੱਖ ਦਿੱਤੇ ਐ। ਇੱਕ ਤਾਂ ਪੋਹ-ਮਾਘ ਦੀ ਠੰਡ ਤੇ ਮੀਂਹੜ ਬੜਾ ਔਖਾ ਹੋਇਆ ਪਿਆ। ਪਰ ਕਿਸਾਨ ਵੀਰ ਅਜੇ ਵੀ ਹਿੰਮਤ ਬੰਨ੍ਹੀ ਬੈਠੇ ਐ। ਰੋਜ਼ ਪੰਜਾਬ ਦੇ ਪੁੱਤ ਸ਼ਹੀਦ ਹੋ ਰਹੇ ਨੇ, ਪਰ ਐ ਮੋਦੀ ਦੇ ਭਗਤ ਕਹਿੰਦੇ ਕਿਸਾਨ ਤਾਂ ਸੈਰ-ਸਪਾਟੇ ਕਰਨ ਆਏ ਨੇੜਲੰਗਰ ਛੱਕਣ ਆਏ ਐ", ਨਾਜ਼ਰ ਨੇ ਉਦਾਸੀ ਨਾਲ ਜਵਾਬ ਦਿੱਤਾ।

"ਓਏ ਇਨ੍ਹਾਂ ਕੰਜਰਾਂ ਨੂੰ ਕੋਈ ਪੁੱਛੇ ਲੰਗਰ ਤਾਂ ਅਸੀਂ ਛੱਕਾ ਕੇ ਤਾਂ ਹਜ਼ਾਰਾਂ ਭੁੱਖੇ ਢਿੱਡ ਭਰਦੇ ਐਂ। ਅੰਨਦਾਤੇ ਹਾਂ ਇਸ ਦੇਸ਼ ਦੇੜ। ਘਰਾਂ ਦੇ ਘਰ ਉਜੜ ਰਹੇ ਐ। ਹੁਣ ਤਾਂ ਇਹ ਕੋਈ ਆਮ ਧਰਨਾ ਨਹੀਂ ਰਿਹਾ। ਇਹ ਵੱਕਤ ਕਿਸੇ ਸੰਤਾਪ ਜਾਂ ਹੱਲਿ਼ਆਂ ਤੋਂ ਘੱਟ ਨਹੀਂ ਐ। ਨਾਜ਼ਰਾ ਇਹ ਪੈਸੇ ਦੇ ਭੁੱਖੇ ਕੀ ਜਾਨਣ ਪੰਜਾਬ ਦੇ ਦਰਦ ਨੂੰੜ। ਐਵੇਂ ਤਾਂ ਨਹੀਂ ਕਹਿੰਦੇ ਆਪਣੀ ਲੱਗੀ ਤਾਂ ਆਪ ਹੀ ਜਾਣੇ। ਦੁੱਖ ਤਾਂ ਬੜਾ ਹੁੰਦਾ ਐ ਪਰ ਵੱਕਤ ਸਦਾ ਮਾੜਾ ਨਹੀਂ ਰਹਿੰਦਾ, ਆਪਣਾ ਵੀ ਵੱਕਤ ਆਵੇਗਾ। ਫਿਰ ਵੇਖਾਂਗੇ ਇਹ ਕੁਰਬਾਨੀਆਂ ਐਵੇਂ ਨਹੀਂ ਜਾਣ ਦੇਵਾਂਗੇ। ਹੱਕ ਦੇ ਨਿਬੇੜੇ ਹੁਣ ਹੋਣ ਜਾਂ ਫਿਰ ਕੱਲ੍ਹੜੜ", ਜੰਗੀਰ ਸਿੰਓ ਦੇ ਚਿਹਰੇ ਤੇ ਰੋਹ, ਦਰਦ ਤੇ ਉਮੀਦ-ਹੌਂਸਲੇ ਦੇ ਸੱਤ ਰੰਗ ਇੱਕਠੇ ਉਭਰ ਕੇ ਇੱਕ ਵੰਗੱਰ ਬਣ ਰਹੇ ਸੀ।



**-ਸੁਖਵਿੰਦਰ ਕੌਰ 'ਹਰਿਆਓ'**
**91-84274-05492**

# ਲੋਕਾਂ ਨੂੰ ਮੁਆਫ਼ ਕਰਨਾ ਸਿੱਖੋ



**ਹਰਕੀਰਤ ਕੌਰ ਸਭਰਾ**
**9779118066**

ਕਿਸੇ ਦੋਸ਼ੀ ਨੂੰ ਸਜ਼ਾ ਦੇਣਾ ਬਹੁਤ ਅਸਾਨ ਹੈ, ਪਰ ਕਿਸੇ ਨੂੰ ਮੁਆਫ਼ ਕਰਨਾ ਬਹੁਤ ਮੁਸ਼ਕਲ ਕੰਮ ਹੈ। ਕਿਸੇ ਦੀ ਗਲਤੀਆਂ ਨੂੰ ਨਜ਼ਰ ਅੰਦਾਜ਼ ਕਰਕੇ ਉਸਦੇ ਚੰਗੇ ਗੁਣਾ ਨੂੰ ਪਹਿਚਾਨਣਾ ਇੱਕ ਵਧੀਆ ਇਨਸਾਨ ਦੀ ਨਿਸ਼ਾਨੀ ਹੈ। ਜੇਕਰ ਅਸੀਂ ਕਿਸੇ ਪ੍ਰਤੀ ਬਦਲੇ ਦੀ ਭਾਵਨਾ ਰੱਖਦੇ ਹਾਂ ਤਾਂ ਸਾਡੇ ਇਰਦ ਗਿਰਦ ਰਹਿਣ ਵਾਲੇ ਲੋਕ ਵੀ ਅਜਿਹੀ ਹੀ ਮਾਨਸਿਕਤਾ ਰੱਖਦੇ ਹਨ। ਪਰ ਇਸ ਨਾਲ ਸਵਰਦਾ ਘੱਟ ਅਤੇ ਅਸੀਂ ਆਪਣੀ ਹੀ ਸਕਾਰਾਤਮਕ ਉਰਜਾ ਨੂੰ ਨੁਕਸਾਨ ਪਹੁੰਚਾਉਂਦੇ ਹਾਂ। ਕਿਸੇ ਨੂੰ ਮੁਆਫ਼ ਕਰਨਾ ਸਾਡੀ ਇੱਕ ਸ਼ਖਸੀਅਤ ਦੀ ਨਿਸ਼ਾਨੀ ਹੈ। ਮੈਨੂੰ ਲੱਗਦਾ ਹੈ ਕਿ ਜਿੰਨਾ ਸਮਾਂ ਅਸੀਂ ਕਿਸੇ ਕੋਲੋਂ ਬਦਲਾ ਲੈਣ ਦੇ ਢੰਗ ਤਰੀਕਿਆਂ ਵਿੱਚ ਅਜਾਈਂ ਕਰਦੇ ਹਾਂ, ਜੇਕਰ ਉਹੀ ਸਮਾਂ ਅਸੀਂ ਆਪਣੀ ਸ਼ਖਸੀਅਤ ਨੂੰ ਹੋਰ ਨਿਖਾਰਨ ਵੱਲ ਲਗਾਇਆ ਹੋਵੇ ਤਾਂ ਉਹ ਸਾਡੇ ਸਫਲ ਹੋਣ ਵਿੱਚ ਸਾਡੀ ਮਦਦ ਕਰੇਗਾ। ਪਰ ਅਸੀਂ ਬਹੁਤਾਤ ਸਮਾਂ ਇੱਕ ਦੂਸਰੇ ਦਾ ਮਾੜਾ ਸੋਚਣ, ਰੰਜਿਸ਼ ਰੱਖਦੇ ਹੋਏ ਬਦਲੇ ਦੀ ਭਾਵਨਾ ਵਿੱਚ ਅਜਾਈਂ ਗਵਾਉਂਦੇ ਹਾਂ। ਮੁਆਫ਼ ਕਰਨ ਦੇ ਨਾਲ ਇੱਕ ਤਾਂ ਗਲਤੀ ਕਰਨ ਵਾਲੇ ਇਨਸਾਨ ਨੂੰ ਗਲਤੀ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਦੂਸਰਾ ਉਸਨੂੰ ਸੁਧਾਰ ਦਾ ਮੌਕਾ ਮਿਲ ਜਾਂਦਾ ਹੈ ।

ਇਸ ਦੁਨੀਆਂ ਵਿੱਚ ਹਰ ਵਿਅਕਤੀ ਗਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਆਪਣੀ ਜਿੰਦਗੀ ਵਿੱਚ ਬਹੁਤ ਸਾਰੀਆਂ ਗਲਤੀਆਂ ਕਰਦਾ ਹੈ ਅਤੇ ਉਹਨਾਂ ਗਲਤੀਆਂ ਤੋਂ ਸਬਕ ਲੈ ਆਪਣੀ ਆਉਣ ਵਾਲੀ ਜਿੰਦਗੀ ਨੂੰ ਸਕੂਨਮਈ ਬਣਾਉਂਦਾ ਹੈ। ਪਰ ਇਸ ਲਈ ਜਰੂਰੀ ਹੈ ਕਿ ਅਸੀਂ ਕਿਸੇ ਨੂੰ ਉਸਦੀ ਗਲਤੀ ਦਾ ਅਹਿਸਾਸ ਹੋਣ ਉਪਰੰਤ ਉਸਨੂੰ ਮੁਆਫ਼ ਕਰੀਏ ਤੇ ਅੱਗੇ ਵਧਣ ਅਤੇ ਸੁਧਾਰ ਦਾ ਮੌਕਾ ਦੇਈਏ। ਸਗੋਂ ਮੌਕਾ ਹੀ ਨਹੀਂ ਦੇਈਏ ਬਲਕਿ ਉਸਦਾ ਸਾਥ ਵੀ ਦੇਈਏ ਕਿ ਉਸ ਕੀਤੀ ਭੁੱਲ ਤੋਂ ਚੰਗੀ ਤਰਾਂ ਸਬਕ ਸਿੱਖ ਸਕੇ। ਇੱਥੇ ਨਾਲ ਇਹ ਵੀ ਧਿਆਨ ਰਹੇ ਕਿ ਸਜ਼ਾ ਜਰੂਰੀ ਨਹੀਂ ਪਰ ਅਹਿਸਾਸ ਜਰੂਰੀ ਹੈ। ਕਈ ਵਾਰ ਅਸੀਂ ਸਜ਼ਾ ਅਤੇ ਗਲਤੀ ਦੇ ਅਹਿਸਾਸ ਦੋਨਾਂ ਨੂੰ ਇੱਕੋ ਧਾਰਨਾ ਦੀ ਮਾਲਾ ਵਿੱਚ ਪਰੋ ਦਿੰਦੇ ਹਾਂ ਜੋ ਕਿ ਸਹੀ ਨਹੀਂ। ਕਈ ਵਾਰ ਸਮਾਂ ਅਜਿਹਾ ਹੁੰਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਉਸਦੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਜਾਵੇ ਤਾਂ ਉਹ ਸੁਧਰ ਜਾਂਦਾ ਹੈ ਅਤੇ ਕਈ ਵਾਰ ਕਿਸੇ ਨੂੰ ਬਿਨਾ ਅਹਿਸਾਸ ਕਰਵਾਏ ਅਤੇ ਮੌਕਾ ਦਿੱਤੇ ਸਜ਼ਾ ਦੇਣ ਦੇ ਨਤੀਜੇ ਇਨਸਾਨ ਤੋਂ ਖੂੰਖਾਰ ਦਰਿੰਦੇ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ।

ਇਸ ਲਈ ਜਰੂਰੀ ਹੈ ਲੋਕਾਂ ਨੂੰ ਗਲਤੀਆਂ ਦਾ ਅਹਿਸਾਸ ਕਰਵਾ ਉਹਨਾਂ ਨੂੰ ਮੁਆਫ਼ ਕਰਨਾ।

# ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਤੇ ਵੱਧ ਰਿਹਾ ਰਾਜਨੀਤਿਕ ਪ੍ਰਭਾਵ ਦੇਸ਼ ਨੂੰ ਲੋਕਤੰਤਰ ਤੋਂ ਖਤਰਨਾਕ ਤਾਨਾਸ਼ਾਹੀ ਢਾਂਚੇ ਵੱਲ ਵਧਾ ਰਿਹਾ ਹੈ



ਕੁਲਦੀਪ ਚੰਦ
91-9417563054

26 ਜਨਵਰੀ ਦਾ ਦਿਨ ਸਮੂਹ ਭਾਰਤੀਆਂ ਲਈ ਬਹੁਤ ਹੀ ਮਹੱਤਵਪੂਰਨ ਹੈ ਅਤੇ ਹਰ ਸਾਲ 26 ਜਨਵਰੀ ਨੂੰ ਸਾਡਾ ਦੇਸ਼ ਨਿਆਂ ਅਤੇ ਬਰਾਬਰਤਾ ਦੇ ਸਿਧਾਂਤ ਅਤੇ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਹੀ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੰਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ। 15 ਅਗਸਤ 1947 ਨੂੰ ਦੇਸ਼ ਨੂੰ ਅਜ਼ਾਦੀ ਮਿਲੀ ਅਤੇ ਸੰਵਿਧਾਨ ਸਭਾ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚ ਤਿਆਰ ਕੀਤਾ ਗਿਆ ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਅਤੇ ਅੱਜ ਦੇ ਦਿਨ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਉਸਤੋਂ ਬਾਦ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਵਿਦੇਸ਼ੀ ਹਕੂਮਤ ਦੀ ਗੁਲਾਮੀ ਖਤਮ ਕਰਨ ਮਗਰੋਂ ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ 1950 ਨੂੰ "ਪ੍ਰਭੂਸੱਤਾ ਸੰਪੰਨ, ਜਮਹੂਰੀ ਗਣਰਾਜ'' ਦਾ ਨਾਮ ਗ੍ਰਹਿਣ ਕੀਤਾ ਸੀ। ਇਸ ਸਬੰਧੀ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ ਤੇ ਉਦੋਂ ਦੇਸ਼ ਦਾ ਪਹਿਲਾ ਰਾਸ਼ਟਰਪਤੀ ਬਣਿਆ ਸੀ। ਭਾਰਤ ਦੀ ਆਜ਼ਾਦੀ ਦੀ ਲਹਿਰ ਮਗਰੋਂ ਆਜ਼ਾਦ ਮੁਲਕ ਵਜੋਂ ਸਥਾਪਤ ਹੋਣ ਬਾਰੇ ਘਟਨਾਵਾਂ ਦੀ ਲੜੀ ਵੀ ਕਾਫੀ ਦਿਲਚਸਪ ਹੈ। ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10 ਵੱਜ ਕੇ 18 ਮਿੰਟ ਤੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ ਛੇ ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ ਤੇ ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ ਭਾਰਤ ਦਾ ਐਲਾਨਨਾਮਾ ਪੜ੍ਹਿਆ। ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੀ ਧਰਤੀ ਉੱਤਰ ਵਿੱਚ ਕਸ਼ਮੀਰ ਤੋਂ ਦੱਖਣ ਵਿੱਚ ਕੇਪ ਕੋਮੋਰਿਨ ਤੱਕ ਪੱਛਮ ਵਿੱਚ ਕਠਿਆਵਾੜ ਕੱਛ ਤੋਂ ਪੂਰਬ ਦੇ ਕੋਕੋਨਾਡਾ ਤੇ ਕਾਮਰੂਪ ਤੱਕ ਸਮੁੱਚੇ ਰੂਪ ਵਿੱਚ ਇੱਕ ਨਜ਼ਰ ਆਈ ਸੀ ਅਤੇ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਈ ਸੀ ਜਿਸਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜਿੰਮੇਵਾਰੀ ਲਈ ਸੀ। ਇਸਤੋਂ ਬਾਦ ਲੱਗਭੱਗ 2.30 ਵਜੇ ਬਾਅਦ ਦੁਪਹਿਰ ਰਾਸ਼ਟਰਪਤੀ, ਗਵਰਨਮੈਂਟ ਹਾਊਸ ਜਿਸਨੂੰ ਹੁਣ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ ਵਿੱਚੋਂ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਵਿੱਚ ਬਾਹਰ ਆਏ। ਇਸ ਬੱਘੀ ਨੂੰ ਛੇ ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਅਤੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ (ਹੁਣ ਨੈਸ਼ਨਲ ਸਟੇਡੀਅਮ) ਜੈ-ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਲੋਕ ਖੁਸ਼ੀ ਵਿੱਚ ਜੈ-ਜੈਕਾਰ ਕਰ ਰਹੇ ਸਨ ਅਤੇ ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਹੱਥ ਜੋੜ ਕੇ ਲੋਕਾਂ ਦੇ ਜੈ ਕਾਰਿਆਂ ਦਾ ਜਬਾਵ ਦੇ ਰਹੇ ਸਨ। ਲੱਗਭੱਗ 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜ਼ਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸਨ। ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ। ਅਸੀਂ ਹਰ ਸਾਲ 26 ਜਨਵਰੀ ਨੂੰ ਦੇਸ਼ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਉਂਦੇ ਹਾਂ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਰਾਜਦੂਤਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਵੱਖ




ਵੱਖ ਸੂਬਿਆਂ ਦੇ ਲੋਕ ਭਾਗ ਲੈਂਦੇ ਹਨ ਅਤੇ ਵੇਖਣ ਲਈ ਆਉਂਦੇ ਹਨ। ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ। ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਘੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ, ਜਿੱਥੇ ਪ੍ਰਧਾਨਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ। ਰਾਸ਼ਟਰੀ ਧੁੰਨ ਦੇ ਨਾਲ ਤਿਰੰਗਾ ਲਹਿਰਾਂਦੇ ਹਨ, ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ, ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਅਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ, ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ ਅਪਣੇ ਹਥਿਆਰਾਂ, ਮਿਜ਼ਾਈਲਾਂ, ਟੈਂਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਇਸ ਆਲੀਸ਼ਾਨ ਦ੍ਰਿਸ਼ ਨੂੰ ਵੇਖਕੇ ਹਰ ਦੇਸ਼ਵਾਸੀ ਦੇ ਮਨ ਵਿੱਚ ਦੇਸ਼ਭਗਤੀ ਅਤੇ ਦਿਲ ਵਿੱਚ ਉਤਸ਼ਾਹ ਵਧਦਾ ਹੈ। ਵਿਦਿਆਰਥੀ ਐਨ.ਸੀ.ਸੀ. ਦੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਦਿਵਾਂਉਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ। ਮਿਲਟਰੀ ਅਤੇ ਸਕੂਲਾਂ ਦੇ ਬੈਂਡ ਦੇਸ਼ਭਗਤੀ ਅਤੇ ਰਾਸ਼ਟਰਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵੱਖ ਵੱਖ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ। ਗਣਤੰਤਰ ਦਿਵਸ ਦੇ ਸਮਾਰੋਹ ਵਿੱਚ ਹਰ ਸਾਲ ਵੱਖ ਵੱਖ ਦੇਸ਼ਾਂ ਦੇ ਆਗੂ ਵਿਸ਼ੇਸ਼ ਤੋਰ ਤੇ ਪਹੁੰਚਦੇ ਹਨ ਜਿਨ੍ਹਾਂ ਵਿੱਚ 1950 ਵਿੱਚ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ, 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ, 1962 ਵਿੱਚ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ, 1965 ਵਿੱਚ ਪਾਕਿਸਤਾਨ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਰਾਣਾ ਅਬਦੁਲ ਹਮੀਦ, 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ, 2015 ਵਿੱਚ ਯੂਐਸਏ ਦੇ ਰਾਸ਼ਟਰਪਤੀ ਬਰਾਕ ਅਬਾਮਾ, 2017 ਵਿੱਚ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ, 2018 ਵਿੱਚ 10 ਏਸ਼ੀਅਨ ਮੁਲਕਾਂ ਦੇ ਆਗੂ ਜਿਨ੍ਹਾਂ ਵਿੱਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨਸੈਨ, ਮੀਆਂਮਾਰ ਦੇ ਰਾਸ਼ਟਰਪਤੀ ਹਤੀਨ ਕਿਆ, ਸਿੰਘਾਪੁਰ ਦੇ ਰਾਸ਼ਟਰਪਤੀ ਹਲਿਮਾ ਜੈਕਬ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜ਼ੀਬ ਰਜ਼ਾਕ, 2019 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਮਾਟਾਮੇਲਾ ਸਿਰਿਲ ਰਾਮਫੋਸਾ, 2020 ਨੂੰ ਗਣਤੰਤਰ ਦਿਵਸ ਮੋਕੇ ਬ੍ਰਾਜੀਲ ਦੇ ਰਾਸ਼ਟਰਪਤੀ ਜੇਯਰ ਮੇਸੀਅਸ ਵੋਲਸਨਾਰੋ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ। ਇਸ ਵਾਰ 26 ਜਨਵਰੀ 202 1 ਨੂੰ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਵਾਲੇ ਯੁਨਾਇਟਡ ਕਿੰਗਡਮ ਦੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਕੋਵਿਡ-19 ਕਾਰਨ ਅਪਣਾ ਦੌਰਾ ਰੱਦ ਕਰ ਦਿੱਤਾ ਹੈ। ਭਾਵੇਂ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਪਰ ਸਾਡੇ ਦੇਸ਼ ਦੇ ਕਈ ਭ੍ਰਿਸ਼ਟ ਰਾਜਨੀਤਿਕਾਂ ਅਤੇ ਨੌਕਰਸ਼ਾਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦੇ ਅਜਿਹੇ ਦਾਗ ਲਗਾ ਦਿੱਤੇ ਹਨ ਜਿਹਨਾਂ ਕਰਕੇ ਸਾਡਾ ਦੇਸ਼ ਬਦਨਾਮ ਹੋ ਰਿਹਾ ਹੈ। ਦੇਸ਼ ਵਿੱਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਜਾਤ-ਪਾਤ, ਮਹਿੰਗਾਈ, ਧਾਰਮਿਕ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ ਵਰਗੀਆਂ ਸਮੱਸਿਆਵਾਂ ਖਤਮ ਹੋ ਜਾਣੀਆਂ ਚਾਹੀਦੀਆਂ ਸੀ ਪਰ ਇਹ ਸਮੱਸਿਆਵਾਂ ਕਈ ਗੁਣਾਂ ਵੱਧ ਕੇ ਦੇਸ਼ ਸਾਹਮਣੇ ਚੁਣੌਤੀ ਬਣ ਕੇ ਖੜੀਆਂ ਹਨ। ਦੇਸ਼ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵੱਧ ਰਿਹਾ ਹੈ। ਅਜਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਨੇ ਇੱਕ ਅਜਿਹੇ ਅਜਾਦ ਭਾਰਤ ਦਾ ਸੁਪਨਾ ਵੇਖਿਆ ਸੀ ਜਿਸ ਵਿੱਚ ਕਿਸੇ ਨਾਲ ਕਿਸੇ ਵੀ ਅਧਾਰ ਤੇ ਵਿਤਕਰਾ ਅਤੇ ਸੋਸਣ ਨਹੀਂ ਹੋਵੇਗਾ। ਸੰਵਿਧਾਨ ਵਿੱਚ ਵੀ ਇਸ ਗੱਲ ਦਾ ਵਿਸ਼ੇਸ਼ ਪ੍ਰਵਾਧਾਨ ਹੈ ਕਿ ਹਰ ਭਾਰਤੀ ਨਾਗਰਿਕ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਬਰਾਬਰ ਅਧਿਕਾਰ ਹਨ ਅਤੇ ਕਨੂੰਨ ਦੇ ਸਾਹਮਣੇ ਬਰਾਬਰ ਹਨ ਪ੍ਰੰਤੂ ਪਿਛਲੇ ਕੁੱਝ ਸਾਲਾਂ ਦੌਰਾਨ ਹੀ ਇੱਕ ਵਿਸੇਸ ਫਿਰਕੇ ਵਲੋਂ ਸਮਾਜ ਦੇ ਕੁੱਝ ਵਰਗਾਂ ਨਾਲ ਸਰਕਾਰ ਅਤੇ ਕੁੱਝ ਰਾਜਨੀਤੀਵਾਨਾਂ ਦੀ ਸਹਿ ਤੇ ਪੱਖਪਾਤ ਅਤੇ ਅਤਿਆਚਾਰ ਕੀਤੇ ਜਾ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਅਰਾਜਕਤਾ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਕਈ ਵਰਗਾਂ ਵਿੱਚ ਸੁਰੱਖਿਆ ਦੀ ਥਾਂ ਡਰ ਦੀ ਭਾਵਨਾ ਵੱਧੀ ਹੈ। ਪਿਛਲੇ ਸਮੇਂ ਦੌਰਾਨ ਕਈ ਸੰਵਿਧਾਨਕ ਸੰਸਥਾਵਾਂ ਜਿਨ੍ਹਾਂ ਵਿੱਚ ਮਾਣਯੋਗ ਸੁਪਰੀਮ ਕੌਰਟ ਦੇ ਜੱਜ, ਦੇਸ ਦੇ ਲੇਖਕ, ਬੁੱਧੀਜੀਵੀ, ਮੀਡੀਆ ਨਾਲ ਜੁੜ੍ਹੇ ਵਿਅਕਤੀਆਂ, ਫਿਲਮੀ ਕਲਾਕਰ, ਸਰਕਾਰੀ ਅਧਿਕਾਰੀਆਂ, ਵਿਦਿੱਅਕ ਅਦਾਰਿਆਂ ਦੇ ਅਧਿਆਪਕ ਆਦਿ ਵਲੋਂ ਰਾਜਨੀਤਿਕ ਦਬਾਓ ਦੇ ਵਿਰੋਧ ਵਿੱਚ ਖੁੱਲਕੇ ਸਾਹਮਣੇ ਆਣਾ ਅਤੇ ਕੁੱਝ ਵਲੋਂ ਮਾਨਸਿਕ ਦਬਾਓ ਵੱਧਣ ਕਾਰਨ ਆਤਮ ਹੱਤਿਆ ਵਰਗੇ ਕਦਮ ਚੁੱਕਣਾ ਗੰਭੀਰ ਚਿੰਤਾ ਦਾ ਵਿਸਾ ਹੈ। ਸਰਕਾਰ ਵਲੋਂ ਪਾਸ ਕੀਤੇ ਗਈ ਖੇਤੀ ਸਬੰਧੀ ਕਨੂੰਨਾਂ ਦੇ ਵਿਰੋਧ ਵਿੱਚ ਕਿਸਾਨਾਂ ਵਲੋਂ ਕੀਤਾ ਜਾ ਰਿਹਾ ਵਿਰੋਧ ਪ੍ਰਦਰਸ਼ਨ ਅਤੇ 26 ਜਨਵਰੀ 2021 ਨੂੰ ਗਣਤੰਤਰ ਦਿਵਸ ਮੌਕੇ ਰੋਸ ਵਜੋਂ ਕੀਤੀ ਜਾ ਰਹੀ ਟ੍ਰੈਕਟਰ ਪਰੇਡ ਦਿਲਚਸਪ ਹੋਵੇਗੀ ਅਤੇ ਸਮਾਰੋਹ ਨੂੰ ਇਤਿਹਾਸਕਾਰੀ ਬਣਾ ਦੇਵੇਗੀ। ਦੇਸ਼ ਇੱਕ ਚੰਗਾ ਲੋਕਤੰਤਰ ਤਾਂ ਹੀ ਬਣ ਸਕੇਗਾ ਜੇਕਰ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਜਾਤ-ਪਾਤ ਅਤੇ ਧਰਮ ਦੇ ਅਧਾਰ ਤੇ ਹੁੰਦਾ ਵਿਤਕਰਾ ਖਾਤਮਾ ਕੀਤਾ ਜਾਵੇ।

ਸਰਕਾਰ, ਸਾਡੇ ਰਾਜਨੀਤੀਵਾਨਾਂ, ਨੀਤੀ ਨਿਰਮਾਤਾਵਾਂ ਅਤੇ ਲੋਕਤੰਤਰ ਦੀਆਂ ਵੱਖ ਵੱਖ ਸੰਸਥਾਵਾਂ ਨੂੰ ਇਸ ਗੱਲ ਦਾ ਨਿਸਚਾ ਕਰਨਾ ਚਾਹੀਦਾ ਹੈ ਕਿ ਦੇਸ਼ ਨੂੰ ਅਸਲੀ ਅਰਥਾਂ ਵਿੱਚ ਲੋਕਤੰਤਰਿਕ ਕਾਇਮ ਰੱਖਣ ਅਤੇ ਸੰਵਿਧਾਨ ਨੂੰ ਲਾਗੂ ਕਰਨ ਲਈ ਬਿਨਾਂ ਕਿਸੇ ਪੱਖਪਾਤ ਤੋਂ ਕੰਮ ਕਰਨ ਤਾਂ ਜੋ ਦੇਸ਼ ਦੇ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਹਾਲ ਰਹਿ ਸਕੇ ਅਤੇ ਸਾਡੇ ਦੇਸ਼ ਭਗਤਾਂ ਅਤੇ ਸਵਿੰਧਾਨ ਨਿਰਮਾਤਾਵਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇ।

# ਲੜਕੀਆਂ ਦੀ ਘੱਟ ਰਹੀ ਗਿਣਤੀ ਸਮਾਜ ਵਿੱਚ ਅਸੰਤੁਲਨ ਪੈਦਾ ਕਰ ਰਹੀ ਹੈ

ਅੱਜ 24 ਜਨਵਰੀ, 2021 ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ਸ਼ ਪ੍ਰੋਗਰਾਮ ਆਯਜਿਤ ਕੀਤੇ ਜਾ ਰਹੇ ਹਨ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2008 ਤੋਂ ਸ਼ੁਰੂ ਕੀਤੀ ਗਈ ਅਤੇ ਇਸਦਾ ਮੁੱਖ ਉਦੇਸ਼ ਲੜਕੀਆਂ ਵਿੱਚ ਵੱਧ ਰਹੀ ਗੈਰ ਬਰਾਬਰੀ ਨੂੰ ਉਜਾਗਰ ਕਰਨਾ, ਲੜਕੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਵਧਾਉਣਾ ਅਤੇ ਲੜਕੀਆਂ ਲਈ ਸਿੱਖਿਆ, ਸਿਹਤ ਅਤੇ ਖੁਰਾਕ ਦੀ ਮਹੱਤਤਾ ਸਬੰਧੀ ਜਾਗਰੂਕ ਕਰਨਾ ਹੈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ ਇਸ ਦਿਨ ਹੀ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਭਾਵੇਂ ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ ਪਰ ਕੁੜੀਆਂ ਬਾਰੇ ਬਹੁਤੇ ਲੋਕਾਂ ਦੀ ਸੋਚ ਅਜੇ ਵੀ ਸਦੀਆਂ ਪੁਰਾਣੀ ਹੈ। ਬੇਸ਼ੱਕ ਕਈ ਘਰਾਂ ਵਿੱਚ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਹੀ ਮਹੱਤਤਾ ਦਿਤੀ ਜਾਂਦੀ ਹੈ ਅਤੇ ਕਈ ਪਰਿਵਾਰਾਂ ਵਿੱਚ ਤਾਂ ਲੜਕੀਆਂ ਦੀ ਵੱਧ ਮਹੱਤਤਾ ਹੈ ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਅਣਗਿਣਤ ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿੱਚ ਲਿੰਗ ਜਾਂਚ ਕਰਵਾਕੇ ਖਤਮ ਕੀਤਾ ਜਾ ਰਿਹਾ ਹੈ ਅਤੇ ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਲਾਵਾਰਿਸ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਅਜੇ ਵੀ ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ




ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਕਈ ਤਰਾਂ ਦਾ ਪੱਖਪਾਤ ਕੀਤਾ ਜਾਂਦਾ ਹੈ। ਬਾਲ ਵਿਆਹ ਦੀ ਕੁਪ੍ਰਥਾ ਸੱਖਤ ਕਨੂੰਨ ਹੋਣ ਦੇ ਬਾਬਜੂਦ ਕਾਇਮ ਹੈ ਅਤੇ ਸਾਡੇ ਸਮਾਜ ਨੂੰ ਕਲੰਕਿਤ ਕਰ ਰਹੀ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਮਾਹੌਲ ਸੋਗਮਈ ਬਣਾ ਲੈਂਦੇ ਹਾਂ। ਇਹ ਹਾਲਤ ਭਾਰਤ ਦੇ ਲੱਗਭੱਗ ਹਰ ਹਿੱਸੇ ਵਿੱਚ ਹੈ। ਭਾਰਤ ਵਿੱਚ ਜੇਕਰ ਬਾਲ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 914 ਰਹਿ ਗਈਆਂ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 867 ਰਹਿ ਗਈ ਹੈ, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਹੋ ਗਈ ਹੈ। 'ਸੈਂਟਰ ਫਾਰ ਸ਼ੋਸ਼ਲ ਰਿਸਰਚ' ਸੰਸਥਾ ਅਨੁਸਾਰ 20 ਸਾਲਾਂ ਵਿੱਚ ਭਾਰਤ ਵਿੱਚ ਇੱਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। 2011 ਦੀ ਜਨਗਣਨਾ ਅਨੁਸਾਰ ਦੇਸ ਵਿੱਚ ਲੱਗਭੱਗ 11 ਫਿਸਦੀ ਸਕੂਲਾਂ ਅਤੇ 53 ਫਿਸਦੀ ਘਰਾਂ ਵਿੱਚ ਟੋਆਇਲਟ ਦੀ ਸਹੂਲਤ ਨਹੀਂ ਹੈ ਜਿਸਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈਂਦਾ ਹੈ। ਗੈਰ ਸਰਕਾਰੀ ਸੰਸਥਾ 'ਸ਼ਾਕਸ਼ੀ' ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਬੱਚਿਆਂ ਨਾਲ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਬਹੁਤੇ ਮਾਮਲਿਆਂ ਦਾ ਤਾਂ ਕਿਸੇ ਨੂੰ ਪਤਾ ਵੀ ਨਹੀਂ ਚੱਲਦਾ ਹੈ। ਰਾ-ਸਟਰੀ ਅਪਰਾਧ ਰਿਕਾਰਡ ਬਿਉਰੋ ਦੀ ਰਿਪੋਰਟ ਅਨੁਸਾਰ ਸਾਲ 2019 ਵਿੱਚ ਬੱਚਿਆਂ ਨਾਲ ਅਪਰਾਧ ਸਬੰਧੀ 148185 ਮਾਮਲੇ ਰਜਿਸਟਰਡ ਹੋਏ ਹਨ। ਮਹਾਂਰਾਸਟਰ ਵਿੱਚ ਸਭ ਤੋਂ ਵੱਧ 19592 ਮਾਮਲੇ ਸਾਹਮਣੇ ਆਏ ਹਨ ਅਤੇ ਸਭ ਤੋਂ ਘੱਟ ਸਿੱਕਮ ਵਿੱਚ 59 ਮਾਮਲੇ ਰਜਿਸਟਰਡ ਹੋਏ ਹਨ। ਬੱਚਿਆਂ ਨੂੰ ਯੋਨ ਸ਼ੋਸ਼ਣ ਤੋਂ ਬਚਾਉਣ ਲਈ ਲਾਗੂ ਕੀਤੇ ਗਏ ਵਿਸੇਸ ਕਨੂੰਨ ਪੋਕਸੋ ਐਕਟ 2012 ਅਧੀਨ 2019 ਵਿੱਚ 26192 ਕੇਸ ਰਜਿਸਟਰਡ ਕੀਤੇ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਅਪਰਾਧਾਂ ਵਿੱਚ ਸਾਮਿਲ ਵਿਅਕਤੀਆਂ ਵਿੱਚੋਂ 24672 ਬੱਚਿਆਂ ਦੇ ਜਾਣਕਾਰ ਹੀ ਸਨ ਅਤੇ 2153 ਅਪਰਾਧੀ ਪਰਿਵਾਰ ਦੇ ਹੀ

(ਬਾਕੀ ਅਗਲੇ ਸਫੇ 'ਤੇ)

# 26 ਜਨਵਰੀ ਦੀ ਟਰੈਕਟਰ ਪਰੇਡ ਤੋਂ ਕਿਸਾਨ ਮੋਰਚੇ ਨੇ ਕੀ ਖੱਟਿਆ?






ਕਿਸਾਨ ਮੋਰਚੇ ਦੀ ਦਿੱਲੀ ਦੀਆਂ ਬਰੂਹਾਂ ਤੇ ਇਨਸਾਫ਼ ਲੈਣ ਲਈ ਜੰਗ ਜਾਰੀ ਹੈ ਦੁਸ਼ਮਣ ਮੌਕੇ ਦੀ ਤਾਕ ਵਿੱਚ ਹੈ ਕਿ ਮੋਰਚਾ ਕਿਵੇਂ ਫੇਲ ਕੀਤਾ ਜਾਵੇ ਅਸੀਂ ਮੌਕਾ ਦੇਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਪਰ ਫਿਰ ਵੀ ਗੁਰੂ ਦੀ ਬਖਸ਼ਿਸ਼ ਅਤੇ ਅਤੇ ਕੁਦਰਤ ਦਾ ਵਰਤਾਰਾ ਸਾਨੂੰ ਅਜੇ ਵੀ ਜਿੱਤ ਦੀ ਮੰਜ਼ਲ ਵੱਲ ਵਧਾ ਰਿਹਾ ਹੈ

26 ਜਨਵਰੀ ਦੀ ਟਰੈਕਟਰ ਪਰੇਡ ਨੇ ਦਿੱਲੀ ਦੇ ਹਾਕਮ ਨੂੰ ਲੋਕਾਂ ਦੇ ਰੋਹ ਦੀ ਤਾਕਤ ਦਾ ਸ਼ੀਸਾ ਦਿਨ ਦਿਹਾੜ ਦਿਖਾ ਦਿੱਤਾ ਹੈ ਕਿ ਸਰਕਾਰਾਂ ਨਹੀਂ ਵੱਡੀਆਂ ਹੁੰਦੀਆਂ ਸਨ ਲੋਕ ਵੱਡੇ ਹੁੰਦੇ ਹਨ,ਕਿ ਸਰਕਾਰਾਂ ਦੇ ਫ਼ੈਸਲੇ ਲੋਕ ਰਾਇ ਮੁਤਾਬਕ ਹੋਣੇ ਚਾਹੀਦੇ ਹਨ ਇਸ ਟਰੈਕਟਰ ਪਰੇਡ ਵਿਚ ਲੋਕਾਂ ਦੇ ਇਖਲਾਕ ਦੀ ਜਿੱਤ ਹੋਈ ਹੈ ਪਰ ਦੂਸਰੇ ਪਾਸੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੰਕਾਰ ਦਾ ਘੜਾ ਅਜੇ ਵੀ ਟੁੱਟਣ ਨੂੰ ਤਿਆਰ ਨਹੀਂ ਹੈ ਕਿਸਾਨ ਮੋਰਚੇ ਨੂੰ ਤਾਰੋਪੀਡ ਕਰਨ ਲਈ ਅਜੇ ਵੀ ਗੁੱਝੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ ਪਰ ਉਹਨਾਂ ਦੀ ਕੋਈ ਪੇਸ਼ ਨਹੀਂ ਚੱਲ ਰਹੀ ਕਿਉਂਕਿ ਦੇਸ਼ ਭਰ ਦੇ ਕਿਸਾਨ ਨੇ ਮੁਲਕ ਦੀ ਰਾਜਧਾਨੀ ਨੂੰ ਚਾਰ ਚੁਫੇਰਿਓਂ ਘੇਰਾ ਪਾਇਆ ਹੋਇਆ ਹੈ ਕੇਂਦਰ ਸਰਕਾਰ ਨੂੰ ਸਮਝ ਨਹੀਂ ਆ ਰਹੀ ਕਿ ਇਸ ਕਿਸਾਨ ਅੰਦੋਲਨ ਦੇ ਘੇਰੇ ਵਿੱਚੋਂ ਬਾਹਰ ਕਿਵੇਂ ਨਿਕਲਿਆ ਜਾਵੇ ਪਹਿਲਾਂ ਲੋਕ ਸੰਘਰਸ਼ਾਂ ਨੂੰ ਘੇਰੇ ਪੈਂਦੇ ਸਨ ਸਰਕਾਰਾਂ ਦੇ ,ਪਰ ਐਤਕੀਂ ਸਰਕਾਰ ਖੁਦ ਆਪ ਬੁਰੀ ਤਰਾਂ ਘਿਰ ਗਈ ਹੈ । ਅੰਗਰੇਜ਼ਾਂ ਦੀ ਸਰਕਾਰ ਦੇ ਜਨਰਲ ਡਾਇਰ ਨੇ ਸਾਲ 1919 ਵਿਚ ਜਲਿਆਂਵਾਲੇ ਬਾਗ ਨੂੰ ਘੇਰਿਆ ਇਥੇ ਗੋਲੀਆਂ ਚਲਾ ਕੇ ਸੈਂਕੜੇ ਅੰਦੋਲਨਕਾਰੀ ਮੁਕਾ ਦਿੱਤੇ ਇਹ ਘਟਨਾਕ੍ਰਮ ਅਜ਼ਾਦੀ ਇਤਿਹਾਸ ਦਾ ਹਿੱਸਾ ਬਣਿਆ । ਫੇਰ ਬੀਬੀ ਇੰਦਰਾ ਦੀ ਫ਼ੌਜ ਨੇ 1984 ਵਿੱਚ ਸਿੱਖਾਂ ਦੇ ਮੱਕੇ ਦਰਬਾਰ ਸਾਹਿਬ ਨੂੰ ਘੇਰਾ ਪਾਇਆ ਅਤੇ ਸੈਂਕੜੇ ਸੰਘਰਸ਼ੀ ਯੋਧਿਆਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਅਤੇ ਧਰਮ ਯੁੱਧ ਮੋਰਚੇ ਦੇ ਸੰਘਰਸ਼ ਨੂੰ ਖੇਰੂੰ ਖੇਰੂੰ ਕਰ ਦਿੱਤਾ ਪਰ ਸਰਕਾਰਾਂ ਦੇ ਇਹਨਾਂ ਬੇਗ਼ੈਰਤ ਅਤੇ ਗੈਰ-ਕਾਨੂੰਨੀ ਘੇਰਿਆ ਨੇ ਅੰਗਰੇਜ਼ ਰਾਜ ਦਾ ਅਤੇ ਇੰਦਰਾ ਗਾਂਧੀ ਦੇ ਅੰਤ ਦਾ ਬਿਗਲ ਵਜਾਇਆ । ਹੁਣ ਮੁਲਕ ਦਾ ਕਾਰਪੋਰੇਟ ਹਾਊਸ ਅੰਬਾਨੀ ਅਡਾਨੀ ਸਰਕਾਰ ਦੀ ਆੜ ਵਿੱਚ ਕਿਸਾਨਾਂ ਦੀ ਜ਼ਮੀਨ ਨੂੰ ਘੇਰਾ ਪਾਉਣ ਆਏ ਹਨ ਪਰ ਲੋਕਾਂ ਦੇ ਰੋਹ ਵਿੱਚ ਦੋਵੇਂ ਘਿਰ ਗਏ ਹਨ ਉਹ ਵੱਖਰੀ ਗੱਲ ਹੈ ਕਿਸਾਨਾਂ ਨੇ ਸਰਕਾਰਾਂ ਤੇ ਕੋਈ ਗੋਲੀ ਨਹੀਂ ਚਲਾਉਣੀ, ਕੋਈ ਕਤਲੋ ਗਾਰਦ ਨਹੀਂ ਕਰਨਾ ਉਹਨਾਂ ਨੇ ਸਿਰਫ਼ ਆਪਣਾ ਹੱਕ ਲੈਣਾ ਹੈ ਜੋ ਸਰਕਾਰ ਅਤੇ ਧਨਾਢ ਲੋਕ ਕਿਸੇ





ਵੀ ਹਾਲਾਤ ਵਿੱਚ ਦੇਣਾ ਨਹੀਂ ਚਾਹੁੰਦੇ ਉਹਨਾਂ ਦੀ ਇੱਕੋ ਮਨਸ਼ਾ ਹੈ ਇਹ ਕਿਸਾਨ ਅੰਦੋਲਨ ਕਿਵੇਂ ਨਾ ਕਿਵੇਂ ਫ਼ੇਲ੍ਹ ਹੋ ਜਾਵੇ ।


ਕਿਸਾਨ ਮੋਰਚੇ ਵਿੱਚ ਹਿੱਸਾ ਲੈ ਰਹੇ ਸਾਰੇ ਵਰਗਾਂ ਦੇ ਲੋਕਾਂ ਨੂੰ ਸੁਚੇਤ ਰਹਿਣਾ ਹੋਵੇਗਾ ਜਜ਼ਬਾਤਾਂ ਦੇ ਵਹਾਅ ਵਿੱਚ ਨਹੀਂ ਵਹਿਣਾ ਹੋਵੇਗਾ ਜੇ ਇਹ ਹੋਵੇਗਾ ਫਿਰ ਉਹ ਸਰਕਾਰ ਦੀਆਂ ਚਾਲਾਂ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ । ਸਾਡਾ ਮੁੱਖ ਟੀਚਾ ਕਿਸਾਨ ਮੋਰਚਾ ਫ਼ਤਿਹ ਕਰਨਾ ਹੈ ਇਸ ਲਈ ਇਸ ਨੂੰ ਜੋਸ਼ ਨਾਲੋਂ ਹੋਸ਼ ਵੱਧ ਕਾਇਮ ਰੱਖਣੀ ਹੋਵੇਗੀ ਮੈਂ ਆਪਣੇ ਪਹਿਲੇ ਆਰਟੀਕਲ ਵਿਚ ਵੀ ਲਿਖਿਆ ਸੀ ਕਿ ਪੰਜਾਬੀ ਜੋਸ ਪੱਖੋਂ ਕਦੇ ਵੀ ਨਹੀਂ ਹਾਰੇ ਹੋਸ਼ ਪੱਖੋਂ ਇਹਨਾਂ ਨੇ ਹਮੇਸ਼ਾ ਹੀ ਮਾਰ ਖਾਧੀ ਹੈ ਜੇਕਰ ਦਿੱਲੀ ਦੇ ਲਾਲ ਕਿਲੇ ਤੇ ਨੌਜਵਾਨਾਂ ਨੇ ਖ਼ਾਲਸਾਈ ਨਿਸ਼ਾਨ ਲਹਿਰਾ ਵੀ ਦਿੱਤਾ ਤਾਂ ਕੋਈ ਪਹਾੜ ਨਹੀਂ ਡਿਗ ਪਿਆ ਖ਼ਾਲਸੇ ਦੀ ਆਜ਼ਾਦੀ ਦਾ ਸੰਕਲਪ ਹਰ ਸਿੱਖ ਤੇ ਜਿਹਨ ਵਿੱਚ ਹੈ ਪਰ ਮਸਲਾ ਇਸ ਵਕਤ ਕਿਸਾਨਾਂ ਦਾ ਹੈ ਖ਼ਾਲਸੇ ਦੀ ਆਜ਼ਾਦੀ ਦਾ ਨਹੀਂ ,ਤੁਹਾਡੇ ਇਸ ਕਾਰਨਾਮੇ ਨੂੰ ਵੀ ਗੋਦੀ ਅਤੇ ਚਾਪਲੂਸ ਮੀਡੀਆ ਨੇ ਇਕ ਕਰਤੂਤ ਬਣਾ ਕੇ ਪੇਸ਼ ਕਰ ਦੇਣਾ ਹੈ ਜਿਸ ਨਾਲ ਪਹਿਲੇ ਸੰਘਰਸ਼ਾਂ ਵਾਂਗ ਜਿੱਤ ਦੇ ਨੇੜੇ ਪਹੁੰਚਿਆ ਇਹ ਕਿਸਾਨ ਸੰਘਰਸ਼ ਵੀ ਫ਼ੇਲ੍ਹ ਹੋ ਜਾਣਾ ਹੈ ਜਾਂ ਉਹਨਾਂ ਮਾਹਾਂਰਥੀਆਂ ਨੇ ਕਰ ਦੇਣਾ ਹੈ ਪਿਛਲਾ ਇਤਿਹਾਸ ਪੜ ਕੇ ਵੇਖ ਲੈਣਾ ਸਾਡੇ ਪਿਛਲੇ ਸੰਘਰਸ਼ਾਂ ਵਿਚ ਕਿਵੇਂ ਕਿਵੇਂ ਕੀ ਕੀ ਇਹਨਾਂ ਸਰਕਾਰਾਂ ਨੇ ਭਾਣੇ ਵਰਤਾਏ ਹਨ ਅਸੀਂ ਕਿੱਥੋਂ ਕਿੱਥੋਂ ਅਤੇ ਕਿਵੇਂ ਕਿਵੇਂ ਮਾਰ ਖਾਧੀ ਹੈ ਕਿਉਂਕਿ ਦਿੱਲੀ ਦਾ ਹਾਕਮ ਬੜਾ ਚਤਰ ਹੈ ਉਸ ਨੇ ਲਾਲ ਕਿਲੇ ਦੇ ਗੇਟ ਤੁਹਾਡੇ ਲਈ ਐਵੇਂ ਨਹੀਂ ਖੋਲੇ ਸੀ ਉਹ ਵੀ ਇਸ ਤਾਕ ਵਿੱਚ ਹੈ ਕਿ ਪੰਜਾਬ ਦੀ ਜਵਾਨੀ ਜੋਸ਼ ਅਤੇ ਤਹਿਸ ਵਿੱਚ ਆ ਕੇ ਕੋਈ ਅਜਿਹੇ ਕਦਮ ਪੁੱਟੇ ਅਸੀਂ ਕਿਸਾਨ ਮੋਰਚੇ ਨੂੰ ਬਦਨਾਮ ਕਰਕੇ ਫ਼ੇਲ੍ਹ ਕਰੀਏ ।


ਕਿਸਾਨ ਮੋਰਚੇ ਦੇ ਵਾਰਸੋ ਜੇਕਰ ਮੋਰਚਾ ਫਤਿਹ ਕਰਨਾ ਬਹੁਤ ਹੀ ਗੰਭੀਰ ਅਤੇ ਸੁਚੇਤ ਹੋਣ ਦੀ ਲੋੜ ਹੈ 26 ਜਨਵਰੀ ਦੀ ਟਰੈਕਟਰ ਪਰੇਡ ਨੇ ਕੇਂਦਰ ਸਰਕਾਰ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ ਪਰ ਦੇਖਣਾ ਸਾਡੀ ਇਕ ਛੋਟੀ ਜਿਹੀ ਗਲਤੀ ਹੀ ਕਿਤੇ ਕਿਸਾਨ ਮੋਰਚੇ ਦੇ ਮੰਜੇ ਦੇ ਚਾਰੇ ਪਾਵਿਆਂ ਨੂੰ ਤੋੜ ਕੇ ਨਾਂ ਰੱਖ ਦੇਵੇ ਇਹ ਸੰਘਰਸ਼ ਅਤੇ ਕੌਮਾਂ ਦਾ ਏਕਾ ਰੋਜ਼ ਰੋਜ਼ ਨਹੀਂ ਜੁੜਦਾ ਹੁੰਦਾ ਸਦੀਆਂ ਬਾਅਦ ਹੀ ਅਜਿਹੇ ਇਨਕਲਾਬ ਆਉਂਦੇ ਹਨ ਅਤੇ ਇਤਿਹਾਸ ਬਣਦੇ ਹਨ ਸੋ ਸਾਨੂੰ ਸੰਭਲ ਕੇ ਚੱਲਣਾ ਪਵੇਗਾ ਕਿਉਂਕਿ ਅੱਗੇ ਸਰਕਾਰਾਂ ਸੰਘਰਸ਼ਾਂ ਨੂੰ ਘੇਰਦੀਆਂ ਸੀ ਐਤਕੀਂ ਪਹਿਲੀ ਵਾਰ ਸੰਘਰਸ਼ੀ ਯੋਧਿਆਂ ਨੇ ਸਰਕਾਰ ਘੇਰੀ ਐ, ਕਿਸਾਨ ਮੋਰਚਾ ਜਿੱਤ ਦੇ ਨੇੜੇ ਹੈ ਕਿਸਾਨਾਂ ਦਾ ,ਵੱਖ ਵੱਖ ਧਰਮਾਂ ਅਤੇ ਵੱਖ ਵੱਖ ਵਰਗਾਂ ਦਾ ਨੌਜਵਾਨਾਂ ਅਤੇ ਬੀਬੀਆਂ ਦਾ ਏਕਾ ਅਤੇ ਜੋਸ਼ ਇੱਕ ਕਾਬਲੇ ਤਾਰੀਫ਼ ਹੈ ਪਰ ਇੱਕ ਧੜੱਲੇਦਾਰ ਲੀਡਰ ਜਿਸ ਦੀ ਅਗਵਾਈ ਹੇਠ ਸਾਰੇ ਇਕੱਠੇ ਹੋ ਸਕਣ ਉਹ ਇੱਕ ਵੱਡੀ ਘਾਟ ਕਿਸਾਨ ਸੰਘਰਸ਼ ਵਿੱਚ ਰੜਕਦੀ ਹੈ,ਅਗਵਾਈ ਕਰਨ ਵਾਲਾ ਇੱਕ ਜਰਨੈਲ ਨਹੀਂ ਦਿਸ ਰਿਹਾ ਜੇਕਰ ਕਿਸੇ ਪਾਸਿਓਂ ਹੁਣ ਕਿਸਾਨ ਮੋਰਚਾ ਮਾਰ ਖਾ ਗਿਆ ਫੇਰ ਸਾਹ ਮੁਹੰਮਦ ਦੇ ਜੰਗਨਾਮੇ ਦੀਆਂ ਉਹ ਸਤਰਾਂ ਜ਼ਰੂਰ ਚੇਤੇ ਆਉਣਗੀਆਂ ਕਿ

ਜੇਕਰ ਅੱਜ ਹੁੰਦੀ ਸਰਕਾਰ ਮੁੱਲ ਪਾਉਂਦੀ ,<br>
ਜੋ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ ,<br>
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਵੀ ਅੰਤ ਨੂੰ ਹਾਰੀਆਂ ਨੇ ।

ਖ਼ੈਰ ਨਹੀਂ ਅਜੇ ਵੀ ਵਕਤ ਦਾ ਪਲੜਾ ਕਿਸਾਨ ਮੋਰਚੇ ਦੇ ਹੱਕ ਵਿਚ ਹੈ ਪ੍ਰਮਾਤਮਾ ਰਹਿਮਤ ਕਰੇ 26 ਜਨਵਰੀ ਦੀ ਟਰੈਕਟਰ ਰੈਲੀ ਨੇ ਵਾਕਿਆ ਹੀ ਸਫ਼ਲਤਾ ਦੇ ਝੰਡੇ ਗੱਡੇ ਹਨ , ਅੱਗੇ ਵੀ ਸਫਲਤਾ ਨਸੀਬ ਹੋਵੇ ਸਾਡੀ ਆਪਸੀ ਏਕਤਾ ਅਤੇ ਭਾਈਚਾਰਾ ਬਣਿਆ ਰਹੇ ਚਲਦੇ ਸੰਘਰਸ਼ਾਂ ਵਿਚ ਛੋਟੀਆਂ ਮੋਟੀਆਂ ਗਲਤੀਆਂ ਅਤੇ ਕਮੀਆਂ ਹੁੰਦੀਆਂ ਹੀ ਹਨ ਪਰ ਹੌਸਲਾ ਬਰਕਰਾਰ ਰੱਖਿਓ ਜਿੱਤਾਂਗੇ ,ਜ਼ਰੂਰ ਜੰਗ ਜਾਰੀ ਰੱਖਿਓ ਕਿਸਾਨਾਂ ਦਾ ਰੱਬ ਰਾਖਾ !

## ਪੰਜਾਬੀ ਫ਼ਿਲਮ ਸਮਾਚਾਰ - ਅੰਮ੍ਰਿਤ ਪਵਾਰ
















### ਟੀਨਾ ਘਈ ਡਿਬੇਟ ਮਾਹਿਰ

ਫਿਲਮ ਅਭਿਨੇਤਰੀ ਤੇ ਗਾਇਕਾ ਟੀਨਾ ਘਈ ਅੱਜ ਕੱਲ ਵੱਡੇ-ਵੱਡੇ ਟੀ.ਵੀ ਚੈਨਲਾਂ ਦੀ ਪਹਿਲੀ ਪਸੰਦ ਹੈ । ਸੁਸਾਂਤ ਰਾਜੂਤ ਤੋਂ ਲੈ ਕਿ 'ਕੰਗਨਾ' ਤੇ ਹੋਰ ਚਲੰਤ ਫਿਲਮੀ ਮਸਲਿਆਂ ਤੇ ਟੀਨਾ ਘਈ ਨਾਲ ਇਹ ਖਬਰ ਪੈਨਲ ਬਹਿਸ ਦਿਖਾਉਂਦੇ ਹਨ। ਦਿਲੀਫ ਕੁਮਾਰ, ਗੋਵਿੰਦਾ ਨਾਲ ਫਿਲਮਾਂ ਕਰ ਚੁੱਕੀ ਟੀਨਾ ਘਈ ਦੀਆਂ ਯਾਦਗਾਰੀ ਪੰਜਾਬੀ ਫਿਲਮਾਂ 'ਇਸ਼ਕ ਨਿਮਾਣਾ' 'ਜਾ ਕੋ ਰਾਖੇ ਸਾਈਆਂ' ਹਨ।

### ਇਹ ਸਿਰ ਝੁਕਣਾ ਨਹੀ- ਜਸਪਾਲ ਸੂਸ

ਸਰਦਾਰ ਜਸਪਾਲ ਸੂਸ ਕਾਮਵਰ ਸਾਇਰ ਤੇ ਸੰਗੀਤ ਕੰਪੋਜਰ, ਹੁਣ ਕਿਸਾਨ ਲਹਿਰ ਨੂੰ ਸਮਰਪਿਤ ਉਸਦਾ ਲਿਖਿਆ ਗੀਤ 'ਇਹ ਸਿਰ ਝੁਕਣਾ ਨਹੀ' ਚਰਚਾ 'ਚ ਹੈ। ਸੂਸ ਦੇ ਲਿਖੇ ਤੇ ਤਿਆਰ ਇਸ ਗੀਤ ਨੂੰ ਨਿਰਮਾਲ ਸਿੱਧੂ, ਹਸਨ, ਲਹਿੰਬਰ ਹੁਸੇਨਪੁਰੀ ਨੇ ਗਾਇਆ ਹੈ। ਸਰਦਾਰ ਜਸਪਾਲ ਸੂਸ ਦੇ ਇਸ ਗੀਤ ਦਾ ਸੰਗੀਤ ਨਿਰਮਲ ਸਿੱਧੂ ਦਾ ਹੈ।

### ਰਮਨ ਹੋਈ ਮੁਟਿਆਰ

ਰਮਨ ਮੁਟਿਆਰ ਪੰਜਾਬ ਦੀ ਲੋਕਿਪ੍ਰਿਯ ਹੈ। ਕਈ ਲਘੂ ਫਿਲਮਾਂ ਤੇ ਵੀਡਿਉਜ ਕਰ ਚੁੱਕੀ ਰਮਨ ਮੁਟਿਆਰ ਨੇ ਹੁਣ ਪੰਜਾਬੀ ਦੀ ਵੈਬ ਸੀਰੀਜ 'ਰੰਗ ਬਰੰਗੀ' ਕੀਤੀ ਹੈ।

ਰਮਨ ਅਨੁਸਾਰ ਸੰਦੀਪ ਸਿੰਘ, ਪੂਜਾ, ਪ੍ਰੀਤ ਸਿੱਧੂ, ਸੋਨਮ, ਦਲੇਰ ਮਹਿਤਾ ਤੇ ਸੁੱਖੀ ਧੀਮਾਨ ਨਾਲ ਇਹ ਸੀਰੀਜ ਉਸਨੂੰ ਹੋਰ ਚਰਚਿਤ ਕਰੇਗੀ।

### ਜੀ.ਐਸ ਚੰਨੀ - ਮੇਕਅਪ ਸਟਾਰ

ਸਾਰੀ ਉਮਰ ਹੀ ਕਾਲਕਾਰੀ ਤੇ ਰੂਪ ਸੱਜਾ ਦੇ ਲੇਖੇ ਹੈ ਜੀ.ਐਸ ਚੇਨੀ ਦੀ ਤੇ ਫਿਲਮਾਂ ਦੇ ਨਾਲ ਨਾਲ ਉਹ ਦੂਰ ਦਰਸ਼ਨ ਜਲੰਧਰ ਦਾ ਪ੍ਰਵਾਨਿਤ ਕਲਾਕਾਰ ਹੈ। ਕਾਂਸੀਰਾਮ ਚੰਨ ਪ੍ਰਸਿੱਧ ਹਾਸਰਸ ਅਭਿਨੇਤਾ ਨੇ ਕਿਹਾ ਕਿ ਜੀ.ਐਸ. ਚੇਨੀ ਕਲਾਕਾਰ ਦੀ ਦਿੱਖ ਹੀ ਸੇਵਰ ਦਿੰਦਾ ਹੈ।

### ਦਲਜੀਤ ਕੌਰ ਦੀ ਚਾਹਤ

ਐਕਟਿੰਗ ਦੀ ਨਵੀਂ ਖਿਡਾਰਨ ਹੈ ਦਲਜੀਤ ਕੌਰ ਤੇ ਫਿਲਮਾਂ ਸੀਰੀਅਲ ਦੇ ਨਾਲ-ਨਾਲ ਉਹ ਮਾਡਲਿਗ ਵੀ ਕਰਦੀ ਹੈ । ਦਲਜੀਤ ਨੇ ਡਬਿੰਗ ਆਰਟਿਸਟ ਤੌਰ ਤੇ ਵੀ ਕੰਮ ਜਾਰੀ ਟੱਖਿਆ ਹੋਇਆ ਹੈ।

ਦਲਜੀਤ ਨੇ ਕਿਹਾ ਉਹ ਪੰਜਾਬੀ ਫਿਲਮਾਂ 'ਚ ਲੋਕਪ੍ਰਿਯ ਹੋਣਾ ਚਾਹੁੰਦੀ ਹੈ।

### ਫਰਿਆਦ - ਹੈਪੀ ਪੰਡਵਾਲਾ ਦੀ

ਪੱਤਰਕਾਰ ਤੇ ਗਾਇਕ ਹੈਪੀ ਪੰਡਵਾਲਾ ਨੇ ਕਿਸਾਨਾ ਦੇ ਦਿਲਾਂ ਦੀ 'ਫਰਿਆਦ' ਗਾਈ ਹੈ। ਇਸ ਦਾ ਪ੍ਰਸਾਰਣ ਹਰ ਪੰਜਾਬੀ ਵੈਬ ਚੈਨਲ ਨੇ ਕੀਤਾ ਹੈ। ਹੈਪੀ ਅਨੁਸਾਰ ਗੀਤ ਉਹ ਹੁੰਦੇ ਨੇ ਜੋ ਲੋਕਾਈ ਦੀ ਗੱਲ ਕਰਨ।

# ਲੜਕੀਆਂ ਦੀ ਘੱਟ ਰਹੀ ਗਿਣਤੀ ਸਮਾਜ ਵਿੱਚ ਅਸੰਤੁਲਨ ਪੈਦਾ ਕਰ ਰਹੀ ਹੈ

(ਸਫਾ 33 ਦੀ ਬਾਕੀ)


ਮੈਂਬਰ ਸਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਉੱਤਰ ਪ੍ਰਦੇਸ ਵਿੱਚ ਸਭ ਤੋਂ ਵੱਧ ਮਾਮਲੇ 7444 ਮਾਮਲੇ ਸਾਹਮਣੇ ਆਏ ਹਨ, 19784 ਲੜਕੇ ਅਤੇ 47191 ਲੜਕੀਆਂ ਦੇ ਲਾਪਤਾ ਹੋਣ ਦੇ ਮਾਮਲੇ ਰਜਿਸਟਰਡ ਹੋਏ ਹਨ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲੱਗਭੱਗ 9 ਫੀਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਇਸ ਸਾਲ ਕੋਵਿਡ-19 ਨੇ ਵੀ ਲੜਕੀਆਂ ਤੇ ਬੁਰਾ ਅਸਰ ਕੀਤਾ ਹੈ। ਲੜਕੀਆਂ ਤੇ ਵੱਧਦੇ ਤੇਜਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲਦੇ ਹਨ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿੱਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਲੜਕੀਆਂ ਬੇਸ਼ੱਕ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ, ਰਾਜਨੀਤੀ, ਘਰ ਹੋਵੇ ਜਾਂ ਉਦਯੋਗ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ ਅਤੇ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾ ਵਿੱਚ ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਖਿੱਅਤ ਮਾਤਰਤਵ ਯੋਜਨਾ, ਜਨਨੀ ਸੁਰਖਿੱਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਆਦਿ ਸਾਮਲ ਹਨ। ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਵੀ ਬੇਅਸਰ ਹੀ ਸਾਬਿਤ ਹੋ ਰਹੇ ਹਨ। ਲੜਕੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਸਥਾਪਿਤ ਵਿਭਾਗ ਅਣਗਹਿਲੀ ਅਤੇ ਰਾਜਨੀਤੀ ਦਾ ਸਿਕਾਰ ਹੋ ਰਹੇ ਹਨ। ਇਸ ਸਾਲ ਸਰਕਾਰ ਵਲੋਂ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਦੀ ਸਾਲਗਿਰਾ ਮਨਾਈ ਜਾ ਰਹੀ ਹੈ, ਉੜੀਸਾ ਸਰਕਾਰ ਵਲੋਂ ਬਾਲ ਵਿਆਹ ਮੁੱਕਤ ਪਿੰਡਾਂ ਲਈ ਕੰਮ ਕਰਨ ਵਾਲੇ ਵਿਅੱਕਤੀਆਂ ਅਤੇ ਸੰਸਥਾਵਾਂ ਨੂੰ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵਲੋਂ ਜਨਵਰੀ ਦਾ ਮਹੀਨਾ ਲੜਕੀਆਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ ਅਤੇ ਧੀਆਂ ਦੀ ਲੋਹੜੀ ਮਨਾਈ ਗਈ ਹੈ।

ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

## ਪੰਜ - ਆਬ

ਕਿੰਨਾ ਸੀ ਰੌਲਾ ਪਾਇਆ
ਕਿਵੇਂ ਹੱਲਾ ਸੀ ਮਚਾਇਆ
ਅਖੇ ਬਦਲ ਗਿਆ ਪੰਜਾਬ
ਨੌਜਵਾਨ ਨਸ਼ਿਆਂ ਤੇ ਸੀ ਲਾਇਆ
ਬਜ਼ੁਰਗ ਪਿੰਡਾ ਤਕ ਰਹਿ ਗਏ
ਜੌ ਮੂੰਹ ਆਇਆ ਹਾਕਮ ਕਹਿ ਗਏ
ਅੱਜ ਮੂੰਹ ਤੋੜ ਦਿੱਤਾ ਜਵਾਬ
ਹੁਣ ਮੁੜ ਆਇਆ ਏ ਪੰਜਾਬ
ਜਾਗ ਪਿਆ ਏ ਪੰਜ-ਆਬ
ਬੋਲ ਪਿਆ ਏ ਪੰਜ-ਆਬ
ਬਣ ਗਿਆ ਪੁਰਾਣਾ ਪੰਜਾਬ
ਜੋਸ਼ ਜਵਾਨੀ ਦਾ
ਢਲਦੇ ਪਾਣੀ ਦੀ ਨਿਮਰਤਾ
ਤੜਕੇ ਉੱਠ ਬਣੀ ਪੜੈਹਨੀ
ਹਰ ਕੰਮ ਵਿਚ ਸਹਿਜ਼ਤਾ
ਸਦੀਆਂ ਪੁਰਾਣੀ ਮਿੱਟੀ
ਫਿਰ ਹਵਾਵਾਂ ਵਿਚ ਘੁਲ ਗਈ
ਫੁੱਟ ਪਿਆ ਵੱਖਰਾ ਗੁਲਾਬ
ਹੁਣ ਮੁੜ ਆਇਆ ਏ ਪੰਜਾਬ

**ਮਨਪਰੀਤ ਕੌਰ**
91-99147-37211



## ਕਵਿਤਾ

ਪੜ ਲਿਖ ਪਰਮ ਗਿਆਨੀ ਬਣ ਜਾ
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ
ਭਰਮ ਦੇ ਪਰਦੇ ਸਾਰੇ ਲਾਹਦੇ
ਸੱਚ ਦੇ ਵਾਂਗ ਲਾਸਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਅੱਖਰਾਂ ਦੇ ਨਾਲ ਸਾਂਝ ਵਧਾ ਲੈ
ਸ਼ਬਦਾਂ ਨੂੰ ਚੁੱਕ ਗਲ਼ ਨਾਲ਼ ਲਾ ਲੈ
ਅਰਥਾਂ ਨੂੰ ਉਂਗਲ ਨਾਲ਼ ਲਾ ਕੇ
ਲਿਖਿਆ ਕਦੇ ਜ਼ਬਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਤਰਕ ਦਲੀਲ ਦਾ ਸਾਥ ਨਾ ਛੱਡੀਂ
ਪਰ ਨਿਮਰਤਾ ਦਿਲੋਂ ਨਾ ਕੱਢੀਂ
ਮਿੱਠੇ ਬੋਲਾਂ ਦੀ ਵੰਡ ਸ਼ੀਰਨੀ
ਕਰਮਸ਼ੀਲ ਮਹਾਂਦਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..
ਸੋਚ ਰੱਖੀਂ ਅਸਮਾਨਾਂ ਵਰਗੀ
ਪਹੁੰਚ ਰੱਖੀਂ ਇਨਸਾਨਾਂ ਵਰਗੀ
ਰੱਖੀਂ ਆਕੜ ਭੁੱਲਰ ਵਰਗੀ
ਬੱਸ ਐਨਾ ਕੁ ਅਭਿਮਾਨੀ ਬਣ ਜਾ..
ਪੜ੍ਹ ਲਿਖ ਪਰਮ ਗਿਆਨੀ ਬਣ ਜਾ
ਬੀਬਾ ਤੂੰ ਵਿਗਿਆਨੀ ਬਣ ਜਾ..

**-ਪਰਮਿੰਦਰ ਭੁੱਲਰ**
91-94630-67430



## ਮੇਰੀ ਨਿੱਕੀ ਜਿਹੀ ਗੱਲ!

ਮਾਤਾ, ਭੈਣ, ਚਾਚੀ ਜਾਂ ਤਾਈ।
ਮਾਮੀ, ਮਾਸੀ ਜਾਂ ਭਰਜਾਈ।
ਭੂਆ, ਸੱਸ, ਦਾਦੀ ਜਾਂ ਸਾਲੀ।
ਨਾਨੀ, ਭਾਬੀ ਜਾਂ ਘਰਵਾਲ਼ੀ।

ਸੀਗੀ ਸਭ ਤੋਂ ਪਹਿਲਾਂ ਕੀ ?
ਧੀ ਸੀ ਭੋਲ਼ੈਉ ਧੀ!
ਸਭ ਤੋਂ ਪਹਿਲਾਂ ਸੀਗੀ ਧੀ।

ਆਹ ਜੋ ਪੁੱਤ, ਭਤੀਜੇ, ਭਾਈ।
ਬਾਪੂ, ਦਾਦੇ, ਸਹੁਰੇ, ਜਵਾਈ।
ਮਾਮੇ, ਮਾਸੜ, ਚਾਚੇ, ਤਾਏ।
ਕੀ ਸਭ ਉਤਰ ਸਮਾਨੋ ਆਏ।

ਜਾਂ ਫਿਰ ਪੈਦਾ ਕੀਤੇ ਕੀਹਨੇ
ਧੀ ਨੇ ਭੋਲ਼ੈਉ ਧੀ ਨੇ।
ਕਿਸੇ ਦੀ ਧੀ ਨੇ ਭੋਲ਼ੈਉ ਧੀ ਨੇ।
ਬੇਸ਼ੱਕ ਗੱਲ ਰਣਬੀਰ ਦੀ ਨਿੱਕੀ।
ਪਰ ਨਾ ਕੱਚੀ ਜਾਂ ਫਿਰ ਫਿੱਕੀ।

ਆਉ ਸਮਝੀਏ ਤੇ ਸਮਝਾਈਏ।
ਧੀ ਤੇ ਪੁੱਤ ਦਾ ਫ਼ਰਕ ਮਿਟਾਈਏ।
ਦੋਵਾਂ ਨੂੰ ਖੁਸ਼ੀ ਨਾਲ਼ ਅਪਣਾਈਏ।
ਬਰਾਬਰ ਮੋਹੀਏ ਲਾਡ ਲਡਾਈਏ।


ਬੇਸ਼ੱਕ ਝਿੜਕੀਏ ਤੇ ਸਮਝਾਈਏ।
ਪਰ ਨਾ ਫ਼ਰਕ ਰੱਤਾ ਨਾ ਪਾਈਏ।
ਪਰ ਨਾ ਫ਼ਰਕ........ ।



**ਰਣਬੀਰ ਕੌਰ ਬੱਲ**
1-151-086-1687

## ਆਪਾਂ ਹੋਣਾ ਨਾ ਕਮਜ਼ੋਰ

ਗੱਲ ਸੁਣਿਓ ਮੇਰੀ ਵੀਰਿਓ,
ਤੁਸੀਂ ਨਾ ਪਾਉਣਾ ਕੋਈ ਸ਼ੋਰ।
ਗੱਲ ਸਿਰ ਥੋਡੇ ਆ ਜਾਵਣੀ,
ਜਿਹੜੀ ਕਰਨੀ ਚਾਹੁੰਦੇ ਚੋਰ।
ਵੇ ਇਹ ਫਿਰਦੇ ਮੌਕਾ ਭਾਲਦੇ,
ਥੋਡੇ ਵਿੱਚ ਰਲੇ ਜੋ ਹੋਰ ,
ਲਾਜ ਰੱਖਿਓ ਮਾਂ ਦੇ ਦੁੱਧ ਦੀ,
ਜ਼ਾਲਮ ਤੇ ਰੱਖਿਓ ਗ਼ੌਰ ।
ਇਹ ਦਿਨ ਵੱਡਾ ਸਾਡਾ ਸਭਦਾ,
ਛੱਬੀ ਜਨਵਰੀ ਦੀ ਲੋਰ ।
ਚੜ ਨਵਾਂ ਹੀ ਸੂਰਜ,ਚੰਨ ਵੇ ,
ਹੋਵੇ ਰੋਸ਼ਨਾਈਆਂ ਦਾ ਜ਼ੋਰ ।
ਕਾਲਾ ਨੈਹੇਰਾ ਏਥੋਂ ਉੱਡ ਜੇ,
ਹੋਵੇ ਚਾਨਣੀਆਂ ਹੱਥ ਡੋਰ ।
ਦਿਓ ਜੁਗਨੂੰਆਂ ਨੂੰ ਹੌਸਲੇ ,
ਆਪਾਂ ਹੋਣਾ ਨਾ ਕਮਜ਼ੋਰ ।
ਆਪਾਂ ਹੋਣਾ ਨਾ ਕਮਜ਼ੋਰ ।



**-ਗੁਰਵੀਰ ਅਤਫ਼**
91-87259-62914

## ਸਦੀਵੀ ਸੱਚ!

ਕਾਮ, ਕਰੋਧ ਤੇ ਲੋਭ ਵੀ ਮੋਹ ਤੇ ਨਾਲ਼ ਹੰਕਾਰ।
ਮਣਾ-ਮੂੰਹੀ ਤੂੰ ਲੱਦਿਆ ਇਹ ਸਭਨਾਂ ਦਾ ਭਾਰ।


ਮੇਰਾ ਮੇਰਾ ਕਰਦਿਆ ਅਸਲ ਜਾਣ ਲੈ ਸੱਚ।
ਗੱਲ ਦੌਲਤ ਹੈ ਦੂਰ ਦੀ ਨਾਲ਼ ਨੀ ਜਾਣਾ ਕੱਚ।

ਉੱਠ ਮਨਾਂ ਚੱਲ ਮਾਰੀਏ ਗੇੜੀ ਇੱਕ ਸ਼ਮਸ਼ਾਨ।
ਅੱਖੀਂ ਡਿੱਠਾ ਤੱਕ ਕੇ ਸੱਚ ਹੋਜੂ ਪੈਰਵਾਨ।

ਉਹ ਜੋ ਦਿੱਸਣ ਢੇਰੀਆਂ! ਉੱਗੇ ਜਿਨੈਹਾਂ ਤੇ ਕੱਖ।
ਉੱਧਰੋਂ ਮੁੜਿਆ ਕੋਈ ਨਾ, ਇੱਧਰੋਂ ਤੁਰ ਗਏ ਲੱਖ।

ਇੰਦਰ ਰੂਪ ਕਹਾਂਵਦੇ, ਬਣ ਜਾਣੇ ਅੰਤ ਖਾਕ।
ਪਰ ਸੜਨੇ ਨਾ ਕਿਸੇ ਤੋਂ ਕੰਮ ਜੋ ਕੀਤੇ ਪਾਕ।

ਵੱਡੀ ਜੋਧਾਂ ਵਾਲ਼ਿਆਂ, ਦੌੜ ਤੇ ਨਾਹੀਂ ਹੋੜ।
ਸ਼ੁਭ ਅਮਲਾਂ ਦਾ ਫਲਸਫ਼ਾ, ਸਮਝਣ ਦੀ ਬੱਸ ਲੋੜ।
ਸਮਝਣ ਦੀ ਬੱਸ ਲੋੜ।



**- ਰੁਪਿੰਦਰ ਜੋਧਾਂ ਜਾਪਾਨ**
91-81801-12225

## ਨਜ਼ਮ

ਤੇਰੇ ਹੱਥੋਂ ਕਿਰਦਾ, ਮੈਂ ਜਾ ਰਿਹਾ ਹਾਂ ਦਿਨ-ਬ-ਦਿਨ,
ਅੱਖਾਂ ਦੇ ਸਾਹਮਣੇ ਹੀ ਧੋਖਾ, ਖਾ ਰਿਹਾ ਹਾਂ ਦਿਨ-ਬ-ਦਿਨ।

ਮਹਿਫਲ ਵਿੱਚ, ਤਨਹਾਈ ਦੇ ਬੜੇ ਹੀ ਰਾਗ ਔਖੇ ਨੇ,
ਹੌਸਲਾ ਰੱਖ ਫਿਰ ਵੀ, ਗਾ ਰਿਹਾ ਹਾਂ ਦਿਨ-ਬ-ਦਿਨ।

ਸੁਪਨੇ ਉਸਾਰੇ ਜੋ ਵੀ, ਮਹਿਲਾਂ ਦੇ ਚਿਣ ਚਿਣ,
ਆਪਣੇ ਹੀ ਹੱਥੀਂ ਹੁਣ, ਢਾਹ ਰਿਹਾ ਹਾਂ ਦਿਨ-ਬ-ਦਿਨ।

ਮੰਨਦਾ ਹਾਂ ਲੋਹਾ, ਬੇਤੋੜ ਤੇਰੇ ਜ਼ਹਿਰ ਦਾ,
ਮਿਕਦਾਰ ਹੁਣ ਇਸਦੀ, ਵਧਾ ਰਿਹਾ ਹਾਂ ਦਿਨ-ਬ-ਦਿਨ।

ਸਮੀਕਰਨ ਕਸੂਤੀ ਇਹ, ਸੰਤੁਲਨ ਗੁਆ ਰਹੀ,
ਮਿਟਾ ਰਿਹਾ ਹਾਂ ਲੀਕਾਂ, ਕਦੇ ਵਾਹ ਰਿਹਾ ਹਾਂ ਦਿਨ-ਬ-ਦਿਨ।

ਹਾਸ਼ੀਏ ਤੇ ਹੋਂਦ ਕਾਰਨ, ਕਿਨਾਰਾ ਹੋ ਜਾਂਦੈ ਲਾਜ਼ਮੀ,
ਬੱਸ ਚੁੱਪ-ਚਾਪ, ਕਦਮ ਖਿਸਕਾ ਰਿਹਾ ਹਾਂ ਦਿਨ-ਬ-ਦਿਨ।

ਬਹੁਤੇ ਲਾਡ ਲਡਾਏ, ਕਦੇ ਆਉਂਦੇ ਨਾ ਰਾਸ ਵੀ,
ਰੁਵਾਏ ਦਾ ਇਲਜ਼ਾਮ ਹੁਣ, ਲਵਾ ਰਿਹਾ ਹਾਂ ਦਿਨ-ਬ-ਦਿਨ।

ਤੇਰੇ ਹੱਥੋਂ ਕਿਰਦਾ, ਮੈਂ ਜਾ ਰਿਹਾ ਹਾਂ ਦਿਨ-ਬ-ਦਿਨ,
ਅੱਖਾਂ ਦੇ ਸਾਮੈਹਣੇ ਹੀ ਧੋਖਾ, ਖਾ ਰਿਹਾ ਹਾਂ ਦਿਨ-ਬ-ਦਿਨ।



**- ਬਲਦੇਵ ਕ੍ਰਿਸ਼ਨ ਸ਼ਰਮਾ**
91-97790-70198

## ਤੱਥਾਂ 'ਚੋਂ ਤੱਥ

ਔਰਤ ਦਾ ਸੁਭਾਅ
ਜੇ ਮਰਦ ਲਵੇ ਅਪਣਾਅ
ਵਿਸ਼ੇਸ਼ ਤੌਰ 'ਤੇ ਹਯਾਅ
ਉਹਨੂੰ ਦੇਵਤਾ ਦਵੇ ਬਣਾ

ਪਰ ਜੇ ਮਰਦ ਦਾ ਸਲੀਕਾ
ਖ਼ਾਸਕਰ ਗੁੱਸੇ ਵਾਲ਼ਾ ਤਰੀਕਾ
ਕੋਈ ਔਰਤ ਲਵੇ ਅਪਣਾਅ
ਫਿਰੋ ਨੇਰੀਆਂ ਦਿੰਦੀ ਐ ਲਿਆ
ਫਿਰ ਨੇਰੀਆਂ ਦਿੰਦੀ ਐ ਲਿਆ



**-ਰਣਬੀਰ ਕੌਰ ਬੱਲ**
+15108616871

## ਅਸਲੀ ਹੀਰੇ

ਸਵੇਰੇ-ਸਵੇਰੇ ਆਪਣੇ ਦਰਾਂ ਮੂਹਰੇ ਖੜ੍ਹਕੇ ਅਖਬਾਰ ਪੜ੍ਹ ਰਹੇ ਨੌਜਵਾਨ ਜਗਤਾਰ ਸਿੰਘ ਨੂੰ ਗਲੀ 'ਚੋਂ ਲੰਘੇ ਜਾ ਰਹੇ ਬਜ਼ੁਰਗ ਨਛੱਤਰ ਸਿਉਂ ਨੇ ਕਿਹਾ,'ਭਤੀਜ, ਸੁਣਾ ਕੋਈ ਅੱਜ ਦੀ ਖਾਸ ਖਬਰ।' 'ਲਓ ਸੁਣ ਲੋ ਚਾਚਾ ਜੀ, ਜੋ ਇੰਗਲੈਂਡ ਵਾਲੇ ਆਪਣਾ ਹੀਰਾ ਲੈ ਗਏ ਸੀ। ਆਪਣੀ ਸਰਕਾਰ ਉਹਨੂੰ ਵਾਪਸ ਲਿਆਉਣ ਦੀ ਤਿਆਰੀ ਕਰ ਰਹੀ ਏ', ਜਗਤਾਰ ਸਿੰਘ ਨੇ ਬਿਨਾ ਅਖਬਾਰ ਵੱਲ੍ਹ ਦੇਖਿਆ ਪਹਿਲਾ ਹੀ ਪੜ੍ਹ ਚੁੱਕੀ ਖਬਰ ਫਟਾਫਟ ਬਜ਼ੁਰਗ ਨਛੱਤਰ ਸਿਉਂ ਨੂੰ ਸੁਣਾ ਦਿੱਤੀ। 'ਭਤੀਜ, ਆਪਣੇ ਅਸਲੀ ਹੀਰੇ ਤਾਂ ਨਸ਼ਿਆਂ ਦੀ ਦਲਦਲ 'ਚ ਧਸਦੇ ਜਾ ਰਹੇ ਨੇ ਸਰਕਾਰ ਨੂੰ ਹੀਰੇ ਦੀ ਪਈ ਆ। ਭਤੀਜ, ਜੇ ਸਰਕਾਰ ਹੀਰਿਆ ਵਰਗੀ ਜਵਾਨੀ ਨੂੰ ਸਾਂਭ ਲਵੇ ਤਾਂ ਇਨ੍ਹਾਂ ਦੀ ਬਦੌਲਤ ਅਜਿਹੇ ਅਨੇਕਾਂ ਕਮਾਏ ਜਾ ਸਕਦੇ ਨੇ। ਜੇ ਇਹ ਹੀਰੇ ਇਸੇ ਤਰ੍ਹਾਂ ਨਸ਼ਿਆਂ ਦੀ ਭੇਟ ਚੜ੍ਹਦੇ ਰਹੇ ਤਾਂ ਮੁੜ ਅਜਿਹੇ ਹੀਰੇ ਪੈਂਦਾ ਕਰਨੇ ਅਸੰਭਵ ਹੋ ਜਾਣਗੇ', ਏਨਾ ਕਹਿ ਬਜ਼ੁਰਗ ਨਛੱਤਰ ਸਿੰਘ ਤੁਰ ਪਿਆ।



**-ਤਸਵਿੰਦਰ ਸਿੰਘ ਬੜੈਚ**
91-98763-22677

## ਨਵਾਂ ਹਾਰ / ਮਿੰਨੀ ਕਹਾਣੀ



ਦਿੱਲੀ ਦੇ ਸਿੰਘੂ ਬਾਰਡਰ ਤੇ ਤਿੰਨ ਖੇਤੀ ਕਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨ ਧਰਨਾ ਦੇ ਰਹੇ ਸਨ। ਇਕ ਨਿੱਜੀ ਟੀ ਵੀ ਦੇ ਚੈਨਲ ਦੀ ਐਂਕਰ ਦੋ, ਤਿੰਨ ਕਿਸਾਨਾਂ ਨਾਲ ਗੱਲਬਾਤ ਕਰਨ ਪਿੱਛੋਂ ਇਕ ਚੌਥੇ ਕਿਸਾਨ, ਜਿਸ ਦੀ ਉਮਰ 50 ਤੋਂ ਵੱਧ ਜਾਪਦੀ ਸੀ, ਕੋਲ ਪਹੁੰਚ ਕੇ ਆਖਣ ਲੱਗੀ, "ਅੰਕਲ ਜੀ, ਕੀ ਤੁ-ਹਾਨੂੰ ਲੱਗਦਾ ਕਿ ਸਰਕਾਰ ਤਿੰਨ ਖੇਤੀ ਕਨੂੰਨ ਰੱਦ ਕਰ ਦੇਵੇਗੀ?"

"ਧੀਏ, ਮੈਂ ਆਪਣਾ ਪਰਿਵਾਰ ਛੱਡ ਕੇ ਸਰਕਾਰ ਵੱਲੋਂ ਲਾਈਆਂ ਰੋਕਾਂ ਨੂੰ ਪਾਰ ਕਰਕੇ ਆਪਣੇ ਸਾਥੀਆਂ ਨਾਲ ਇਸ ਬਾਰਡਰ ਤੇ ਪੁੱਜਾ ਆਂ। ਘਰੋਂ ਤੁਰਨ ਤੋਂ ਪਹਿਲਾਂ ਮੈਂ ਤੇਰੀ ਆਂਟੀ ਨੂੰ ਇਕ ਨਵਾਂ ਹਾਰ ਦੇ ਕੇ ਆਇਆ ਆਂ ਤੇ ਇਹ ਕਹਿ ਕੇ ਆਇਆ ਆਂ ਕਿ ਜੇ ਮੈਂ ਤਿੰਨੇ ਖੇਤੀ ਕਨੂੰਨ ਰੱਦ ਕਰਵਾ ਕੇ ਘਰ ਜੀਂਦਾ ਆ ਗਿਆ, ਤਾਂ ਇਹ ਹਾਰ ਮੇਰੇ ਗਲ 'ਚ ਪਾ ਦੇਵੀਂ ਤੇ ਜੇ ਕਿਤੇ ਮੈਂ ਸ਼ਹੀਦ ਹੋ ਗਿਆ, ਤਾਂ ਇਹ ਹਾਰ ਮੇਰੇ ਫੋਟੋ ਦੇ ਪਾ ਦੇਵੀਂ।"ਚੌਥੇ ਕਿਸਾਨ ਨੇ ਆਖਿਆ।

"ਅੰਕਲ ਜੀ, ਜਿਸ ਧਰਨੇ 'ਚ ਤੁਹਾਡੇ ਵਰਗੇ ਦੈਰਿੜੈਹ ਇਰਾਦੇ ਵਾਲੇ ਆਏ ਹੋਣ, ਉਹ ਧਰਨਾ ਜ਼ਰੂਰ ਜਿੱਤ ਵੱਲ ਵਧੇਗਾ। ਆਂਟੀ ਤੁਹਾਡੇ ਗਲ 'ਚ ਜ਼ਰੂਰ ਹਾਰ ਪਾਏਗੀ।"ਨਿੱਜੀ ਟੀ ਵੀ ਦੇ ਚੈਨਲ ਦੀ ਐਂਕਰ ਦੇ ਮੂੰਹੋਂ ਆਪ ਮੁਹਾਰੇ ਇਹ ਸ਼ਬਦ ਨਿਕਲ ਗਏ।

**-ਮਹਿੰਦਰ ਸਿੰਘ ਮਾਨ**
91-99158-03554

## ਵੰਗਾਰ

ਮੀਤਾ ਕਈ ਸਾਲਾਂ ਤੋਂ ਕਰਜ਼ੇ ਦੇ ਬੋਝ ਨੂੰ ਝੱਲਦਾ ਕੁੱਬਾ ਜਿਹਾ ਹੋ ਗਿਆ ਸੀ। ਪਿਛਲੇ ਸਾਲ ਆਪਣੇ ਪੰਜ ਕਿੱਲਿਆਂ ਤੇ ਬਣਵਾਈ ਬੈਂਕ ਦੀ ਲਿਮਿਟ ਵੀ ਖਰੇਤੀ ਬਾਣੀਏ ਦੇ ਵਿਆਜ ਨੂੰ ਪੂਰ ਨਾ ਸਕੀ। ਬਾਪੂ ਦੀ ਮੌਤ ਨੇ ਜਮਾਂ ਦੋ ਦੀ ਪੜਾਈ ਤਾਂ ਛੁੜਵਾ ਦਿੱਤੀ ਸੀ ਤੇ ਮੀਤੋ ਭੈਣ ਦੇ ਵਿਆਹ ਦੀ ਤਾਰੀਕ ਨੇ ਕਰਜਾ ਚੁੱਕਣ ਲਈ ਵੀ ਮਜਬੂਰ ਕਰ ਦਿੱਤਾ ਸੀ। ਹਰ ਸਾਲ ਘਾਟੇ ਦੀ ਫ਼ਸਲ ਤੇ ਬੀਬੀ ਦੀ ਬਿਮਾਰੀ ਉਸ ਨੂੰ 18 ਕਿਲਿਆਂ ਤੋਂ 5 ਕਿਲੈਹੇ ਦਾ ਮਾਲਕ ਬਣਾ ਦਿੱਤਾ ਸੀ। ਗੜਵੀਂ ਮਿਹਨਤ ਤੇ ਬੀਬੇ ਸੁਭਾਅ ਕਾਰਨ ਮਾਸੀ ਨੇ ਕਈ ਸਾਲ ਪਹਿਲਾ ਵਿਆਹ ਵੀ ਕਰਵਾ ਦਿੱਤਾ ਸੀ। ਉਸਨੇ ਵਿਆਹ ਤੋਂ ਕੁੱਝ ਕੁ ਮਹੀਨਿਆਂ ਬਾਅਦ ਸਿਰ ਤੇ ਪੋਚਵੀਂ ਪੱਗ ਦੀ ਥਾਂ ਹਰ ਵਕ ਢਾਈ ਕੁ ਮੀਟਰ ਦਾ ਪਰਨਾ ਬੰਨੈਹਣਾ ਹੀ ਸ਼ੁਰੂ ਕਰ ਦਿੱਤਾ। ਹਰ ਵਕ ਉਹ ਕਰਜ਼ੇ ਦੀ ਸੋਚ ਵਿਚ ਡੁੱਬਿਆ ਆਪਣੇ ਆਪ ਵਿਚ ਨਿਮੋਝੂਣਾ ਜਿਹਾ ਮਹਿਸੂਸ ਕਰਦਾ। ਕਈ ਵਾਰ ਉਹ ਖਰੇਤੀ ਬਾਣੀਏ ਦੀ ਖ਼ਰੀਆਂ ਖੋਟੀਆਂ ਸੁਣਕੇ ਲੰਬੜਾ ਦੇ ਸੱਜਣ ਵਾਂਙ ਆਤਮ ਹੱਤਿਆ ਲਈ ਵੀ ਸੋਚ ਲੈਂਦਾਂ ਪਰ ਉਹ ਆਪਣੀ ਪਿਆਰੀ ਘਰਵਾਲੀ ਮਾਨ ਕੌਰ ਤੇ ਗੁਰਲੀਨ ਕੌਰ ਪੁੱਤਰੀ ਬਾਰੇ ਸੋਚਕੇ ਵਿਚਾਰ ਤਿਆਗ ਦੇਂਦਾ। ਹੁਣ ਕੱਲ ਜਦੋਂ ਕਿਸਾਨ ਅੰਦੋਲਨ ਦੀ ਚਰਚਾ ਪਿੰਡ ਵਿਚ ਜੋਸ਼ ਨਾਲ ਗੂੰਜਣ ਲੱਗੀ ਤਾਂ ਅੱਜ ਮੀਤੇ ਨੇ ਸਵੇਰੇ ਹੀ ਨਹਾ ਧੋਕੇ ਪੋਚਵੀਂ ਪੱਗ ਬੰਨਕੇ ਦਾੜੀ ਮੁੱਛਾਂ ਨੂੰ ਤੇਲ ਲਾਕੇ ਝੋਲੇ ਵਿੱਚ ਕੱਪੜੇ ਪਾ, ਮਾਨ ਕੌਰ ਨੂੰ ਫਤਿਹ ਬੁਲਾਕੇ ਪਿੰਡ ਤੋਂ ਦਿੱਲੀ ਚੱਲੀ ਟਰਾਲੀ ਤੇ ਛਾਲ ਮਾਰਕੇ ਚੱੜ ਗਿਆ ਹੁਣ ਉਹ ਸੋਚ ਰਿਹਾ ਸੀ ਕਿ ਹੁਣ ਤਾਂ ਸਰਕਾਰ ਦੇ ਕਿਸਾਨ ਮਾਰੂ ਕਾਲੇ ਕਾਨੂੰਨਾਂ ਨੂੰ ਮਾਤ ਪਾਕੇ ਵਾਪਿਸ ਪਰਤੂ ਸਰਦਾਰ ਗੁਰਮੀਤ ਸਿੰਘ ਮੀਤਾ।



## ਸੇਵਾ

ਐਮਰਜੈਂਸੀ ਵਾਰਡ ਦੇ ਬਾਹਰੋਂ ਦਵਾਈਆਂ ਲੈਣ ਗਿਆ ਵੱਡਾ ਭਰਾ ਜਦੋਂ ਦੋ ਘੰਟੇ ਵਾਪਿਸ ਨਾ ਆਇਆ ਤਾਂ ਅਰਧ ਬੇਹੋਸ਼ ਬਜ਼ੁਰਗ ਪਿਓ ਕੋਲ ਖੜੈਹਾ ਸੁਸ਼ੀਲ ਦਾ ਮਨ ਕਾਹਲਾ ਜਿਹਾ ਪੈਣ ਲੱਗਾ। ਕੁੱਝ ਦੇਰ ਬਾਅਦ ਭਰਾ ਨੇ ਆ ਕੇ ਦਵਾਈਆਂ ਨਰਸ ਨੂੰ ਸੋਪੀਆਂ ਤੇ ਇਲਾਜ ਸ਼ੁਰੂ ਹੋ ਗਿਆ। ਡਾਕਟਰ ਨੇ ਹੋਰ ਦੁਆਈਆਂ ਲਿਆਉਣ ਲਈ ਕਿਹਾ ਤੇ ਵੱਡੇ ਭਰਾ ਨੇ ਸ਼ੁਸ਼ੀਲ ਦੇ ਹੱਥ ਪਰਚੀ ਫੜੈਹਾ ਉਸਦੀ ਵਾਰੀ ਦਾ ਅਹਿਸਾਸ ਕਰਵਾਇਆ। ਉਹ ਅਜੇ ਦਰਵਾਜਾ ਟੱਪਿਆ ਹੀ ਸੀ ਕਿ ਵੱਡੇ ਭਰਾ ਨੇ ਕਮੀਜ਼ ਹੇਠਾਂ ਛੁਪਾਏ ਅਸਟਾਮ ਪੇਪਰ ਉਤੇ ਬਜ਼ੁਰਗ ਪਿਤਾ ਦਾ ਅੰਗੂਠਾ ਲਗਵਾ ਲਿਆ। ਦੋ ਘੰਟੇ ਬਾਅਦ ਸ਼ੁਸ਼ੀਲ ਦਵਾਈਆਂ ਲੈ ਕੇ ਮੁੜਿਆ ਤਾਂ ਨਰਸ ਨੇ ਲੇਟ ਹੋਣ ਕਾਰਣ ਝਾੜ ਪਾਈ ਅਤੇ ਇਕ ਪਰਚੀ ਉਸ ਦੇ ਹੱਥ ਹੋਰ ਫੜਾ ਦਿਤੀ ਵੱਡਾ ਭਰਾ ਅਜੇ ਦਰਵਾਜਾ ਟੱਪਿਆ ਹੀ ਸੀ ਕਿ ਸ਼ੁਸ਼ੀਲ ਨੇ ਕਾਹਲੀ ਕਾਹਲੀ ਤਾਜ਼ੇ ਖਰੀਦੇ ਅਸਟਾਮ ਪੇਪਰ ੋਤੇ ਆਪਣੇ ਅਰਧ ਬੇਹੋਸ਼ ਪਿਤਾ ਦਾ ਅੰਗੂਠਾ ਲਗਵਾ ਲਿਆ ਅਤੇ ਕੋਲ ਪਏ ਸਟੂਲ ਤੇ ਇੰਝ ਬੈਠ ਗਿਆ ਕਿ ਚੀਰਾਂ ਦੀ ਮਿਹਨਤ ਤੋਂ ਬਾਅਦ ਬੈਠ ਅਰਾਮ ਫਰਮਾ ਰਿਹਾ ਹੋਵੇ।

**ਡਾ ਗੁਰਵਿੰਦਰ ਅਮਨ (ਰਾਜਪੁਰਾ )**
91-98151 13038



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop